ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 101 | 13 Dec. to 19 Dec., 2023 | Ph.: (510) 240-5949 | Email: asrtimes@gmail.com

# ਹੁਣ ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ’ਚ ਪੜ੍ਹਨਾ ਹੋਇਆ ਮਹਿੰਗਾ

## ਆਈ.ਆਰ.ਸੀ.ਸੀ. ਨੇ ਜੀ.ਆਈ.ਸੀ. ਰਾਸ਼ੀ ਦੁੱਗਣੀ ਕੀਤੀ; ਪਹਿਲੀ ਜਨਵਰੀ .ਫ਼ੈਸਲਾ ਲਾਗੂ ਹੋਵੇਗਾ

- ਰਾਸ਼ੀ 10 ਹਜ਼ਾਰ ਤੋਂ ਵਧਾ ਕੇ 20.635 ਡਾਲਰ ਪ੍ਰਤੀ ਵਿਦਿਆਰਥੀ ਕੀਤੀ
- ਪੰਜਾਬ ਦੇ ਲਗਭਗ 1.25 ਲੱਖ ਵਿਦਿਆਰਥੀਆਂ ’ਤੇ ਪਵੇਗਾ ਅਸਰ



ਨਵੀਂ ਦਿੱਲੀ/ਏ.ਟੀ.ਨਿਊਜ਼ :- ਕੈਨੇਡਾ ਜਾ ਕੇ ਪੜ੍ਹਾਈ ਕਰਨ ਦਾ ਸੁਫ਼ਨਾ ਦੇਖ ਰਹੇ ਵਿਦਿਆਰਥੀਆਂ ਨੂੰ ਕੈਨੇਡਾ ਸਰਕਾਰ ਨੇ ਵੱਡਾ ਝਟਕਾ ਦਿੱਤਾ ਹੈ। ਦਰਅਸਲ, ਕੈਨੇਡਾ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਲਈ ਸਰਕਾਰ ਨੇ ਨਵੇਂ ਨਿਯਮ ਲਾਗੂ ਕਰ ਦਿੱਤੇ ਹਨ ਜਿਸ ਨਾਲ ਇਥੇ ਆਉਣ ਵਾਲੇ ਪੂਰੀ ਦੁਨੀਆ ਦੇ ਵਿਦਿਆਰਥੀ ਪ੍ਰਭਾਵਿਤ ਹੋਣਗੇ। ਸਰਕਾਰ ਦੇ ਨਵੇਂ ਨਿਯਮ ਮੁਤਾਬਕ, ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ ’ਚ ਰਹਿਣ ਅਤੇ ਪੜ੍ਹਾਈ ਕਰਨ ਲਈ ਪਹਿਲਾਂ ਨਾਲੋਂ ਜ਼ਿਆਦਾ ਪੈਸੇ ਖ਼ਰਚਣੇ ਪੈਣਗੇ। ਕੈਨੇਡਾ ਦੇ ਇਮੀਗ੍ਰੇਸ਼ਨ, ਰਫ਼ਿਊਜੀ ਅਤੇ ਸਿਟੀਜ਼ਨਸ਼ਿਪ ਮੰਤਰੀ ਮਾਰਕ ਮਿਲਰ ਨੇ ਇਸ ਬਦਲਾਅ ਦਾ ਐਲਾਨ ਕੀਤਾ ਹੈ। ਇਹ ਨਵਾਂ ਫੈਸਲਾ 1 ਜਨਵਰੀ 2024 ਤੋਂ ਲਾਗੂ ਹੋਵੇਗਾ।

ਦੱਸ ਦੇਈਏ ਕਿ ਕੈਨੇਡਾ ਵਿਚ ਗ੍ਰੰਟਿਡ ਇਨਵੈਸਟਮੈਂਟ ਸਰਟੀਫਿਕੇਟ (793) ਵਧਾ ਦਿੱਤੀ ਗਈ ਹੈ। ਦਰਅਸਲ ਪਹਿਲਾਂ ਕੈਨੇਡਾ ’ਚ ਸਟੂਡੈਂਟ ਵੀਜ਼ਾ ਅਪਲਾਈ ਕਰਨ ਵਾਲਿਆਂ ਨੂੰ 793 ਲਈ 10,000 ਡਾਲਰ ਪੇਅ ਕਰਨੇ ਪੈਂਦੇ ਸਨ। ਨਵੇਂ ਨਿਯਮਾਂ ਮੁਤਾਬਕ ਹੁਣ 20,635 ਡਾਲਰ ਪੇਅ ਕਰਨੇ ਪੈਣਗੇ।

ਇਸ ਨਵੇਂ ਫੈਸਲੇ ਦਾ ਪੰਜਾਬੀਆਂ ਸਮੇਤ ਦੁਨੀਆ ਭਰ ਦੇ ਵਿਦਿਆਰਥੀਆਂ ’ਤੇ ਪ੍ਰਭਾਵ ਪਵੇਗਾ ਕਿਉਂਕਿ ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉੱਥੇ ਰਹਿਣ ਅਤੇ ਪੜ੍ਹਾਈ ਕਰਨ ਲਈ ਪਹਿਲਾਂ ਨਾਲੋਂ ਜ਼ਿਆਦਾ ਪੈਸਾ ਖ਼ਰਚ ਕਰਨਾ ਪਵੇਗਾ। ਇਸ ਦੇ ਨਾਲ ਹੀ ਮਜ਼ਬੂਤ ਵਿੱਤੀ ਪਿਛੋਕੜ ਵੀ ਦਿਖਾਉਣਾ ਹੋਵੇਗਾ।

ਕੈਨੇਡਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ 1 ਜਨਵਰੀ, 2024 ਨੂੰ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਿੱਤੀ ਜੀਵਨ ਲੋੜਾਂ ਨੂੰ ਦੁੱਗਣਾ ਕਰੇਗੀ। ਹੁਣ ਨਵੇਂ ਬਦਲਾਅ ਤਹਿਤ ਵਿਦਿਆਰਥੀਆਂ ਨੂੰ ਰਹਿਣ-ਸਹਿਣ ਤੇ ਪੜ੍ਹਾਈ ਦੇ ਕੁੱਲ ਖਰਚੇ ਦਾ ਅੱਧਾ ਹਿੱਸਾ ਕਾਗ਼ਜ਼ ’ਤੇ ਸਾਬਤ ਕਰਨਾ ਹੋਵੇਗਾ। ਉਦਾਹਰਣ ਲਈ ਪਹਿਲਾਂ ਜਿੱਥੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਸਾਲਾਨਾ 10,200 ਡਾਲਰ ਦਾ ਪ੍ਰਬੰਧ ਕਰਨਾ ਪੈਂਦਾ ਸੀ ਪਰ ਨਵੇਂ ਨਿਯਮਾਂ ਮੁਤਾਬਕ ਹੁਣ ਵਿਦਿਆਰਥੀਆਂ ਨੂੰ ਸਾਲਾਨਾ 15,000 ਡਾਲਰ ਦਾ ਇੰਤਜ਼ਾਮ ਕਰਨਾ ਹੋਵੇਗਾ। ਕੈਨੇਡਾ ਸਰਕਾਰ ਦਾ ਕਹਿਣਾ ਹੈ ਕਿ ਵਿਦਿਆਰਥੀ ਨੂੰ ਇਹ ਦਿਖਾਉਣਾ ਹੋਵੇਗਾ ਕਿ ਟਿਊਸ਼ਨ ਤੇ ਯਾਤਰਾ ਦੇ ਖ਼ਰਚਿਆਂ ਤੋਂ ਇਲਾਵਾ ਉਨ੍ਹਾਂ ਕੋਲ 20,635 ਕੈਨੇਡੀਅਨ ਡਾਲਰ (ਕਰੀਬ 15,181 ਅਮਰੀਕੀ ਡਾਲਰ) ਹਨ, ਜੋ ਕਿ ਲਗਭਗ 12 ਲੱਖ 66 ਹਜ਼ਾਰ ਭਾਰਤੀ ਕਰੰਸੀ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਆਖ਼ਰ ਜਦੋਂ ਵਿਦੇਸ਼ੀ ਵਿਦਿਆਰਥੀ ਵੱਡੇ ਪੱਧਰ ’ਤੇ ਕੈਨੇਡਾ ਵੱਲ ਵਹੀਰਾਂ ਘੱਤ ਰਹੇ ਅਤੇ ਆਰਥਿਕਤਾ ਵਿੱਚ ਵੱਡਾ ਰੋਲ ਅਦਾ ਕਰ ਰਹੇ ਹਨ ਤਾਂ ਕੈਨੇਡਾ ਨੂੰ ਅਜਿਹਾ ਸਖ਼ਤ ਫ਼ੈਸਲਾ ਕਿਉਂ ਲੈਣਾ ਪਿਆ। ਦਰਅਸਲ ਕੈਨੇਡਾ ਤੋਂ ਆਏ ਦਿਨ ਵਿਦਿਆਰਥੀਆਂ ਦੀ ਮਾੜੀ ਆਰਥਿਕ ਸਥਿਤੀ ਸਬੰਧੀ ਕੋਈ ਨਾ ਕੋਈ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿੱਚ ਸੜਕਾਂ ’ਤੇ ਸੁੱਤੇ ਅਤੇ ਚੈਰਿਟੀ ਘਰਾਂ ’ਚੋਂ ਖਾਣਾ ਖਾਧੇ ਵੇਖੇ ਜਾ ਸਕਦੇ ਹਨ। ਪਿਛਲੇ ਕੁਝ ਸਮੇਂ ਤੋਂ ਕੈਨੇਡਾ ਵਿੱਚ ਰਿਹਾਇਸ਼ ਦਾ ਵੱਡਾ ਸੰਕਟ ਉੱਭਰਿਆ ਹੈ ਜਿਸ ਕਾਰਨ ਵਿਦਿਆਰਥੀਆਂ ਨੂੰ ਰਹਿਣ ਲਈ ਕਿਰਾਏ ’ਤੇ ਘਰ ਨਹੀਂ ਮਿਲ ਰਹੇ ਜਾਂ ਕਹਿ ਲਓ ਕਿ ਵਿਦਿਆਰਥੀਆਂ ਦੀ ਕਮਾਈ ਘੱਟ ਹੈ ਤੇ ਉਨ੍ਹਾਂ ਲਈ ਪੜ੍ਹਾਈ, ਰਿਹਾਇਸ਼ ਅਤੇ ਹੋਰ ਮੁੱਢਲੀਆਂ ਲੋੜਾਂ ਪੂਰੀਆਂ ਕਰਨਾ ਵੱਡਾ ਚੈਲੰਜ ਬਣਿਆ ਹੋਇਆ ਹੈ। ਇਸੇ ਦੇ ਚੱਲਦਿਆਂ ਵਿਦਿਆਰਥੀ ਤਣਾਅ ਦਾ ਸ਼ਿਕਾਰ ਹੋ ਰਹੇ ਹਨ ਤੇ ਮੌਤ ਦੇ ਮੂੰਹ ’ਚ ਜਾ ਰਹੇ ਹਨ। ਤਾਜ਼ਾ ਜਾਣਕਾਰੀ ਮੁਤਾਬਕ ਪਿਛਲੇ 5 ਸਾਲਾਂ ਵਿੱਚ 90 ਤੋਂ ਵਧੇਰੇ ਭਾਰਤੀ ਕੈਨੇਡਾ ਵਿੱਚ ਦਮ ਤੋੜ ਚੁੱਕੇ ਹਨ ਜਿਨ੍ਹਾਂ ਵਿੱਚ ਵਿਦਿਆਰਥੀਆਂ ਦੀ ਵਧੇਰੇ ਗਿਣਤੀ ਹੈ। ਮਾਹਿਰਾਂ ਦੀ ਮੰਨੀਏ ਤਾਂ ਕੈਨੇਡਾ ਨੇ ਨਵੇਂ ਨਿਯਮਾਂ ਨਾਲ ਜਿੱਥੇ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦੀ ਕੋਸ਼ਿਸ਼ ਕੀਤੀ ਹੈ ਉਥੇ ਹੀ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਨੂੰ ਰਿਹਾਇਸ਼ ਤੇ ਹੋਰ ਲੋੜਾਂ ਦੀ ਪੂਰਤੀ ਲਈ ਪੈਸੇ ਦੀ ਉਪਲੱਬਤਾ ਯਕੀਨੀ ਬਣਾਈ ਹੈ।

### ਵਿਦਿਆਰਥੀਆਂ ਵੱਲੋਂ ਕੈਨੇਡਾ ਸਰਕਾਰ ਦੇ .ਫ਼ੈਸਲੇ ਦਾ ਵਿਰੋਧ

ਨਵੀਂ ਦਿੱਲੀ/ਏ.ਟੀ.ਨਿਊਜ਼ :- ਜੀ.ਆਈ.ਸੀ. ਰਾਸ਼ੀ ਵਧਾਉਣ ਸਬੰਧੀ ਕੈਨੇਡਾ ਸਰਕਾਰ ਦੇ ਫੈਸਲੇ ਨਾਲ ਪੰਜਾਬ ਤੋਂ ਕੈਨੇਡਾ ਜਾਣ ਦੇ ਇੱਛੁਕ ਵਿਦਿਆਰਥੀਆਂ ਸਣੇ ਇਮੀਗ੍ਰੇਸ਼ਨ ਕਿੱਤੇ ਨਾਲ ਜੁੜੇ ਲੋਕਾਂ ਨੂੰ ਵਿੱਤੀ ਝਟਕਾ ਲੱਗਾ ਹੈ। ਪਹਿਲਾਂ ਹੀ ਪਿਛਲੇ ਸਾਲਾਂ ਦੇ ਮੁਕਾਬਲੇ ਐਤਕੀਂ 40 ਫ਼ੀਸਦੀ ਘੱਟ ਵਿਦਿਆਰਥੀ ਭਾਰਤ ਤੋਂ ਕੈਨੇਡਾ ਗਏ ਹਨ। ਇਸ ਕਰਕੇ ਇਮੀਗ੍ਰੇਸ਼ਨ ਅਤੇ ਆਇਲੈਟਸ ਸੈਂਟਰ ਚਲਾਉਣ ਵਾਲਿਆਂ ਨੂੰ ਪਹਿਲਾਂ ਦੇ ਮੁਕਾਬਲੇ ਘੱਟ ਆਮਦਨ ਹੋਈ ਹੈ। ਹੁਣ ਜੀ.ਆਈ.ਸੀ. ਦੁੱਗਣੀ ਹੋਣ ਕਰਕੇ ਇਨ੍ਹਾਂ ਦੇ ਕੰਮਕਾਜ ’ਤੇ ਮਾੜਾ ਅਸਰ ਪੈਣ ਦੇ ਆਸਾਰ ਹਨ। ਉਧਰ, ਕੈਨੇਡਾ ਗਏ ਕੌਮਾਂਤਰੀ ਵਿਦਿਆਰਥੀਆਂ ਨੇ ਵੀ ਇਸ ਦਾ ਵਿਰੋਧ ਕੀਤਾ ਹੈ।

### ਵਿਦਿਆਰਥੀਆਂ ਦੀ ਸਹੂਲਤ ਲਈ ਲਿਆ ਗਿਆ .ਫ਼ੈਸਲਾ



ਇਸ ਫ਼ੈਸਲੇ ਨੂੰ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਫਲਤਾ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਇੱਕ ਪ੍ਰੋਜੈਕਟ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅੱਜ ਇੱਥੇ ਰਹਿਣ ਦੀ ਅਸਲ ਕੀਮਤ ਨੂੰ ਸਮਝਣ ਵਿੱਚ ਮਦਦ ਕਰਨ ਲਈ ਰਹਿਣ-ਸਹਿਣ ਦੀਆਂ ਰੇਂਜਾਂ ਦੀ ਲਾਗਤ ਵਿੱਚ ਸੋਧ ਕਰ ਰਹੇ ਹਾਂ।

**-ਮਾਰਕ ਮਿਲਰ, ਇਮੀਗ੍ਰੇਸ਼ਨ, ਰਫ਼ਿਊਜੀ ਅਤੇ ਸਿਟੀਜ਼ਨਸ਼ਿਪ ਮੰਤਰੀ, ਕੈਨੇਡਾ**

# ਧਾਰਾ 370 ਰੱਦ ਕਰਨ ਦੇ .ਫ਼ੈਸਲੇ ’ਤੇ ਸੁਪਰੀਮ ਕੋਰਟ ਵੱਲੋਂ ਮੋਹਰ

## ਸੰਵਿਧਾਨਿਕ ਬੈਂਚ ਨੇ ਮੋਦੀ ਸਰਕਾਰ ਵੱਲੋਂ ਲਏ .ਫ਼ੈਸਲੇ ਨੂੰ ਰੱਖਿਆ ਬਰਕਰਾਰ

## ਕਸ਼ਮੀਰ ਸਮੱਸਿਆ ਦਾ ਕੱਢਿਆ ਜਾਵੇ ਸਰਬ ਪ੍ਰਵਾਨਿਤ ਹੱਲ

ਨਵੀਂ ਦਿੱਲੀ/ਏ.ਟੀ.ਨਿਊਜ਼ :- ਕਸ਼ਮੀਰ ਨੂੰ ਇਸ ਦੀ ਕੁਦਰਤੀ ਸੁੰਦਰਤਾ ਕਾਰਨ ‘ਧਰਤੀ ਦੀ ਜੰਨਤ’ ਕਿਹਾ ਜਾਂਦਾ ਹੈ, ਪਰ ਜਿਸ ਧਰਤੀ ’ਤੇ ਹਰ ਦਿਨ ਨਿਰਦੋਸ਼ ਲੋਕਾਂ ਦਾ ਲਹੂ ਡੁੱਲਦਾ ਹੋਵੇ ਤਾਂ ਉਸ ਧਰਤੀ ਨੂੰ ‘ਜੰਨਤ’ ਦੀ ਥਾਂ ‘ਕਬਰਸਤਾਨ’ ਕਹਿਣਾ ਵਧੇਰੇ ਢੁੱਕਦਾ ਹੈ।

ਕਸ਼ਮੀਰ ਵਿੱਚ ਮਾੜੇ ਹਾਲਾਤਾਂ ਕਾਰਨ ਚਾਹੇ ਕਸ਼ਮੀਰੀ ਵੱਖਵਾਦੀ ਮਾਰੇ ਜਾਣ ਜਾਂ ਭਾਰਤੀ ਸੁਰੱਖਿਆ ਦਸਤਿਆਂ ਦੇ ਜਵਾਨ ਸ਼ਹੀਦ ਹੋਣ, ਪਰ ਅਸਲ ਵਿੱਚ ਮਾਰੇ ਜਾ ਰਹੇ ਤਾਂ ਮਾਵਾਂ ਦੇ ਪੁੱਤਰ ਹੀ ਹਨ। ਇਸ ਤਰਾਂ ਇਹ ਕਸ਼ਮੀਰ ਸਮੱਸਿਆ ਹੁਣ ਤੱਕ ਸੈਂਕੜੇ ਮਾਵਾਂ ਦੀਆਂ ਗੋਦੀਆਂ ਸੁੰਨੀਆਂ ਕਰ ਚੁੱਕੀ ਹੈ। ਇਸ ਸਮੇਂ ਕਸ਼ਮੀਰ ਮਸਲਾ ਇੱਕ ਵਾਰ ਮੁੜ ਸੁਰਖ਼ੀਆਂ ਵਿੱਚ ਹੈ, ਇਸ ਦਾ ਕਾਰਨ ਇਹ ਹੈ ਕਿ ਬੀਤੇ ਦਿਨੀਂ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 370 ਰੱਦ ਕਰਨ ਦੇ ਫੈਸਲੇ ਨੂੰ ਸਰਬ ਸੰਮਤੀ ਨਾਲ ਬਰਕਰਾਰ ਰੱਖਿਆ ਹੈ। ਇਸ ਧਾਰਾ ਤਹਿਤ ਸਾਬਕਾ ਰਾਜ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਤੇ ਤਾਕਤਾਂ ਹਾਸਲ ਸਨ। ਇਹੀ ਨਹੀਂ ਸੰਵਿਧਾਨਕ ਬੈਂਚ ਨੇ ਕੇਂਦਰ ਸਰਕਾਰ ਨੂੰ ‘ਜਿੰਨਾ ਛੇਤੀ ਹੋ ਸਕੇ’ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਰਾਜ ਦੇ ਰੁਤਬੇ ਨੂੰ ਬਹਾਲ ਕਰਨ ਦੇ ਹੁਕਮ ਵੀ ਦਿੱਤੇ ਹਨ। ਸਰਵ ਉੱਚ ਅਦਾਲਤ ਨੇ ਅਸੈਂਬਲੀ ਚੋਣਾਂ ਕਰਵਾਉਣ ਲਈ 30 ਸਤੰਬਰ 2024 ਤੱਕ ਦੀ ਸਮਾਂ ਸੀਮਾ ਨਿਰਧਾਰਿਤ ਕੀਤੀ ਹੈ। ਜ਼ਿਕਰਯੋਗ ਹੈ ਕਿ 1947 ਵਿੱਚ ਜੰਮੂ ਕਸ਼ਮੀਰ ਨੂੰ ਭਾਰਤ ਵਿੱਚ ਸ਼ਾਮਲ ਕੀਤੇ ਜਾਣ ਮੌਕੇ ਰਾਜ ਨੂੰ ਧਾਰਾ 370 ਤਹਿਤ ਵਿਸ਼ੇਸ਼ ਦਰਜਾ ਤੇ ਤਾਕਤਾਂ ਦਿੱਤੀਆਂ ਗਈਆਂ ਸਨ। ਕੇਂਦਰ ਸਰਕਾਰ ਨੇ 5 ਅਗਸਤ 2019 ਨੂੰ ਧਾਰਾ 370 ਮਨਸੂਖ ਕਰਦੇ ਹੋਏ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ ਸੀ।ਜਦੋਂ ਤੋਂ ਕਸ਼ਮੀਰ ਵਿੱਚ ਧਾਰਾ 370 ਰੱਦ ਕੀਤੀ ਗਈ ਸੀ, ਉਦੋਂ ਤੋਂ ਹੀ ਇਸ ਸਬੰਧੀ ਵਿਵਾਦ ਚੱਲ ਰਿਹਾ ਸੀ। ਇਸ ਵਿਵਾਦ ਕਾਰਨ ਹੀ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਿਆ ਅਤੇ ਹੁਣ ਸੁਪਰੀਮ ਕੋਰਟ ਨੇ ਵੀ ਮੋਦੀ ਸਰਕਾਰ ਵੱਲੋਂ ਧਾਰਾ 370 ਨੂੰ ਰੱਦ ਕਰਨ ਦੇ ਫੈਸਲੇ ’ਤੇ ਆਪਣੀ ਮੋਹਰ ਲਗਾ ਦਿੱਤੀ ਹੈ।




5 ਅਗਸਤ, 2019 ਨੂੰ ਜੰਮੂ-ਕਸ਼ਮੀਰ ਰਾਜ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡਿਆ ਗਿਆ ਸੀ ਅਤੇ ਧਾਰਾ 370 ਨੂੰ ਖਤਮ ਕਰ ਦਿੱਤਾ ਗਿਆ ਸੀ, ਉਦੋਂ ਤੋਂ ਚੋਣਾਂ ਨਹੀਂ ਹੋਈਆਂ ਹਨ। ਸੂਬੇ ਵਿੱਚ ਪਿਛਲੀਆਂ ਵਿਧਾਨ ਸਭਾ ਚੋਣਾਂ 2014 ਵਿੱਚ ਹੋਈਆਂ ਸਨ। ਇਹ ਸਰਕਾਰ ਜੂਨ 2018 ਵਿੱਚ ਤਤਕਾਲੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਦੇ ਅਸਤੀਫ਼ੇ ਤੋਂ ਬਾਅਦ ਡਿੱਗ ਗਈ ਸੀ ਅਤੇ ਉੱਥੇ ਰਾਸ਼ਟਰਪਤੀ ਸ਼ਾਸਨ ਲਗਾਇਆ ਗਿਆ ਸੀ। ਇਸ ਤੋਂ ਬਾਅਦ ਕੇਂਦਰ ਸਰਕਾਰ ਨੇ ਧਾਰਾ 370 ਹਟਾ ਦਿੱਤੀ।ਹੁਣ ਸਰਵ ਉੱਚ ਅਦਾਲਤ ਨੇ ਕਸ਼ਮੀਰ ਵਿੱਚ ਅਸੈਂਬਲੀ ਚੋਣਾਂ ਕਰਵਾਉਣ ਲਈ 30 ਸਤੰਬਰ 2024 ਤੱਕ ਦੀ ਸਮਾਂ ਸੀਮਾ ਨਿਰਧਾਰਿਤ ਕੀਤੀ ਹੈ ਪਰ ਇਹਨਾਂ ਚੋਣਾਂ ਸਬੰਧੀ ਚਰਚਾ ਕਾਫ਼ੀ ਸਮੇਂ ਤੋਂ ਚੱਲ ਰਹੀ ਹੈ। ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਰਾਜੀਵ ਕੁਮਾਰ ਨੇ ਅਕਤੂਬਰ ਵਿੱਚ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਸਮੇਤ ਪੰਜ ਰਾਜਾਂ ਵਿੱਚ ਚੋਣਾਂ ਦਾ ਐਲਾਨ ਕਰਦੇ ਹੋਏ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਵਿੱਚ ਵੀ ਚੋਣਾਂ ਕਰਵਾਉਣ ਦਾ ਬਿਆਨ ਦਿੱਤਾ ਸੀ।

# ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਘੱਟ-ਹੁਨਰਮੰਦ ਕਾਮਿਆਂ ਲਈ ਵੀਜ਼ਾ ਨਿਯਮਾਂ ਨੂੰ ਸਖ਼ਤ ਕਰੇਗਾ ਆਸਟ੍ਰੇਲੀਆ

ਸਿਡਨੀ/ਏ.ਟੀ.ਨਿਊਜ਼ : ਆਸਟ੍ਰੇਲੀਆ ਜਾਣ ਦੇ ਚਾਹਵਾਨਾਂ ਲਈ ਅਹਿਮ ਖ਼ਬਰ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਹੈ ਕਿ ਸਰਕਾਰ ਇਮੀਗ੍ਰੇਸ਼ਨ ਨੂੰ ਘਟਾਉਣ ਲਈ ਅਗਲੇ ਹਫਤੇ ਇੱਕ ਯੋਜਨਾ ਦੀ ਰੂਪਰੇਖਾ ਤਿਆਰ ਕਰੇਗੀ। ਉਹਨਾਂ ਨੇ ਸਿਡਨੀ ਵਿੱਚ ਪੱਤਰਕਾਰਾਂ ਨੂੰ ਦੱਸਿਆ "ਅਸੀਂ ਜਿਸ ਨਵੀਂ ਰਣਨੀਤੀ ਦਾ ਐਲਾਨ ਕਰਾਂਗੇ, ਉਹ ਇਮੀਗ੍ਰੇਸ਼ਨ ਨੂੰ ਸਥਾਈ ਪੱਧਰ 'ਤੇ ਵਾਪਸ ਲਿਆਏਗੀ।" ਪ੍ਰਧਾਨ ਮੰਤਰੀ ਅਲ਼ਬਾਨੀਜ਼ ਨੇ ਕਿਹਾ ਕਿ ਸਾਨੂੰ ਇੱਕ ਇਮੀਗ੍ਰੇਸ਼ਨ ਪ੍ਰਣਾਲੀ ਦੀ ਲੋੜ ਹੈ ਜੋ ਆਸਟ੍ਰੇਲੀਆ ਨੂੰ ਲੋੜੀਂਦੇ ਹੁਨਰਾਂ ਨੂੰ ਪ੍ਰਾਪਤ ਕਰਨ ਦੇ ਯੋਗ ਬਣਾਉਂਦੀ ਹੈ, ਪਰ ਨਾਲ ਹੀ ਪ੍ਰਣਾਲੀ ਇਹ ਵੀ ਯਕੀਨੀ ਬਣਾਏ ਕਿ ਸਿਸਟਮ ਸਾਰੇ ਆਸਟ੍ਰੇਲੀਆਈਆਂ ਦੇ ਹਿੱਤਾਂ ਵਿੱਚ ਕੰਮ ਕਰ ਰਿਹਾ ਹੈ।



ਅਲ਼ਬਾਨੀਜ਼ ਨੇ ਕਿਹਾ ਕਿ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਘੱਟ-ਹੁਨਰਮੰਦ ਕਾਮਿਆਂ ਲਈ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਦੇਵੇਗਾ, ਜੋ ਅਗਲੇ ਦੋ ਸਾਲਾਂ ਵਿੱਚ ਇਸ ਦੀ ਪ੍ਰਵਾਸੀ ਦਾਖ਼ਲੇ ਨੂੰ ਅੱਧਾ ਕਰ ਸਕਦਾ ਹੈ, ਕਿਉਂਕਿ ਸਰਕਾਰ ਉਸ ਨੂੰ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ ਜੋ ਉਸਨੇ ਕਿਹਾ ਸੀ ਕਿ ਉਹ ਆਪਣੀ ਬੇਹਾਲ ਸਥਿਤੀ ਨੂੰ ਸੁਧਾਰਨਾ ਚਾਹੁੰਦੀ ਹੈ। ਨਵੀਂਆਂ ਨੀਤੀਆਂ ਦੇ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅੰਗਰੇਜ਼ੀ ਟੈਸਟਾਂ ਵਿੱਚ ਉੱਚ ਦਰਜਾਬੰਦੀ ਪ੍ਰਾਪਤ ਕਰਨ ਦੀ ਲੋੜ ਹੋਵੇਗੀ ਅਤੇ ਇੱਕ ਵਿਦਿਆਰਥੀ ਦੀ ਦੂਜੀ ਵੀਜ਼ਾ ਅਰਜ਼ੀ 'ਤੇ ਵਧੇਰੇ ਜਾਂਚ ਹੋਵੇਗੀ, ਜਿਸ ਕਾਰਨ ਉਨ੍ਹਾਂ ਦਾ ਵੀਜ਼ਾ ਆਉਣ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਇਹ ਫ਼ੈਸਲਾ 2022-23 ਵਿੱਚ ਨੈੱਟ ਇਮੀਗ੍ਰੇਸ਼ਨ ਦੇ ਰਿਕਾਰਡ 510,000 ਤੱਕ ਪਹੁੰਚਣ ਦੀ ਸੰਭਾਵਨਾ ਤੋਂ ਬਾਅਦ ਆਇਆ ਹੈ। ਇਹ 2024-25 ਅਤੇ 2025-26 ਵਿੱਚ ਲਗਭਗ ਇੱਕ ਚੌਥਾਈ ਮਿਲੀਅਨ ਤੱਕ ਡਿੱਗਣ ਦਾ ਅਨੁਮਾਨ ਹੈ, ਲਗਭਗ ਪ੍ਰੀ-ਕੋਵਿਡ ਪੱਧਰਾਂ ਅਨੁਸਾਰ ਅਧਿਕਾਰਤ ਅੰਕੜਿਆਂ ਨੇ ਦਿਖਾਇਆ ਹੈ। ਗ੍ਰਹਿ ਮਾਮਲਿਆਂ ਦੇ ਮੰਤਰੀ ਕਲੇਰ ਓ ਨੀਲ ਨੇ ਕਿਹਾ ਕਿ 2022-23 ਵਿੱਚ ਕੁੱਲ ਵਿਦੇਸ਼ੀ ਪ੍ਰਵਾਸ ਵਿੱਚ ਵਾਧਾ ਜ਼ਿਆਦਾਤਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਆਰਾ ਚਲਾਇਆ ਗਿਆ ਸੀ।

ਆਸਟ੍ਰੇਲੀਆ ਦੀ ਵਧਦੀ ਆਬਾਦੀ ਨੇ ਰਿਹਾਇਸ਼ ਤੋਂ ਲੈ ਕੇ ਆਵਾਜਾਈ ਅਤੇ ਖਾਣ-ਪੀਣ ਤੱਕ ਹਰ ਚੀਜ਼ ਦੀ ਮੰਗ ਨੂੰ ਵਧਾ ਦਿੱਤਾ ਹੈ, ਜਿਸ ਨਾਲ ਮਹਿੰਗਾਈ ਦਾ ਦਬਾਅ ਵੱਧ ਗਿਆ ਹੈ ਪਰ ਆਰਥਿਕਤਾ ਨੂੰ ਮੰਦੀ ਤੋਂ ਬਚਣ ਵਿੱਚ ਵੀ ਮਦਦ ਮਿਲੀ ਹੈ। ਕੇਂਦਰੀ ਬੈਂਕ ਨੇ ਇਸ ਸਾਲ ਦੀ ਤੀਜੀ ਤਿਮਾਹੀ ਵਿੱਚ ਕੋਵਿਡ ਤੋਂ ਬਾਅਦ ਦੇ ਇਮੀਗ੍ਰੇਸ਼ਨ ਵਿੱਚ ਵਾਧੇ ਤੋਂ ਬਾਅਦ ਆਬਾਦੀ ਦੇ ਵਾਧੇ ਦਾ ਅਨੁਮਾਨ ਲਗਾਇਆ ਹੈ, ਜੋ ਕਿ 2.5% ਦੇ ਸਿਖਰ 'ਤੇ ਪਹੁੰਚ ਗਿਆ ਹੈ। ਅਲਬਾਨੀਜ਼ ਨੇ ਖਾਸ ਟੀਚੇ ਸਬੰਧੀ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ।

ਅਲਬਾਨੀਜ਼ ਨੇ ਕਿਹਾ ਕਿ ਇਮੀਗ੍ਰੇਸ਼ਨ ਪ੍ਰਣਾਲੀ ਦੀ ਸਮੀਖਿਆ ਦਰਸਾਉਂਦੀ ਹੈ ਕਿ ਇਸ ਵਿੱਚ ਬਹੁਤ ਸਾਰੀਆਂ ਕਮੀਆਂ ਸਨ। ਅਕਤੂਬਰ ਵਿੱਚ ਸਰਕਾਰ ਨੇ ਕਿਹਾ ਕਿ ਉਹ ਧੋਖਾਧੜੀ ਅਤੇ ਸ਼ੋਸ਼ਣ, ਖਾਸ ਤੌਰ 'ਤੇ ਵਿਦਿਆਰਥੀ ਵੀਜ਼ਾ ਦੀ ਦੁਰਵਰਤੋਂ ਨਾਲ ਨਜਿੱਠਣਾ ਚਾਹੁੰਦੀ ਹੈ। ਇਹ ਲੰਬੇ ਸਮੇਂ ਤੋਂ ਵੀਜ਼ਾ ਪ੍ਰੋਸੈਸਿੰਗ ਦੇਰੀ ਨੂੰ ਘਟਾਉਣ ਲਈ ਵੀ ਯਤਨ ਕਰ ਰਹੀ ਹੈ। ਅਲਬਾਨੀਜ਼ ਨੇ ਦੁਹਰਾਇਆ ਕਿ ਉਸ ਦੀ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਕਾਰੋਬਾਰਾਂ ਨੂੰ ਲੋੜੀਂਦੇ ਹੁਨਰਾਂ ਤੱਕ ਪਹੁੰਚ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਤਰਜੀਹੀ ਤਰੀਕਾ ਪਹਿਲਾਂ ਆਸਟ੍ਰੇਲੀਆਈ ਲੋਕਾਂ ਨੂੰ ਸਿਖਲਾਈ ਦੇਣਾ ਸੀ ਅਤੇ ਫਿਰ ਵਿਦੇਸ਼ੀ ਕਰਮਚਾਰੀਆਂ ਨੂੰ ਸੱਦਾ ਦੇਣਾ ਸੀ। ਉਸ ਨੇ ਅੱਗੇ ਕਿਹਾ ਕਿ ਆਸਟ੍ਰੇਲੀਆ ਲਈ ਅਸਥਾਈ ਵੀਜ਼ੇ ਵਾਲੇ ਪ੍ਰਵਾਸੀਆਂ ਨੂੰ ਰੱਖਣ ਦੀ ਵਕਾਲਤ ਕਰਨਾ ਕੋਈ ਅਰਥ ਨਹੀਂ ਹੈ।

# ਕੈਨੇਡਾ ਤੋਂ ਪ੍ਰਵਾਸੀਆਂ ਦਾ ਮੋਹ ਹੋ ਰਿਹੈ ਭੰਗ

## 2023 ਦੇ ਪਹਿਲੇ ਛੇ ਮਹੀਨਿਆਂ ਵਿੱਚ ਲਗਭਗ 42,000 ਲੋਕਾਂ ਨੇ ਕੈਨੇਡਾ ਛੱਡਿਆ

ਸਰੀ/ਏ.ਟੀ.ਨਿਊਜ਼ : ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਆਪਣੀਆਂ ਨੀਤੀਆਂ ਕਾਰਨ ਚਿੰਤਾਜਨਕ ਹਾਲਾਤ ਪੈਦਾ ਕਰ ਲਏ ਹਨ। ਟਰੂਡੋ ਸਰਕਾਰ ਦੀਆਂ ਨੀਤੀਆਂ ਕਾਰਨ ਇੰਝ ਲੱਗਦਾ ਹੈ ਕਿ ਕੈਨੇਡਾ ਨੇ ਹੁਨਰਮੰਦ ਕਾਮਿਆਂ ਨੂੰ ਆਕਰਸ਼ਿਤ ਕਰਨ ਵਿੱਚ ਆਪਣਾ ਆਕਰਸ਼ਣ ਗੁਆ ਦਿੱਤਾ ਹੈ। ਰਹਿਣ-ਸਹਿਣ ਦੀ ਵਧਦੀ ਲਾਗਤ ਅਤੇ ਕਿਰਾਏ ਦੇ ਵਿਕਲਪਾਂ ਦੀ ਘਾਟ ਕਾਰਨ ਰੀਵਰਸ ਮਾਈਗ੍ਰੇਸ਼ਨ ਸ਼ੁਰੂ ਹੋ ਰਹੀ ਹੈ ਜੋ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦੀਆਂ ਕਮਜ਼ੋਰ ਨੀਤੀਆਂ ਨੂੰ ਦਰਸਾਉਂਦੀ ਹੈ।ਅਧਿਕਾਰਤ ਅੰਕੜਿਆਂ ਅਨੁਸਾਰ 2023 ਦੇ ਪਹਿਲੇ ਛੇ ਮਹੀਨਿਆਂ ਵਿੱਚ ਲਗਭਗ 42,000 ਲੋਕਾਂ ਨੇ ਕੈਨੇਡਾ ਛੱਡਿਆ, ਇਸ ਤੋਂ ਇਲਾਵਾ 2022 ਵਿੱਚ 93,818 ਲੋਕਾਂ ਨੇ ਕੈਨੇਡਾ ਛੱਡਿਆ ਅਤੇ 2021 ਵਿੱਚ 85,927 ਲੋਕਾਂ ਨੇ ਕੈਨੇਡਾ ਛੱਡ ਦਿੱਤਾ। ਇੱਕ ਇਮੀਗ੍ਰੇਸ਼ਨ ਐਡਵੋਕੇਸੀ ਗਰੁੱਪ, ਇੰਸਟੀਚਿਊਟ ਫਾਰ ਕੈਨੇਡੀਅਨ ਸਿਟੀਜ਼ਨਸ਼ਿਪ (ਆਈ.ਸੀ.ਸੀ.) ਦੀ ਇੱਕ ਤਾਜ਼ਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2019 ਵਿੱਚ ਦੇਸ਼ ਛੱਡਣ ਦੀ ਦਰ ਸਭ ਤੋਂ ਵੱਧ ਸੀ ਜਦੋਂ ਇਹ ਦੋ ਦਹਾਕਿਆਂ ਦੇ ਉੱਚੇ ਪੱਧਰ 'ਤੇ ਪਹੁੰਚ ਗਈ ਸੀ। ਹਾਲਾਂਕਿ ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਕੋਵਿਡ-19 ਤਾਲਾਬੰਦੀ ਦੌਰਾਨ ਗਿਣਤੀ ਘਟੀ ਸੀ ਪਰ ਇਸ ਰੁਝਾਨ ਨੇ ਇੱਕ ਵਾਰ ਫਿਰ ਰਫ਼ਤਾਰ ਫੜੀ ਹੈ। ਜਦੋਂ ਕਿ ਇਹ ਉਸੇ ਸਮੇਂ ਦੌਰਾਨ ਦੇਸ਼ ਵਿੱਚ ਆਏ 263,000 ਲੋਕਾਂ ਦਾ ਇੱਕ ਹਿੱਸਾ ਹੈ। ਦੇਸ਼ ਛੱਡਣ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਕੁਝ ਨਿਰੀਖਕਾਂ ਨੂੰ ਸੁਚੇਤ ਕਰ ਰਿਹਾ ਹੈ। ਰਾਇਟਰਜ਼ ਨਿਊਜ਼ ਏਜੰਸੀ ਨਾਲ ਗੱਲ ਕਰਨ ਵਾਲੇ ਲੋਕਾਂ ਨੇ ਕਿਹਾ ਕਿ ਜੀਵਨ ਦੀ ਉੱਚ ਕੀਮਤ ਉਨ੍ਹਾਂ ਲਈ ਕੈਨੇਡਾ ਵਿੱਚ ਬਣੇ ਰਹਿਣਾ ਮੁਸ਼ਕਿਲ ਬਣਾ ਰਹੀ ਹੈ। ਕੈਨੇਡਾ ਦੀ ਜ਼ਿਆਦਾਤਰ ਆਬਾਦੀ ਵੱਡੀ ਉਮਰ ਦੀ ਹੈ ਅਤੇ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਪ੍ਰਵਾਸੀਆਂ 'ਤੇ ਨਿਰਭਰ ਹੈ। ਹਾਂਗਕਾਂਗ ਤੋਂ ਸ਼ਰਨਾਰਥੀ ਵਜੋਂ 2022 ਵਿੱਚ ਕੈਨੇਡਾ ਆਈ 25 ਸਾਲਾ ਔਰਤ ਨੇ ਆਪਣਾ ਦਰਦ ਬਿਆਨ ਕੀਤਾ। ਉਹ ਪੂਰਬੀ ਟੋਰਾਂਟੋ ਵਿੱਚ ਸਕਾਰਬਰੋ ਵਿੱਚ ਇੱਕ ਕਮਰੇ ਦੇ ਬੇਸਮੈਂਟ ਅਪਾਰਟਮੈਂਟ ਲਈ ਕਿਰਾਏ ਵਿੱਚ 650 ਕੈਨੇਡੀਅਨ ਡਾਲਰ (474 ਡਾਲਰ) ਅਦਾ ਕਰਦੀ ਹੈ, ਜੋ ਕਿ ਉਸਦੀ ਮਹੀਨਾਵਾਰ ਤਨਖਾਹ ਦਾ ਲਗਭਗ 30 ਪ੍ਰਤੀਸ਼ਤ ਹੈ। ਔਰਤ ਦੱਸਦੀ ਹੈ ਕਿ ਉਸਨੂੰ ਘੱਟੋ-ਘੱਟ 16.55 ਕੈਨੇਡੀਅਨ ਡਾਲਰ ਪ੍ਰਤੀ ਘੰਟਾ ਕਮਾਉਣ ਲਈ ਤਿੰਨ ਪਾਰਟ-ਟਾਈਮ ਨੌਕਰੀਆਂ ਕਰਨੀਆਂ ਪੈਂਦੀਆਂ ਹਨ। ਰਹਿਣ-ਸਹਿਣ ਦੀ ਲਾਗਤ ਵਿੱਚ ਵਾਧਾ ਅਤੇ ਹੋਰ ਖਰਚੇ ਜ਼ਿਆਦਾ ਹਨ, ਜੋ ਬਹੁਤ ਸਾਰੇ ਲੋਕਾਂ ਨੂੰ ਕੈਨੇਡਾ ਵਿੱਚ ਸਥਾਈ ਨਿਵਾਸ ਲੈਣ ਤੋਂ ਦੂਰ ਕਰ ਰਿਹਾ ਹੈ।



## ਭਾਰਤੀ ਵਿਦਿਆਰਥੀਆਂ ਵਿੱਚ ਪਹਿਲਾਂ ਹੀ ਆਈ ਗਿਰਾਵਟ



ਕੈਨੇਡਾ ਵਿੱਚ ਪੜ੍ਹਨ ਲਈ ਅਪਲਾਈ ਕਰਨ ਵਾਲੇ ਭਾਰਤ ਦੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਇਸ ਸਾਲ ਦੇ ਦੂਜੇ ਅੱਧ ਵਿੱਚ ਨਾਟਕੀ ਢੰਗ ਨਾਲ ਕਮੀ ਆਈ ਹੈ। ਜੁਲਾਈ ਤੋਂ ਅਕਤੂਬਰ ਦੀ ਮਿਆਦ ਲਈ, ਭਾਰਤ ਤੋਂ ਨਵੇਂ ਅਧਿਐਨ ਪਰਮਿਟਾਂ ਲਈ ਅਰਜ਼ੀਆਂ ਦੀ ਗਿਣਤੀ ਪਿਛਲੇ ਸਾਲ ਕੁੱਲ 145,881 ਤੋਂ ਘਟ ਕੇ 2023 ਦੀ ਇਸੇ ਮਿਆਦ ਵਿੱਚ ਸਿਰਫ਼ 86,562 ਰਹਿ ਗਈ, ਲਗਭਗ 40% ਦੀ ਗਿਰਾਵਟ। ਅਰਜ਼ੀਆਂ ਵਿੱਚ ਇਹ ਗਿਰਾਵਟ ਮਹਿੰਗੇ ਜੀਵਨ ਦੇ ਖਰਚੇ ਕਾਰਨ ਆਈ ਹੈ, ਜੋ ਹੋਰ ਵਧੇਗੀ। ਵੱਧ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਸੋਸ਼ਲ ਮੀਡੀਆ 'ਤੇ ਕੈਨੇਡਾ ਵਿੱਚ ਉਹਨਾਂ ਨੂੰ ਦਰਪੇਸ਼ ਮੁਸ਼ਕਲਾਂ, ਖਾਸ ਤੌਰ 'ਤੇ ਰਹਿਣ ਦੀ ਉੱਚ ਕੀਮਤ ਅਤੇ ਮੌਕਿਆਂ ਦੀ ਘਾਟ ਬਾਰੇ ਪੋਸਟ ਕਰ ਰਹੇ ਹਨ।

# ਅਮਰੀਕਾ ਨੇ ਹੁਣ ਸਿੱਖਾਂ ਵਿਰੁੱਧ ਨਸਲੀ ਹਮਲਿਆਂ ਖ਼ਿਲਾਫ਼ ਚੁੱਕਿਆ ਸਖ਼ਤ ਕਦਮ

## 12 ਸੂਬਿਆਂ ਵਿੱਚ ਇੱਕ ਕਮਿਸ਼ਨ ਦਾ ਗਠਨ, ਅਦਾਲਤ ਦੀਆਂ ਤਾਕਤਾਂ ਵੀ ਦਿੱਤੀਆਂ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਨਸਲੀ ਹਮਲਿਆਂ ਦੇ ਮਾਮਲਿਆਂ ਵਿੱਚ ਲਗਾਤਾਰ ਤੇਜ਼ੀ ਵੇਖਣ ਨੂੰ ਮਿਲੀ ਹੈ। ਸਿੱਖ ਮੇਅਰ ਤੋਂ ਲੈ ਕੇ ਬੱਸ ਵਿੱਚ ਯਾਤਰਾ ਕਰਨ ਵਾਲੇ ਨੌਜਵਾਨ ਨੂੰ ਧਮਕੀਆਂ ਅਤੇ ਕੁੱਟਮਾਰ ਦਾ ਸਾਹਮਣਾ ਕਰਨਾ ਪਿਆ ਹੈ ਪਰ ਹੁਣ ਨਸਲੀ ਹਮਲੇ ਨੂੰ ਲੈ ਕੇ ਸਿੱਖਾਂ ਦੇ ਲਈ ਅਮਰੀਕਾ ਨੇ ਵੱਡਾ ਫੈਸਲਾ ਲਿਆ ਹੈ। 12 ਸੂਬਿਆਂ ਵਿੱਚ ਰਹਿਣ ਵਾਲੇ ਭਾਰਤੀਆਂ ਲਈ ਇੱਕ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਜਿਸ ਵਿੱਚ ਉਨ੍ਹਾਂ ਖ਼ਿਲਾਫ਼ ਹੋਣ ਵਾਲੇ ਨਫ਼ਰਤੀ ਹਮਲਿਆਂ ਵਿੱਚ ਖਾਸ ਸੁਣਵਾਈ ਹੋਵੇਗੀ। 20 ਕਰੋੜ ਰੁਪਏ ਦਾ ਪਹਿਲਾਂ ਫੰਡ ਕਮਿਸ਼ਨ ਨੂੰ ਦਿੱਤਾ ਗਿਆ ਹੈ।

ਅਮਰੀਕਾ ਵਿੱਚ 50 ਲੱਖ ਭਾਰਤੀਆਂ ਵਿੱਚੋਂ 30 ਲੱਖ ਭਾਰਤੀ ਵਿਸ਼ੇਸ਼ ਕਮਿਸ਼ਨ ਵਾਲੇ 12 ਸੂਬਿਆਂ ਵਿੱਚ ਹਨ। ਕਮਿਸ਼ਨ ਦੇ ਬਣਨ ਤੋਂ ਬਾਅਦ ਹੁਣ ਇਸ ਦਾ ਨਿਪਟਾਰਾ ਤੇਜੀ ਨਾਲ ਹੋਵੇਗਾ। ਨਿਊਯਾਰਕ ਸਮੇਤ ਕੈਲੀਫੋਨੀਆ, ਮੈਰੀਲੈਂਡ ਅਤੇ ਮਿਸ਼ਿਗਨ ਵਰਗੇ ਸੂਬਿਆਂ ਵਿੱਚ ਬਣਾਏ ਗਏ ਖਾਸ ਕਮਿਸ਼ਨ ਨੂੰ ਵੱਡੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ। ਇਸ ਕਮਿਸ਼ਨ ਨੂੰ ਅਦਾਲਤ ਦੀਆਂ ਤਾਕਤਾਂ ਵੀ ਦਿੱਤੀਆਂ ਗਈਆਂ ਹਨ। ਕਮਿਸ਼ਨ ਭਾਰਤੀਆਂ ਦੀ ਸੁਰੱਖਿਆ ਦੇ ਮੁੱਦੇ ਦੇ ਨਾਲ-ਨਾਲ ਸਭਿਆਚਾਰਕ ਹਿੱਤਾਂ ਦਾ ਵੀ ਧਿਆਨ ਰੱਖੇਗਾ।



**ਕੋਰੋਨਾ ਦੇ ਬਾਅਦ ਹੇਟ ਕ੍ਰਾਈਮ ਦੇ ਮਾਮਲੇ**

ਕੋਰੋਨਾ ਦੇ ਸਮੇਂ ਸਿੱਖਾਂ ਖ਼ਿਲਾਫ਼ ਹੇਟ ਕ੍ਰਾਈਮ ਦੇ ਮਾਮਲੇ ਕਈ ਗੁਣਾ ਵੱਧ ਗਏ ਸਨ। ਕੰਮ ਵਾਲੀਆਂ ਥਾਵਾਂ 'ਤੇ ਸਿੱਖਾਂ ਨਾਲ ਭੇਦਭਾਵ ਦੇ ਮਾਮਲੇ ਸਾਹਮਣੇ ਆਏ ।

ਪਲੂ ਰਿਸਰਚ ਦੇ ਮੁਤਾਬਿਕ ਪੁਲਿਸ ਸੁਰੱਖਿਆ ਜਾਂਚ ਦੇ ਨਾਂ 'ਤੇ ਪਿਛਲੇ 2 ਸਾਲਾਂ ਵਿੱਚ ਸਿੱਖਾਂ ਦੇ ਨਾਲ ਨਸਲ ਦੇ ਅਧਾਰ 'ਤੇ ਭੇਦਭਾਵ ਦੇ ਮਾਮਲਿਆਂ ਵਿੱਚ 25 ਫੀਸਦੀ ਦਾ ਵਾਧਾ ਹੋਇਆ ਸੀ । ਵਿਸ਼ੇਸ਼ ਕਮਿਸ਼ਨ ਨੂੰ ਪੁਲਿਸ ਦੇ ਹੱਥਾਂ ਨਾਲ ਹੋਣ ਵਾਲੇ ਭੇਦਭਾਵ ਦੇ ਮਾਮਲਿਆਂ ਦੀ ਸ਼ੁਰੂਆਤੀ ਸੁਣਵਾਈ ਦਾ ਅਧਿਕਾਰ ਦਿੱਤਾ ਗਿਆ ਹੈ।

ਨਿਊਯਾਰਕ ਸਟੇਟ ਅਸੈਂਬਲੀ ਦੇ ਮੈਂਬਰ ਜੇਨਿਫਰ ਰਾਜਕੁਮਾਰ ਦਾ ਕਹਿਣਾ ਹੈ ਕਿ ਅਮਰੀਕੀ ਇਕੋਨਾਮੀ ਵਿੱਚ ਭਾਰਤੀਆਂ ਦਾ ਅਹਿਮ ਰੋਲ ਹੈ। ਭਾਰਤੀਆਂ ਦੇ ਲਈ 13 ਮੈਂਬਰ ਵਾਲਾ ਵਿਸ਼ੇਸ਼ ਕਮਿਸ਼ਨ ਬਣਾਉਣਾ ਅਮਰੀਕਾ ਦੇ ਇਤਿਹਾਸ ਵਿੱਚ ਵੱਡਾ ਕਦਮ ਹੈ ।



# ਅੱਗ ਲੱਗੀ ਅਮਨ ਦੇ ਪਾਣੀਆਂ ਨੂੰ

# ਕਿਸ਼ਤਾਂ ਵਿੱਚ ਹੋ ਰਹੀ ਹੈ ਤੀਜੀ ਸੰਸਾਰ ਜੰਗ

## ਰੂਸ-ਯੂਕ੍ਰੇਨ ਅਤੇ ਇਜ਼ਰਾਈਲ-ਹਮਾਸ ਯੁੱਧ ਨੇ ਖੜ੍ਹੇ ਕੀਤੇ ਕਈ ਸਵਾਲ

**☛ਪਰਮਾਣੂ ਜੰਗ ਹੋਣ ਦਾ ਖ਼ਤਰਾ ਵਧਿਆ ☛ਜੰਗ ਕਾਰਨ ਮਾਰੇ ਜਾ ਰਹੇ ਨੇ ਕਈ ਬੇਦੋਸ਼ੇ ਲੋਕ**

ਪਟਿਆਲਾ/ਏ.ਟੀ.ਨਿਊਜ਼ : ਦੋ ਵਿਸ਼ਵ ਜੰਗਾਂ ਦਾ ਸਾਹਮਣਾ ਕਰ ਚੁੱਕੀ ਇਸ ਦੁਨੀਆਂ ’ਤੇ ਹੁਣ ਤੀਜੀ ਵਿਸ਼ਵ ਜੰਗ ਸ਼ੁਰੂ ਹੋਣ ਦਾ ਖ਼ਤਰਾ ਮੰਡਰਾਅ ਰਿਹਾ ਹੈ। ਰੂਸ-ਯੂਕ੍ਰੇਨ ਯੁੱਧ ਅਤੇ ਇਜ਼ਰਾਈਲ -ਹਮਾਸ ਯੁੱਧ ਤੋਂ ਇਹ ਅਹਿਸਾਸ ਹੋ ਰਿਹਾ ਹੈ ਕਿ ਤੀਜੀ ਵਿਸ਼ਵ ਜੰਗ ਜਿਵੇਂ ਕਿਸ਼ਤਾਂ ਵਿੱਚ ਲੜੀ ਜਾ ਰਹੀ ਹੈ। ਇਹਨਾਂ ਜੰਗਾਂ ਨੂੰ ਵੇਖ ਕੇ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਇਸ ਸੰਸਾਰ ਵਿੱਚ ਅਮਨ ਦੇ ਪਾਣੀਆਂ ਨੂੰ ਅੱਗ ਲੱਗ ਗਈ ਹੋਵੇ। ਰੂਸ-ਯੂਕ੍ਰੇਨ ਯੁੱਧ ਅਤੇ ਇਜ਼ਰਾਈਲ -ਹਮਾਸ ਯੁੱਧ ਦੌਰਾਨ ਪਰਮਾਣੂ ਹਥਿਆਰਾਂ ਦੀ ਵਰਤੋ ਦੀਆਂ ਧਮਕੀਆਂ ਵੀ ਜੰਗ ਲੜਨ ਵਾਲੇ ਦੇਸ਼ਾਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ, ਜੇ ਇਹ ਧਮਕੀਆਂ ਸੱਚੀਆਂ ਸਾਬਤ ਹੋਈਆਂ ਤੇ ਕਿਸੇ ਵੀ ਦੇਸ਼ ਨੇ ਪਰਮਾਣੂ ਹਥਿਆਰਾਂ ਨੂੰ ਚਲਾ ਦਿੱਤਾ ਤਾਂ ਇਹਨਾਂ ਪਰਮਾਣੂ ਹਥਿਆਰਾਂ ਕਾਰਨ ਪੂਰੀ ਦੁਨੀਆਂ ਦੇ ਤਬਾਹ ਹੋਣ ਦਾ ਖ਼ਤਰਾ ਪੈਦਾ ਹੋ ਜਾਵੇਗਾ।

ਸੋਵੀਅਤ ਯੂਨੀਅਨ ਦੀ ਹੋਂਦ ਵੇਲੇ ਯੂਕ੍ਰੇਨ ਉਸ ਸਮੇਂ ਸੋਵੀਅਤ ਯੂਨੀਅਨ/ਰੂਸ ਦਾ ਹੀ ਹਿੱਸਾ ਸੀ ਪਰ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਯੂਕ੍ਰੇਨ ਰੂਸ ਨਾਲੋਂ ਅਲੱਗ ਹੋ ਕੇ ਆਜ਼ਾਦ ਮੁਲਕ ਬਣ ਗਿਆ। ਦੂਜੇ ਪਾਸੇ ਅਮਰੀਕਾ ਅਤੇ ਉਸ ਦੇ ਸਹਿਯੋਗੀ ਮੁਲਕਾਂ ਵੱਲੋਂ ਯੂਕ੍ਰੇਨ ਨੂੰ ਆਧੁਨਿਕ ਹਥਿਆਰ ਅਤੇ ਹੱਲਾਸ਼ੇਰੀ ਦੇ ਕੇ ਰੂਸ ਦੇ ਵਿਰੁੱਧ ਖੜ੍ਹਾ ਕਰ ਦਿੱਤਾ। ਰੂਸ ਨੇ ਵੀ ਆਪਣੇ ਗੁਆਂਢ ਯੂਕ੍ਰੇਨ ਵਿੱਚ ਅਮਰੀਕਾ ਦੀ ਦਖ਼ਲ-ਅੰਦਾਜ਼ੀ ਨੂੰ ਨਾ ਸਹਾਰਿਆ ਅਤੇ ਯੂਕ੍ਰੇਨ ਵਿਰੁੱਧ ਜੰਗ ਸ਼ੁਰੂ ਕਰ ਦਿੱਤੀ, ਜਿਸ ਦਾ ਯੂਕ੍ਰੇਨ ਵੱਲੋਂ ਵੀ ਅਮਰੀਕਾ ਅਤੇ ਉਸ ਦੇ ਸਹਿਯੋਗੀ ਮੁਲਕਾਂ ਦੀ ਸਹਾਇਤਾ ਨਾਲ ਮੂੰਹ ਤੋੜ ਜਵਾਬ ਦਿੱਤਾ ਜਾ ਰਿਹਾ ਹੈ। ਰੂਸ ਅਤੇ ਯੂਕ੍ਰੇਨ ਕੁਦਰਤੀ ਸੁੰਦਰਤਾ ਨਾਲ ਭਰਪੂਰ ਮੁਲਕ ਹਨ ਪਰ ਇਹਨਾਂ ਦੋਵਾਂ ਮੁਲਕਾਂ ਵਿਚਾਲੇ ਚੱਲ ਰਹੀ ਆਪਸੀ ਜੰਗ ਕਾਰਨ ਦੋਵਾਂ ਦੇਸ਼ਾਂ ਦੀ ਕੁਦਰਤੀ ਸੁੰਦਰਤਾ ਤਬਾਹ ਹੋ ਰਹੀ ਹੈ ਅਤੇ ਇਸ ਯੁੱਧ ਵਿੱਚ ਦੋਵਾਂ ਦੇਸ਼ਾਂ ਦੇ ਹੀ ਨਾਗਰਿਕ ਮਾਰੇ ਜਾ ਰਹੇ ਹਨ। ਇਸ ਦੇ ਬਾਵਜੂਦ ਦੋਵੇਂ ਦੇਸ਼ ਆਪਣੀ ਜਿੱਦ ’ਤੇ ਅੜੇ ਹੋਏ ਹਨ ਤੇ ਦੋਵਾਂ ਵਿਚੋਂ ਕੋਈ ਵੀ ਝੁਕਣ ਲਈ ਤਿਆਰ ਨਹੀਂ। ਦੋਵਾਂ ਮੁਲਕਾਂ ਵਿਚਾਲੇ ਚੱਲ ਰਹੀ ਜੰਗ ਨੂੰ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਅਤੇ ਨੇੜ ਭਵਿੱਖ ਵਿੱਚ ਇਸ ਜੰਗ ਦੇ ਖ਼ਤਮ ਹੋਣ ਦੇ ਆਸਾਰ ਮੱਧਮ ਹਨ।




ਦੂਜੇ ਪਾਸੇ ਇਜ਼ਰਾਈਲ -ਹਮਾਸ ਯੁੱਧ ਨੇ ਵੀ ਦੁਨੀਆਂ ਨੂੰ ਚਿੰਤਾ ਵਿੱਚ ਪਾ ਰੱਖਿਆ ਹੈ। ਇਜ਼ਰਾਈਲ ਵੱਲੋਂ ਜਿਸ ਤਰਾਂ ਹਮਾਸ ਨੂੰ ਮਿਟਾਉਣ ਲਈ ਗ਼ਾਜ਼ਾ ਪੱਟੀ ਵਿੱਚ ਹਮਲੇ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਸਭ ਤੋਂ ਜ਼ਿਆਦਾ ਨੁਕਸਾਨ ਗ਼ਾਜ਼ਾ ਪੱਟੀ ਵਿੱਚ ਰਹਿ ਰਹੇ ਆਮ ਲੋਕਾਂ ਦਾ ਹੋ ਰਿਹਾ ਹੈ। ਇਸ ਯੁੱਧ ਵਿੱਚ ਹਮਲਾਵਰ ਧਿਰ ਵੱਲੋਂ ਹਸਪਤਾਲਾਂ ਨੂੰ ਵੀ ਹਮਾਸ ਖਾੜਕੂਆਂ ਦੀ ਛੁਪਣ ਗਾਹ ਕਹਿ ਕੇ ਢਹਿ ਢੇਰੀ ਕੀਤਾ ਜਾ ਰਿਹਾ ਹੈ, ਜਿਸ ਕਾਰਨ ਮਨੁੱਖਤਾ ਦਾ ਘਾਣ ਹੋ ਰਿਹਾ ਹੈ। ਇਜ਼ਰਾਈਲ ਵੱਲੋਂ ਇਸ ਯੁੱਧ ਵਿੱਚ ਪਰਮਾਣੂ ਹਥਿਆਰ ਵਰਤਣ ਦੀ ਵੀ ਧਮਕੀ ਦਿੱਤੀ ਜਾ ਰਹੀ ਹੈ, ਜਿਸ ਕਰਕੇ ਇਸ ਯੁੱਧ ਦੇ ਭਿਆਨਕ ਨਤੀਜੇ ਨਿਕਲਣ ਦੇ ਆਸਾਰ ਬਣਦੇ ਜਾ ਰਹੇ ਹਨ। ਭਾਵੇਂ ਦੋਵੇਂ ਦੇਸ਼ਾਂ ਵਿਚਾਲੇ ਜੰਗ ਦੌਰਾਨ ਕੁਝ ਦਿਨ ਜੰਗਬੰਦੀ ਵੀ ਰਹੀ ਪਰ ਫਿਰ ਮੁੜ ਇੱਕ ਦੂਜੇ ਖ਼ਿਲਾਫ਼ ਹਮਲੇ ਸ਼ੁਰੂ ਹੋ ਗਏ। ਇਸ ਜੰਗ ਵਿੱਚ ਛੋਟੇ ਛੋਟੇ ਮਾਸੂਮ ਬੱਚੇ ਵੀ ਮਾਰੇ ਜਾ ਰਹੇ ਹਨ ਪਰ ਅਫ਼ਸੋਸ ਇਹਨਾਂ ਬੱਚਿਆਂ ਲਈ ਕੋਈ ਹਾਅ ਦਾ ਨਾਅਰਾ ਨਹੀਂ ਮਾਰ ਰਿਹਾ।

ਰੂਸ-ਯੂਕ੍ਰੇਨ ਯੁੱਧ ਅਤੇ ਇਜ਼ਰਾਈਲ -ਹਮਾਸ ਯੁੱਧ ਦੌਰਾਨ ਸਭ ਤੋਂ ਵੱਧ ਨੁਕਸਾਨ ਆਮ ਲੋਕਾਂ ਦਾ ਹੋ ਰਿਹਾ ਹੈ। ਯੁੱਧ ਪ੍ਰਭਾਵਿਤ ਇਹਨਾਂ ਮੁਲਕਾਂ ਵਿੱਚ ਹਰ ਪਾਸੇ ਬਾਰੂਦ ਦਾ ਧੂੰਆਂ ਅਤੇ ਮੁਸ਼ਕ ਫੈਲੇ ਹੋਏ ਹਨ। ਆਮ ਲੋਕਾਂ ਨੂੰ ਸਮਝ ਨਹੀਂ ਆ ਰਹੀ ਕਿ ਇਹਨਾਂ ਜੰਗਾਂ ਨੂੰ ਕਿਵੇਂ ਰੋਕਿਆ ਜਾਵੇ, ਕੋਈ ਵੀ ਧਿਰ ਝੁਕਣ ਲਈ ਤਿਆਰ ਨਹੀਂ। ਅਸਲ ਵਿੱਚ ਦੋਵੇਂ ਯੁੱਧ ਸਿਰਫ਼ ਚੌਧਰ ਦੀ ਲੜਾਈ ਹਨ। ਇੱਕ ਪਾਸੇ ਅਮਰੀਕਾ ਯੂਕ੍ਰੇਨ ਦੀ ਸਹਾਇਤਾ ਨਾਲ ਰੂਸ ਨੂੰ ਦਬਾਉਣ ਅਤੇ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਬਣਾਉਣ ਦੇ ਯਤਨ ਕਰ ਰਿਹਾ ਹੈ, ਉਥੇ ਇਜ਼ਰਾਈਲ ਨੂੰ ਵੀ ਅਮਰੀਕਾ ਦੀ ਸ਼ਹਿ ਪ੍ਰਾਪਤ ਹੈ। ਜਿਸ ਕਾਰਨ ਇਹ ਯੁੱਧ ਲੰਬੇ ਖਿੱਚੇ ਜਾ ਰਹੇ ਹਨ। ਦੋਵਾਂ ਜੰਗਾਂ ਵਿੱਚ ਆਮ ਲੋਕ ਮਾਰੇ ਜਾ ਰਹੇ ਹਨ ਅਤੇ ਹਰ ਦਿਨ ਲਾਸ਼ਾਂ ਦੀ ਗਿਣਤੀ ਜ਼ਰੂਰ ਜੰਗ ਲੜ ਰਹੀਆਂ ਧਿਰਾਂ ਵੱਲੋਂ ਕੀਤੀ ਜਾ ਰਹੀ ਹੈ।

ਅਸਲ ਵਿੱਚ ਜੰਗ ਇੱਕ ਕੁਸੈਲੀ ਹਕੀਕਤ ਹੈ, ਜਿਸ ਦੇ ਨੁਕਸਾਨ ਤੋਂ ਜੰਗ ਲੜ ਰਹੀਆਂ ਸਾਰੀਆਂ ਧਿਰਾਂ ਜਾਣੂੰ ਹਨ । ਇਸ ਦੇ ਬਾਵਜੂਦ ਰੂਸ-ਯੂਕ੍ਰੇਨ ਯੁੱਧ ਅਤੇ ਇਜ਼ਰਾਈਲ -ਹਮਾਸ ਯੁੱਧ ਜਾਰੀ ਹਨ ਅਤੇ ਜੰਗ ਲੜ ਰਹੀਆਂ ਸਾਰੀਆਂ ਧਿਰਾਂ ਵਿਚੋਂ ਕੋਈ ਵੀ ਧਿਰ ਹਾਰ ਮੰਨਣ ਨੂੰ ਤਿਆਰ ਨਹੀਂ ਹੈ, ਜਿਸ ਕਰਕੇ ਤੀਜੀ ਵਿਸ਼ਵ ਜੰਗ ਦੇ ਆਸਾਰ ਬਣਦੇ ਜਾ ਰਹੇ ਹਨ। ਰੂਸ-ਯੂਕ੍ਰੇਨ ਯੁੱਧ ਅਤੇ ਇਜ਼ਰਾਈਲ -ਹਮਾਸ ਯੁੱਧ ਲੜ ਰਹੀਆਂ ਸਾਰੀਆਂ ਧਿਰਾਂ ਨੂੰ ਆਪਣੀਆਂ ਨਿਸ਼ਾਨੇ ਬਾਜ਼ੀਆਂ ਨੂੰ ਰੋਕ ਲੈਣਾ ਚਾਹੀਦਾ ਹੈ ਕਿਉਂਕਿ ਦੋਵੇਂ ਜੰਗਾਂ ਕਾਰਨ ਕਈ ਬੇਦੋਸ਼ੇ ਲੋਕ ਮਾਰੇ ਜਾ ਰਹੇ ਹਨ।

## ਭਾਰਤ ਨੇ ਗਾਜ਼ਾ ’ਚ ਜੰਗਬੰਦੀ ਬਾਰੇ ਸੰਯੁਕਤ ਰਾਸ਼ਟਰ ਮਤੇ ਦੇ ਹੱਕ ਵਿੱਚ ਵੋਟ ਪਾਈ

ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼ :- ਭਾਰਤ ਨੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਪੇਸ਼ ਕੀਤੇ ਖਰੜੇ ਮਤੇ ਦੇ ਸਮਰਥਨ ਵਿੱਚ ਵੋਟ ਪਾਈ, ਜਿਸ ਵਿੱਚ ਇਜ਼ਰਾਈਲ ਅਤੇ ਹਮਾਸ ਦਰਮਿਆਨ ਚੱਲ ਰਹੀ ਜੰਗ ਨੂੰ ਰੋਕਣ, ਮਨੁੱਖੀ ਸਹਾਇਤਾ ਯਕੀਨੀ ਬਣਾਉਣ ਅਤੇ ਸਾਰੇ ਬੰਦੀਆਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਗਈ ਹੈ। ਜਨਰਲ ਅਸੈਂਬਲੀ ਦੇ ਐਮਰਜੰਸੀ ਵਿਸ਼ੇਸ਼ ਸੈਸ਼ਨ ਵਿੱਚ ਮਿਸਰ ਵੱਲੋਂ ਪੇਸ਼ ਕੀਤੇ ਮਤੇ ਨੂੰ ਭਰਵਾਂ ਸਮਰਥਨ ਮਿਲਿਆ ਤੇ ਉਸ ਨੂੰ ਪਾਸ ਕੀਤਾ ਗਿਆ। ਇਸ ਕੌਮਾਂਤਰੀ ਸੰਸਥਾ ਦੇ 193 ਮੈਂਬਰਾਂ ‘ਚੋਂ 153 ਮੈਂਬਰਾਂ ਨੇ ਮਤੇ ਦੇ ਸਮਰਥਨ ‘ਚ ਅਤੇ 10 ਮੈਂਬਰ ਦੇਸ਼ਾਂ ਨੇ ਇਸ ਦੇ ਵਿਰੋਧ ‘ਚ ਵੋਟਿੰਗ ਕੀਤੀ, ਜਦਕਿ 23 ਹੋਰ ਮੈਂਬਰ ਗੈਰ-ਹਾਜ਼ਰ ਰਹੇ।

# ਸਰਕਾਰੀ ਦਫਤਰਾਂ ’ਚ ਹੁੰਦੀ ਖੱਜਲ ਖੁਆਰੀ ਬੰਦ, ਹੁਣ ‘ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ’ : ਮੁੱਖ ਮੰਤਰੀ

ਲੁਧਿਆਣਾ/ਏ.ਟੀ.ਨਿਊਜ਼ : ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ‘ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ’ ਸਕੀਮ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਸਕੀਮ ਦੇ ਤਹਿਤ ਹੁਣ ਘਰ ਬੈਠੇ ਹੀ 43 ਸੇਵਾਵਾਂ ਮਿਲਣਗੀਆਂ। ਇਸ ਸਕੀਮ ਦੀ ਸ਼ੁਰੂਆਤ ਲਈ ਆਮ ਆਦਮੀ ਪਾਰਟੀ ਵੱਲੋਂ ਲੁਧਿਆਣਾ ਦੇ ਧਨਾਸੂ ਵਿਖੇ ਵੱਡੀ ਰੈਲੀ ਕੀਤੀ ਗਈ। ਜਿਸ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਤੇ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਸਮੇਤ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਮੌਜੂਦ ਰਹੀ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਬੋਲਦਿਆਂ ਕਿਹਾ ਕਿ ਅੱਜ ਦਾ ਦਿਨ ਇਤਿਹਾਸ ਦੇ ਪੰਨ੍ਹਿਆ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ। ਆਉਣ ਵਾਲੇ ਸਮੇਂ ਵਿੱਚ ਬੱਚਿਆਂ ਨੂੰ ਪੋਲੀਟੀਕਲ ਸਾਇੰਸ ਵਿੱਚ ਇਹ ਸਵਾਲ ਪੁੱਛਿਆ ਜਾਇਆ ਕਰੇਗਾ ਕਿ ਪੰਜਾਬ ਵਿੱਚ ਆਮ ਲੋਕਾਂ ਦੀ ਸਰਕਾਰੀ ਦਫ਼ਤਰਾਂ ਵਿੱਚ ਖੱਜਲ ਖੁਆਰੀ ਕਦੋਂ ਖ਼ਤਮ ਹੋਈ ਸੀ ਤਾਂ ਇਸ ਦਾ ਜਵਾਬ ਹੋਵੇਗਾ 10 ਦਸੰਬਰ 2023 ਨੂੰ ਲੁਧਿਆਣਾ ਵਿੱਚ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ। ਇਹ ਖੱਜਲ ਖੁਆਰੀ ਪਹਿਲਾਂ ਦਿੱਲੀ ਵਿੱਚ ਖ਼ਤਮ ਹੋਈ ਅਤੇ ਹੁਣ ਪੰਜਾਬ ਵਿੱਚ ਖਤਮ ਕੀਤੀ ਗਈ ਹੈ।



ਮਾਨ ਨੇ ਕਿਹਾ ਕਿ ਪਹਿਲਾਂ ਸਾਡੇ ਬਜ਼ੁਰਗਾਂ ਨੂੰ ਦਫ਼ਤਰਾਂ ਵਿੱਚ ਝਿੜਕਾਂ ਖਾਣੀਆਂ ਪੈਂਦੀਆਂ ਸੀ ਮੈਂ ਛੋਟੇ ਹੁੰਦਿਆਂ ਦੇਖਿਆ ਸੀ ਕਿ ਕਿਵੇਂ ਬਜ਼ੁਰਗਾਂ ਨੂੰ ਸਰਕਾਰੀ ਦਫ਼ਤਰ ਝਿੜਕਾਂ ਮਾਰਦੇ ਸਨ। ਉਸ ਸਮੇਂ ਮੈਂ ਸੋਚਦਾ ਸੀ ਕਿ ਜੇ ਜ਼ਿੰਦਗੀ ਨੇ ਮੌਕਾ ਦਿੱਤਾ ਤਾਂ ਇਹ ਖੱਜਲ ਖੁਆਰੀ ਜ਼ਰੂਰ ਖਤਮ ਕਰਾਂਗੇ। ਅੱਜ ਇਹ ਖਤਮ ਕਰ ਰਿਹਾ ਹਾਂ। 1076 ਨੰਬਰ ਡਾਇਲ ਕਰਨ ’ਤੇ 43 ਸੇਵਾਵਾਂ ਮਿਲਣਗੀਆਂ। ਸਰਕਾਰ ਬਾਬੂ ਬਕਾਇਦਾ ਘਰ ਆ ਕੇ ਡਾਕੂਮੈਂਟ ਫੜਾਉਣਗੇ। ਮਾਨ ਨੇ ਕਿਹਾ ਕਿ ਇਹ ਕੰਮ ਅੱਜ ਤਕ ਪਹਿਲਾਂ ਕਿਉਂ ਨਹੀਂ ਹੋਏ ਕਿਉਂਕਿ ਅਸੀਂ ਚੋਰਾਂ ਅਤੇ ਭਲੇ ਮਾਣਸਾ ’ਚ ਫਰਕ ਨਹੀਂ ਕਰ ਸਕੇ। ਹੁਣ ਪੰਜਾਬ ਈਮਾਨਦਾਰ ਹੱਥਾਂ ਵਿੱਚ ਹੈ। ਪੰਜਾਬ ਨੰਬਰ ਇੱਕ ਸੂਬਾ ਸੀ ਅਤੇ ਇਸ ਨੂੰ ਫਿਰ ਨੰਬਰ ਇੱਕ ਸੂਬਾ ਬਣਾਵਾਂਗੇ।

ਉਨ੍ਹਾਂ ਕਿਹਾ ਕਿ 15 ਅਗਸਤ ਦਾ ਦਿਨ ਬਰਤਾਨਵੀ ਸਾਮਰਾਜਵਾਦ ਤੋਂ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ, ਹੁਣ ਅੱਜ ਦੇ ਦਿਨ ਨੂੰ ਪੰਜਾਬ ਵਿੱਚੋਂ ‘ਭ੍ਰਿਸ਼ਟਾਚਾਰ ਤੋਂ ਆਜ਼ਾਦੀ’ ਦੇ ਦਿਹਾੜੇ ਵਜੋਂ ਯਾਦ ਕੀਤਾ ਜਾਵੇਗਾ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਯੋਜਨਾ ਸੂਬੇ ਵਿੱਚ 4000 ਤੋਂ ਵੱਧ ਨਵੀਆਂ ਨੌਕਰੀਆਂ ਪੈਦਾ ਕਰੇਗੀ ਜਿਸ ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਖੁੱਲ੍ਹਣਗੇ। ਉਨ੍ਹਾਂ ਨੇ ਸੂਬੇ ਦੇ ਵਿਕਾਸ ਅਤੇ ਲੋਕਾਂ ਦੀ ਤਰੱਕੀ ਨੂੰ ਹੁਲਾਰਾ ਦੇਣ ਲਈ ਕਈ ਵਿਕਾਸ ਮੁਖੀ ਅਤੇ ਲੋਕ ਪੱਖੀ ਸਕੀਮਾਂ ਸ਼ੁਰੂ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਅਰਵਿੰਦ ਕੇਜਰੀਵਾਲ ਨੇ ਅੱਗੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਦਿੱਤੀ ਗਈ ਇੱਕ-ਇੱਕ ਗਾਰੰਟੀ ਨੂੰ ਹਰ ਤਰ੍ਹਾਂ ਨਾਲ ਪੂਰਾ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਇਆ ਜਾ ਸਕੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

# 2023 'ਚ ਦੁਨੀਆਂ ਭਰ ਵਿੱਚ 94 ਮੀਡੀਆ ਕਰਮੀਆਂ ਦੀ ਹੱਤਿਆ ਕੀਤੀ ਗਈ : ਪੱਤਰਕਾਰ ਸਮੂਹ

ਬ੍ਰਸੇਲਸ/ਏ.ਟੀ.ਨਿਊਜ਼ : ਦੁਨੀਆਂ ਭਰ ਦੇ ਪੱਤਰਕਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਪ੍ਰਮੁੱਖ ਸੰਸਥਾ ਨੇ ਆਪਣਾ ਕੰਮ ਕਰਦੇ ਹੋਏ ਮੀਡੀਆ ਕਰਮੀਆਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਦਿਆਂ ਕਿਹਾ ਕਿ 2023 ਵਿੱਚ ਦੁਨੀਆਂ ਭਰ ਵਿੱਚ 94 ਮੀਡੀਆ ਕਰਮੀਆਂ ਦੀ ਮੌਤ ਹੋਈ ਅਤੇ ਪਿਛਲੇ 30 ਸਾਲਾਂ ਵਿੱਚ ਕਿਸੇ ਵੀ ਸੰਘਰਸ਼ ਦੌਰਾਨ ਇੰਨੀ ਵੱਡੀ ਗਿਣਤੀ ਵਿੱਚ ਪੱਤਰਕਾਰਾਂ ਦੀ ਜਾਨ ਨਹੀਂ ਗਈ, ਜਿੰਨੇ ਪੱਤਰਕਾਰ ਹਮਾਸ ਅਤੇ ਇਜ਼ਰਾਈਲ ਵਿਚਕਾਰ ਜੰਗ ਵਿੱਚ ਮਾਰੇ ਗਏ ਹਨ।



ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ (ਆਈ.ਐੱਫ.ਜੇ.) ਨੇ ਮੀਡੀਆ ਕਰਮੀਆਂ ਦੀਆਂ ਮੌਤਾਂ ਦੀ ਆਪਣੀ ਸਾਲਾਨਾ ਗਿਣਤੀ ਵਿੱਚ ਕਿਹਾ ਹੈ ਕਿ ਇਸ ਸਾਲ ਹੁਣ ਤੱਕ 94 ਪੱਤਰਕਾਰ ਮਾਰੇ ਜਾ ਚੁੱਕੇ ਹਨ ਅਤੇ ਕਰੀਬ 400 ਹੋਰ ਜੇਲ੍ਹਾਂ ਵਿੱਚ ਬੰਦ ਹਨ। ਸੰਗਠਨ ਨੇ ਅਫ਼ਗਾਨਿਸਤਾਨ, ਫਿਲੀਪੀਨਜ਼, ਭਾਰਤ, ਚੀਨ ਅਤੇ ਬੰਗਲਾਦੇਸ਼ ਵਿੱਚ ਮੀਡੀਆ ਕਰਮਚਾਰੀਆਂ ਦੀਆਂ ਮੌਤਾਂ ਦੀਆਂ ਘਟਨਾਵਾਂ ਦੀ ਵੀ ਨਿੰਦਾ ਕੀਤੀ ਹੈ।

ਸਮੂਹ ਨੇ ਮੀਡੀਆ ਕਰਮਚਾਰੀਆਂ ਦੀ ਬਿਹਤਰ ਸੁਰੱਖਿਆ ਅਤੇ ਉਨ੍ਹਾਂ 'ਤੇ ਹਮਲਾ ਕਰਨ ਵਾਲਿਆਂ ਨੂੰ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਹੈ। ਆਈ.ਐੱਫ.ਜੇ. ਦੇ ਪ੍ਰਧਾਨ ਡੋਮਿਨਿਕ ਪ੍ਰਾਡਾਲੀ ਨੇ ਕਿਹਾ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਨਵੇਂ ਗਲੋਬਲ ਮਾਪਦੰਡ ਬਣਾਉਣਾ ਜ਼ਰੂਰੀ ਹੈ। ਸਮੂਹ ਨੇ ਕਿਹਾ ਕਿ 7 ਅਕਤੂਬਰ ਨੂੰ ਹਮਾਸ ਦੇ ਇਜ਼ਰਾਈਲ 'ਤੇ ਹਮਲੇ ਤੋਂ ਬਾਅਦ ਇਜ਼ਰਾਈਲ-ਹਮਾਸ ਯੁੱਧ ਨੂੰ ਕਵਰ ਕਰਨ ਵਾਲੇ 68 ਪੱਤਰਕਾਰ ਮਾਰੇ ਗਏ ਹਨ ਅਤੇ ਇਹ ਗਿਣਤੀ ਦੁਨੀਆ ਭਰ ਵਿੱਚ ਮਾਰੇ ਗਏ ਸਾਰੇ ਮੀਡੀਆ ਕਰਮਚਾਰੀਆਂ ਦੀ ਗਿਣਤੀ ਦਾ 72 ਪ੍ਰਤੀਸ਼ਤ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਪੱਤਰਕਾਰਾਂ ਵਿੱਚੋਂ ਜ਼ਿਆਦਾਤਰ ਗਾਜ਼ਾ ਪੱਟੀ ਵਿੱਚ ਜੰਗ ਨੂੰ ਕਵਰ ਕਰਨ ਵਾਲੇ ਫਲਸਤੀਨੀ ਪੱਤਰਕਾਰ ਸਨ। ਸਮੂਹ ਨੇ ਕਿਹਾ, ਆਈ.ਐੱਫ.ਜੇ. ਨੇ 1990 ਵਿੱਚ ਡਿਊਟੀ ਦੀ ਲਾਈਨ ਵਿੱਚ ਮਾਰੇ ਗਏ ਪੱਤਰਕਾਰਾਂ ਦੀ ਗਿਣਤੀ ਦਾ ਰਿਕਾਰਡ ਰੱਖਣਾ ਸ਼ੁਰੂ ਕੀਤਾ ਹੈ ਅਤੇ ਉਦੋਂ ਤੋਂ ਕਿਸੇ ਵੀ ਸੰਘਰਸ਼ ਵਿੱਚ ਗਾਜ਼ਾ ਵਿੱਚ ਯੁੱਧ ਦੌਰਾਨ ਮਾਰੇ ਗਏ ਪੱਤਰਕਾਰਾਂ ਨਾਲੋਂ ਵੱਧ ਪੱਤਰਕਾਰ ਮਾਰੇ ਗਏ ਹਨ।

ਉਸਨੇ ਕਿਹਾ ਕਿ ਰੂਸ ਦੇ ਹਮਲੇ ਤੋਂ ਲਗਭਗ ਦੋ ਸਾਲ ਬਾਅਦ ਯੂਕ੍ਰੇਨ ਪੱਤਰਕਾਰਾਂ ਲਈ ਇੱਕ ਖਤਰਨਾਕ ਦੇਸ਼ ਬਣਿਆ ਹੋਇਆ ਹੈ। ਉਸ ਨੇ ਮੀਡੀਆ ਕਰਮੀਆਂ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਵਿੱਚ ਸਜ਼ਾਵਾਂ ਨਹੀਂ ਹੋਣ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਅਤੇ ਸਰਕਾਰ ਨੂੰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਉਨ੍ਹਾਂ ਦੇ ਕਤਲ ਦੇ ਦੋਸ਼ੀਆਂ ਨੂੰ ਜਵਾਬਦੇਹ ਬਣਾਉਣ ਦੀ ਅਪੀਲ ਕੀਤੀ ਹੈ।




# ਦਿਲਜੀਤ ਬਰਾੜ ਨੇ ਵਧਾਇਆ ਮਾਣ, ਕੈਨੇਡਾ 'ਚ ਬਣੇ ਅਸੈਂਬਲੀ ਸਪੀਕਰ

ਮੈਨੀਟੋਬਾ/ਏ.ਟੀ.ਨਿਊਜ਼ : ਕੈਨੇਡਾ ਵਿੱਚ ਇੱਕ ਹੋਰ ਪੰਜਾਬੀ ਨੇ ਸਿਆਸਤ ਵਿੱਚ ਵੱਡਾ ਮੁਕਾਮ ਹਾਸਲ ਕੀਤਾ ਹੈ। ਕੈਨੇਡੀਅਨ ਸਿਆਸਤਦਾਨ ਦਿਲਜੀਤ ਬਰਾੜ ਮੈਨੀਟੋਬਾ ਦੀ ਵਿਧਾਨਸਭਾ ਦੇ ਅਸਿਸਟੈਂਟ ਸਪੀਕਰ ਚੁਣੇ ਗਏ ਹਨ। ਉਹ ਇਸ ਅਹੁਦੇ ਦੇ ਬੈਠਣ ਵਾਲੇ ਪਹਿਲੇ ਸਿੱਖ ਬਣ ਗਏ ਹਨ। ਦਲਜੀਤ ਬਰਾੜ ਮੁਕਤਸਰ ਦੇ ਭੰਗਚੜੀ ਪਿੰਡ ਦੇ ਰਹਿਣ ਵਾਲੇ ਹਨ। ਬਰਾੜ ਦੂਜੀ ਵਾਰ ਬਰੋਜ਼ ਤੋਂ ਵਿਧਾਇਕ ਚੁਣ ਕੇ ਵਿਧਾਨ ਸਭਾ ਵਿੱਚ ਪਹੁੰਚੇ ਹਨ। ਉਨ੍ਹਾਂ ਨੇ 29 ਨਵੰਬਰ ਨੂੰ ਆਪਣਾ ਅਹੁਦਾ ਸੰਭਾਲਿਆ ਸੀ ।

ਦਿਲਜੀਤ ਦੇ ਪਿਤਾ ਮੰਗਲ ਸਿੰਘ ਸ਼੍ਰੀ ਮੁਕਤਸਰ ਸਾਹਿਬ ਦੇ ਸ਼ਹਿਰ ਵਿੱਚ ਰਹਿੰਦੇ ਹਨ ਅਤੇ ਉਹ ਸਰਕਾਰੀ ਸਕੂਲ ਦੇ ਰਿਟਾਇਰਡ ਅਧਿਆਪਕ ਹਨ। ਉਨ੍ਹਾਂ ਨੇ ਕਿਹਾ ਕਿ ਸਾਡੇ ਪਰਿਵਾਰ ਅਤੇ ਪੰਜਾਬ ਦੇ ਲਈ ਮਾਣ ਵਾਲੀ



ਗੱਲ ਹੈ ਕਿ ਉਨ੍ਹਾਂ ਦਾ ਪੁੱਤਰ ਪਹਿਲਾਂ ਕੇਸਧਾਰੀ ਸਿੱਖ ਹੈ ਜੋ ਸਪੀਕਰ ਦੀ ਕੁਰਸੀ 'ਤੇ ਬੈਠਾ ਹੈ। ਦਲਜੀਤ ਸਿੰਘ ਬਰਾੜ ਪੰਜਾਬ ਤੋਂ ਕੈਨੇਡਾ 2010 ਵਿੱਚ ਗਏ ਸਨ ਅਤੇ 13 ਸਾਲ ਦੇ ਅੰਦਰ ਹੀ ਉਨ੍ਹਾਂ ਨੇ ਸਿਆਸਤ ਵਿੱਚ ਵੱਡਾ ਮੁਕਾਮ ਹਾਸਲ ਕਰ ਲਿਆ।

ਪਿਤਾ ਮੰਗਲ ਸਿੰਘ ਨੇ ਦੱਸਿਆ ਕਿ ਪੁੱਤਰ ਦਿਲਜੀਤ ਅਤੇ ਉਸ ਦੀ ਪਤਨੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਵਿਦਿਆਰਥੀ ਹਨ। ਉਨ੍ਹਾਂ ਨੇ ਉੱਥੇ ਸਹਾਇਕ ਪ੍ਰੋਫੈਸਰ ਵਜੋਂ ਕੰਮ ਕੀਤਾ ਸੀ । ਦਿਲਜੀਤ ਸਿੰਘ ਨੇ ਜਗਮੀਤ ਸਿੰਘ ਦੀ ਪਾਰਟੀ ਨਿਊ ਡੈਮੋਕ੍ਰੇਟਿਕ ਪਾਰਟੀ ਤੋਂ ਚੋਣ ਜਿੱਤੀ ਸੀ ਅਤੇ ਪਿਛਲੇ ਸਾਲ ਉਨ੍ਹਾਂ ਨੇ ਵਿਧਾਨਸਭਾ ਦੇ ਅੰਦਰ ਇੱਕ ਪ੍ਰਾਈਵੇਟ ਬਿੱਲ ਪੇਸ਼ ਕੀਤਾ ਸੀ ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਹਰ ਸਾਲ 13 ਅਪ੍ਰੈਲ ਵਿਸਾਖੀ ਨੂੰ ਟਰਬਨ ਡੇਅ ਦੇ ਤੌਰ 'ਤੇ ਮਨਾਇਆ ਜਾਵੇਗਾ। ਦਿਲਜੀਤ ਸਿੰਘ ਵਿਧਾਇਕ ਦੇ ਨਾਲ ਬੁੱਲਾ ਆਰਟ ਇੰਟਰਨੈਸ਼ਨਲ ਦੇ ਡਾਇਰੈਕਟਰ ਵੀ ਸਨ ਜੋ ਪੰਜਾਬੀ ਕਲਚਰ ਅਤੇ ਸਿੱਖਿਆ ਦੇ ਪ੍ਰੋਗਰਾਮ ਨੂੰ ਉਤਸ਼ਾਹਿਤ ਕਰਦਾ ਹੈ।

# ਸਿੱਖ ਨੌਜਵਾਨ ਦੇ ਪ੍ਰਭਾਵਸ਼ਾਲੀ ਵਿਚਾਰਾਂ ਕਾਰਨ ਅਮਰੀਕਾ 'ਚ ਸਿੱਖ ਇਤਿਹਾਸ ਬਾਰੇ ਹੋਇਆ ਬਿੱਲ ਪਾਸ

ਸ਼ੇਰਪੁਰ/ਏ.ਟੀ.ਨਿਊਜ਼ : ਪੰਜਾਬ ਦੇ ਧਾਰਮਿਕ ਆਗੂ ਸੰਤ ਹਾਕਮ ਸਿੰਘ ਗੰਡੇਵਾਲ ਦੇ ਹੋਣਹਾਰ ਪੋਤਰੇ ਗੁਰਇਕਪ੍ਰੀਤ ਸਿੰਘ ਸਪੁੱਤਰ ਗੁਰਪ੍ਰੀਤ ਸਿੰਘ ਗੰਡੇਵਾਲ ਨੇ ਐਸ. ਆਰ. 108 ਬਿੱਲ (ਜੋ ਕਿ ਸਿੱਖ ਇਤਿਹਾਸ ਦੀ ਸਿੱਖਿਆ ਨੂੰ ਅਮਰੀਕਾ ਦੇ ਸਕੂਲਾਂ ਵਿੱਚ ਲਾਗੂ ਕਰਨ ਦਾ ਬਿੱਲ ਹੈ) ਦੀ ਵਕਾਲਤ ਕਰਦੇ ਹੋਏ, ਨਿਊਜਰਸੀ ਸਟੇਟ ਹਾਊਸ ਅਨੇਕਸ 'ਚ ਸਿੱਖ ਇਤਿਹਾਸ ਸੰਬੰਧੀ ਬੋਲਣ ਮੌਕੇ ਪ੍ਰਭਾਵਸ਼ਾਲੀ ਵਿਚਾਰ ਪ੍ਰਗਟ ਕੀਤੇ। ਇਸ ਕਦਮ ਸਦਕਾ ਐਸ ਆਰ108 ਬਿੱਲ ਸਰਬਸੰਮਤੀ ਨਾਲ ਸਿੱਖਿਆ ਕਮੇਟੀ ਸਟੇਟ ਨਿਊਜਰਸੀ ਵਿੱਚ ਪਾਸ ਹੋ ਗਿਆ ਅਤੇ ਹੁਣ ਇਸ ਨੂੰ ਯੂਨਾਈਟਡ ਸਟੇਟ ਸੈਨੇਟ ਆਫਿਸ ਵਿੱਚ ਪਾਸ ਕਰਵਾਇਆ ਜਾਵੇਗਾ, ਜਿਸ ਨਾਲ ਨਿਊਜਰਸੀ ਦੇ ਸਕੂਲਾਂ ਵਿੱਚ ਹੋਰ ਵਿਸ਼ਿਆਂ ਦੇ ਨਾਲ ਨਾਲ ਸਿੱਖ ਇਤਿਹਾਸ ਬਾਰੇ ਵੀ ਪੜ੍ਹਾਇਆ ਜਾਵੇਗਾ। ਸੰਤ ਬਾਬਾ ਜਗਜੀਤ ਸਿੰਘ ਭੋਰਾ ਸਾਹਿਬ ਕਲੇਰਾਂ ਅਤੇ ਸੰਤ ਰਣਜੀਤ ਸਿੰਘ ਅਲੀਪੁਰ ਖ਼ਾਲਸਾ ਨੇ ਕਿਹਾ ਕਿ ਇਹ ਵਿਦੇਸ਼ਾਂ ਵਿੱਚ ਸਾਡੇ ਗੌਰਵਮਈ ਇਤਿਹਾਸ ਦੀ ਸ਼ਾਨਾਮੱਤੀ ਵਿਰਾਸਤ ਨੂੰ ਸੰਭਾਲਣ ਦਾ ਸ਼ਲਾਘਾਯੋਗ ਉਦਮ ਹੈ।


ਗੁਰਇਕਪਰੀਤ ਸਿੰਘ

# ਨਾਵਲ 'ਮੌਤ ਦਾ ਰੇਗਿਸਤਾਨ' ਦੇ ਲਿਖਾਰੀ ਅਤੇ ਪੰਥ ਦਰਦੀ ਚਰਨਜੀਤ ਸਿੰਘ ਸੁੱਜੋਂ ਦਾ ਸਰੀ ਵਿੱਚ ਸਨਮਾਨ

ਸਰੀ/ਏ.ਟੀ.ਨਿਊਜ਼ : ਪੰਥਕ ਲੇਖਕ ਅਤੇ ਮਾਂ ਬੋਲੀ ਪੰਜਾਬੀ ਦੇ ਹਿਤੈਸ਼ੀ ਭਾਈ ਚਰਨਜੀਤ ਸਿੰਘ ਸੁਜੋਂ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ। ਭਾਈ ਸੁੱਜੋ ਓਹੀ ਸ਼ਖਸੀਅਤ ਹਨ, ਜਿਨਾਂ ਨੇ ਅੱਜ ਤੋਂ ਡੇਢ ਦਹਾਕਾ ਪਹਿਲਾਂ 'ਮੌਤ ਦਾ ਰੇਗਿਸਤਾਨ' ਨਾਵਲ ਲਿਖਿਆ ਸੀ, ਜਿਸ ਵਿੱਚ ਵਿਦੇਸ਼ਾਂ ਦੀ ਧਰਤੀ 'ਤੇ ਜਾਣ ਲਈ ਮਜਬੂਰ ਅਤੇ ਭਾਰਤ ਅਤੇ ਪੰਜਾਬ ਦੀਆਂ ਸਰਕਾਰਾਂ ਦੀਆਂ ਬਦਨੀਤੀਆਂ ਤੋਂ ਤੰਗ ਨੌਜਵਾਨਾਂ ਦੀ ਮੌਤ ਦੇ ਮੂੰਹ ਵਿੱਚ ਜਾਣ ਦੀ ਦਾਸਤਾਨ ਹੈ ਅਤੇ ਲੇਖਕ ਦੀ ਹੱਡ ਬੀਤੀ ਹੈ। ਭਾਈ ਚਰਨਜੀਤ ਸਿੰਘ ਸੁੱਜੋਂ ਉਹੀ ਹਨ, ਜਿਨਾਂ ਨੇ 'ਇੱਕ ਰਾਸ਼ਟਰ ਇੱਕ ਭਾਸ਼ਾ' ਦੇ ਫਾਸ਼ੀਵਾਦੀ ਹਿੰਦੂ ਰਾਸ਼ਟਰ ਦਾ ਨਾਅਰਾ ਦੇਣ ਵਾਲੇ ਗੁਰਦਾਸ ਮਾਨ ਨੂੰ ਐਬਸਫੋਰਡ ਵਿਖੇ ਵੱਡੇ ਹਾਲ 'ਚ ਲਲਕਾਰਿਆ ਸੀ ਅਤੇ ਜਿਸ ਮਗਰੋਂ ਗੁਰਦਾਸ ਮਾਨ ਨੇ ਬਦਜ਼ੁਬਾਨੀ ਕੀਤੀ, ਜੋ ਆਖਰਕਾਰ ਉਸ ਦੀ ਕਲਾਕਾਰੀ ਦੇ ਜੀਵਨ ਦੀ ਤਬਾਹੀ ਦੀ ਘਟਨਾ ਬਣੀ। ਇਸ ਘਟਨਾ ਤੋਂ ਬਾਅਦ ਚਰਨਜੀਤ ਸਿੰਘ ਸੁੱਜੋ ਨੂੰ ਪੰਜਾਬੀ ਮਾਂ ਬੋਲੀ ਦੇ ਹਿਤੈਸ਼ੀ ਹਲਕਿਆਂ ਵਿੱਚ ਵੱਡਾ ਹੁੰਗਾਰਾ ਅਤੇ ਪਹਿਚਾਣ ਮਿਲੀ। ਆਪਣੀ ਕਿਸਮ ਦੇ ਇਸ ਵਿਲੱਖਣ ਨਾਵਲ ਸਦਕਾ ਉਹਨਾਂ ਨੂੰ ਪੰਜਾਬੀ ਦੇ ਸਾਹਿਤਿਕ ਹਲਕਿਆਂ ਵਿੱਚ ਜਾਣਿਆ ਜਾਣ ਲੱਗਿਆ। ਇਹ ਨਾਵਲ 2009 ਤੇ 2015 ਵਿੱਚ ਦੋ ਵਾਰ ਪ੍ਰਕਾਸ਼ਤ ਹੋ ਚੁੱਕਾ ਹੈ।






ਪਿਛਲੇ ਕੁਝ ਵਰਿਆਂ ਤੋਂ ਸਰੀ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ ਸੇਵਾਵਾਂ ਨਿਭਾਉਣ ਵਾਲੇ ਪੰਥ ਦਰਦੀ, ਮਾਂ ਬੋਲੀ ਪੰਜਾਬੀ ਦੇ ਹਿਤੈਸ਼ੀ ਭਾਈ ਚਰਨਜੀਤ ਸਿੰਘ ਸੁਜੋਂ ਨੂੰ ਉਨ੍ਹਾਂ ਦੀਆਂ ਸਾਹਿਤਿਕ ਅਤੇ ਪੰਥਕ ਸੇਵਾਵਾਂ ਲਈ 5 ਦਸੰਬਰ ਨੂੰ ਸਪਾਈਸ ਹਾਲ ਸਰੀ ਵਿਖੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਉਹਨਾਂ ਨੇ ਹੱਡ ਬੀਤੀ ਬਿਆਨ ਕਰਦਿਆਂ ਕਿਹਾ ਕਿ ਕੈਨੇਡਾ ਦੀ ਧਰਤੀ 'ਤੇ ਉਹਨਾਂ ਨੂੰ ਜੋ ਸਤਿਕਾਰ ਮਿਲਿਆ, ਉਸ ਲਈ ਸ਼ਹੀਦ ਭਾਈ ਹਰਦੀਪ ਸਿੰਘ ਨਿਝਰ ਦੇ ਸਦਾ ਲਈ ਰਿਣੀ ਹਨ, ਜਿਨਾਂ ਨੇ ਹਮੇਸ਼ਾ ਉਹਨਾਂ ਨੂੰ ਆਪਣੇ ਅਜ਼ੀਜ਼ ਸਮਝਦਿਆਂ ਹੋਇਆਂ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ 'ਤੇ ਉਹਨਾਂ ਕਿਹਾ ਕਿ ਸਰੀ ਤੋਂ ਮਗਰੋਂ ਹੁਣ ਮੌਂਟਰਿਅਲ ਵਿਖੇ ਉਹ ਸੇਵਾਵਾਂ ਨਿਭਾਉਣ ਜਾ ਰਹੇ ਹਨ।

ਇਸ ਮੌਕੇ 'ਤੇ ਮੌਜੂਦ ਸ਼ਖਸੀਅਤਾਂ ਵਿੱਚ ਸ਼ਾਮਿਲ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਦੇ ਹਿਤੈਸ਼ੀ ਭਾਈ ਚਰਨਜੀਤ ਸਿੰਘ ਸੁਜੋਂ ਨੇ ਸਿੱਖੀ ਸਿਧਾਂਤਾਂ ਤੋਂ ਸੇਧ ਲੈ ਕੇ ਲਿਖਿਆ ਹੈ, ਜੋ ਕਿ ਭਾਈ ਵੀਰ ਸਿੰਘ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਮਿਸਾਲ ਹੈ, ਜਿਨਾਂ ਨੇ ਨਾਵਲ ਸੁੰਦਰੀ, ਵਿਜੈ ਸਿੰਘ, ਸਤਵੰਤ ਕੌਰ ਅਤੇ ਰਾਣਾ ਸੂਰਤ ਸਿੰਘ ਸਮੇਤ ਪੰਜਾਬੀ ਵਿੱਚ 50 ਤੋਂ ਵੱਧ ਕਿਤਾਬਾਂ ਲਿਖੀਆਂ। (**ਬਾਕੀ ਸਫ਼ਾ 31 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

# ਔਰਤਾਂ ਦੇ ਅਧਿਕਾਰਾਂ ਲਈ ਮੁਹਿੰਮ ਚਲਾਉਣ ਵਾਲੀ ਨਰਗਿਸ ਮੁਹੰਮਦੀ ਦੇ ਬੱਚਿਆਂ ਨੇ ਹਾਸਲ ਕੀਤਾ ਨੋਬਲ ਸ਼ਾਂਤੀ ਪੁਰਸਕਾਰ

ਹੇਲਸਿੰਕੀ/ਏ.ਟੀ.ਨਿਊਜ਼ : ਜੇਲ੍ਹ ਵਿਚ ਬੰਦ ਈਰਾਨੀ ਕਾਰਕੁੰਨ ਨਰਗਿਸ ਮੁਹੰਮਦੀ ਦੇ ਬੱਚਿਆਂ ਨੇ ਨਾਰਵੇ ਦੀ ਰਾਜਧਾਨੀ ਵਿੱਚ ਆਯੋਜਿਤ ਇੱਕ ਸਮਾਰੋਹ ਦੌਰਾਨ ਆਪਣੀ ਮਾਂ ਨੂੰ ਇਸ ਸਾਲ ਦਾ ਦਿੱਤਾ ਗਿਆ ਨੋਬਲ ਸ਼ਾਂਤੀ ਪੁਰਸਕਾਰ ਹਾਸਲ ਕੀਤਾ। ਮੁਹੰਮਦੀ ਆਪਣੇ ਦੇਸ਼ ਵਿੱਚ ਔਰਤਾਂ ਦੇ ਅਧਿਕਾਰਾਂ ਅਤੇ ਲੋਕਤੰਤਰ ਲਈ ਮੁਹਿੰਮ ਚਲਾਉਣ ਦੇ ਨਾਲ-ਨਾਲ ਮੌਤ ਦੀ ਸਜ਼ਾ ਖ਼ਿਲਾਫ਼ ਆਵਾਜ਼ ਬੁਲੰਦ ਕਰਦੀ ਰਹੀ ਹੈ। ਮੁਹੰਮਦੀ ਦੇ 17 ਸਾਲਾ ਜੁੜਵਾਂ ਬੱਚੇ ਅਲੀ ਅਤੇ ਕਿਆਨਾ ਰਹਿਮਾਨੀ ਆਪਣੇ ਪਿਤਾ ਨਾਲ ਪੈਰਿਸ ਵਿੱਚ ਜਲਾਵਤਨੀ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਓਸਲੋ ਸਿਟੀ ਹਾਲ ਵਿਖੇ ਇਸ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।



ਮੁਹੰਮਦੀ ਇਸ ਸਮੇਂ ਤਹਿਰਾਨ ਦੀ ਜੇਲ ਵਿੱਚ ਬੰਦ ਹੈ। ਉਹ ਪਹਿਲਾਂ ਵੀ ਕਈ ਵਾਰ ਈਰਾਨ 'ਚ ਗ੍ਰਿਫਤਾਰ ਹੋ ਚੁੱਕੀ ਹੈ ਅਤੇ ਕਈ ਸਾਲ ਜੇਲ੍ਹ 'ਚ ਰਹੀ। ਸ਼ਨੀਵਾਰ ਨੂੰ ਓਸਲੋ ਵਿੱਚ ਇਕ ਨਿਊਜ਼ ਕਾਨਫਰੰਸ ਵਿੱਚ ਕਿਆਨਾ ਰਹਿਮਾਨੀ ਨੇ ਆਪਣੀ ਮਾਂ ਦਾ ਇਕ ਸੰਦੇਸ਼ ਪੜ੍ਹਿਆ, ਜਿਸ ਵਿੱਚ ਉਸ ਨੇ 'ਪੂਰੀ ਦੁਨੀਆ ਵਿੱਚ ਅਸਹਿਮਤੀ, ਪ੍ਰਦਰਸ਼ਨਕਾਰੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਦੀ ਆਵਾਜ਼ ਨੂੰ ਪੂਰੀ ਦੁਨੀਆ 'ਚ ਪਹੁੰਚਾਉਣ ਲਈ ਅੰਤਰਰਾਸ਼ਟਰੀ ਮੀਡੀਆ ਵੱਲੋਂ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ। ਪੁਰਸਕਾਰਾਂ ਦੇ 122 ਸਾਲਾਂ ਦੇ ਇਤਿਹਾਸ ਵਿੱਚ ਇਹ 5ਵੀਂ ਵਾਰ ਹੈ, ਜਦੋਂ ਨੋਬਲ ਸ਼ਾਂਤੀ ਪੁਰਸਕਾਰ ਕਿਸੇ ਅਜਿਹੇ ਵਿਅਕਤੀ ਨੂੰ ਦਿੱਤਾ ਗਿਆ ਹੈ, ਜੋ ਜੇਲ ਵਿੱਚ ਹੈ ਜਾਂ ਨਜ਼ਰਬੰਦ ਹੈ।

## ਅਮਰੀਕਾ 'ਚ ਭਾਰਤੀ-ਅਮਰੀਕੀ ਭਾਈਚਾਰੇ ਨੇ ਗਰਬਾ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ

### ਯੂਨੈਸਕੋ ਵੱਲੋਂ ਗਰਬਾ ਨੂੰ ਸਭਿਆਚਾਰਕ ਵਿਰਾਸਤ ਸੂਚੀ 'ਚ ਸ਼ਾਮਿਲ ਕਰਨ ਉੱਪਰ ਪ੍ਰਗਟਾਈ ਖ਼ੁਸ਼ੀ



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਭਾਰਤੀ ਅਮਰੀਕੀ ਭਾਈਚਾਰੇ ਨੇ ਨਿਊ ਯਾਰਕ ਦੇ ਵਿਸ਼ਵ ਪ੍ਰਸਿੱਧ ਚੌਕ ਟਾਈਮਜ਼ ਸਕੁਏਅਰ ਵਿਖੇ ਗਰਬਾ ਦੇ ਜਸ਼ਨ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਏ ਗਏ। ਇਸ ਮੌਕੇ ਹੋਏ ਇੱਕ ਵੱਡੇ ਇਕੱਠ ਵਿੱਚ ਨਿਊਜਰਸੀ ਸਮੇਤ ਨਿਊਯਾਰਕ ਦੇ ਆਸ ਪਾਸ ਦੇ ਖੇਤਰਾਂ ਵਿਚੋਂ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ।

ਯੂਨੈਸਕੋ ਵੱਲੋਂ ਆਪਣੀ ਸਭਿਆਚਾਰਕ ਵਿਰਾਸਤ ਸੂਚੀ ਵਿੱਚ ਗਰਬਾ ਨੂੰ ਸ਼ਾਮਿਲ ਕਰਨ ਉਪਰ ਖੁਸ਼ੀ ਪ੍ਰਗਟ ਕਰਨ ਲਈ ਫੈਡਰੇਸ਼ਨ ਆਫ਼ ਇੰਡੀਅਨ ਐਸੋਸੀਏਸ਼ਨ ਵੱਲੋਂ ਹੋਰ ਕਈ ਸੰਗਠਨਾਂ ਤੇ ਕੌਂਸਲੇਟ ਜਨਰਲ ਆਫ਼ ਇੰਡੀਆ ਨਿਊਯਾਰਕ ਦੇ ਸਮਰਥਨ ਨਾਲ ਕਰਵਾਏ ਇਸ ਸਮਾਗਮ ਵਿੱਚ ਸ਼ਾਮਿਲ ਲੋਕਾਂ ਨੇ ਰਵਾਇਤੀ ਗੁਜਰਾਤੀ ਨਾਚ ਕੀਤਾ ਤੇ ਇਕ ਦੂਸਰੇ ਨਾਲ ਖੁਸ਼ੀ ਸਾਂਝੀ ਕੀਤੀ। ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਸੀ। ਇਸ ਹਫਤੇ ਦੇ ਸ਼ੁਰੂ ਵਿੱਚ ਹੀ ਯੂਨੈਸਕੋ ਦੀ ਅੰਤਰ ਸਰਕਾਰੀ ਕਮੇਟੀ ਨੇ ਗਰਬਾ ਆਫ਼ ਗੁਜਰਾਤ ਨੂੰ ਸੱਭਿਆਚਾਰਕ ਵਿਰਾਸਤ ਸੂਚੀ ਵਿੱਚ ਸ਼ਾਮਿਲ ਕਰਨ ਦਾ ਐਲਾਨ ਕੀਤਾ ਸੀ।

## ਅਮਰੀਕਾ 'ਚ ਡੀ. ਐਨ. ਏ. ਦੀ ਜਾਂਚ ਨਾਲ 25 ਸਾਲ ਪੁਰਾਣਾ ਰੇਪ ਤੇ ਹੱਤਿਆ ਦਾ ਮਾਮਲਾ ਹੱਲ



ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਵਿੱਚ ਤਕਰੀਬਨ 25 ਸਾਲ ਪੁਰਾਣਾ ਜਬਰਜਨਾਹ ਤੇ ਹੱਤਿਆ ਦਾ ਮਾਮਲਾ ਡੀ. ਐਨ. ਏ. ਦੀ ਜਾਂਚ ਦੁਆਰਾ ਹੱਲ ਕਰ ਲਿਆ ਗਿਆ ਹੈ। ਇਹ ਜਾਣਕਾਰੀ ਬਰੋਵਰਡ ਕਾਊਂਟੀ (ਫਲੋਰਿਡਾ) ਸ਼ੈਰਿਫ ਦਫ਼ਤਰ ਨੇ ਜਾਰੀ ਇੱਕ ਬਿਆਨ ਵਿੱਚ ਦਿੱਤੀ ਹੈ। ਜਾਰੀ ਬਿਆਨ ਵਿੱਚ ਸ਼ੈਰਿਫ ਗਰੇਗਰੀ ਟੋਨੀ ਨੇ ਕਿਹਾ ਹੈ ਕਿ ਪੀੜਤ ਦੀ ਪਛਾਣ

ਈਲੀਨ ਟਰੁੱਪਨਰ ਤੇ ਹਤਿਆਰੇ ਦੀ ਪਛਾਣ 64 ਸਾਲਾ ਲੂਸੀਅਸ ਬਾਇਡ ਵਜੋਂ ਹੋਈ ਹੈ। ਬਾਇਡ ਪਹਿਲਾਂ ਹੀ ਜੇਲ੍ਹ ਵਿੱਚ ਹੈ ਤੇ ਉਸ ਨੂੰ ਟਰੁੱਪਨਰ ਦੀ ਹੱਤਿਆ ਤੋਂ 2 ਹਫਤੇ ਪਹਿਲਾਂ ਇੱਕ ਹੋਰ ਹੱਤਿਆ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਦਸੰਬਰ 1998 ਵਿੱਚ ਟਰੁੱਪਨਰ ਦੀ ਲਾਸ਼ ਦੱਖਣ ਪੱਛਮੀ ਬਰੋਵਰਡ ਕਾਊਂਟੀ ਵਿੱਚ ਯੂ ਐਸ ਰੂਟ 27 ਨੇੜੇ ਮਿਲੀ ਸੀ। ਸ਼ੈਰਿਫ ਦਫ਼ਤਰ ਦੇ ਕੈਪਟਨ ਜੋਨਾਥਨ ਬਰਾਊਨ ਨੇ ਕਿਹਾ ਹੈ ਕਿ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਬਾਇਡ ਇੱਕ ਸੀਰੀਅਲ ਹਤਿਆਰਾ ਹੈ।

## ਅਮਰੀਕੀ ਅਦਾਲਤ ਵੱਲੋਂ 4 ਵਿਦਿਆਰਥੀਆਂ ਦੀ ਹੱਤਿਆ ਦੇ ਮਾਮਲੇ 'ਚ ਨਾਬਾਲਗ ਨੂੰ ਉਮਰ ਕੈਦ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : 2021 ਵਿੱਚ ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿੱਚ ਆਪਣੇ 4 ਸਾਥੀ ਵਿਦਿਆਰਥੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਤੇ ਇੱਕ ਅਧਿਆਪਕ ਸਮੇਤ 6 ਹੋਰਨਾਂ ਨੂੰ ਜ਼ਖਮੀ ਕਰ ਦੇਣ ਦੇ ਮਾਮਲੇ ਵਿੱਚ ਅਦਾਲਤ ਨੇ 17 ਸਾਲਾ ਨਬਾਲਗ ਏਥਾਨ ਕਰੂੰਬਲੇ ਨੂੰ ਬਿਨਾਂ ਪੈਰੋਲ ਉਮਰ ਭਰ ਲਈ ਜੇਲ੍ਹ ਵਿੱਚ ਬੰਦ ਰੱਖਣ ਦੀ ਸਜ਼ਾ ਸੁਣਾਈ ਹੈ। ਓਕ ਲੈਂਡ ਕਾਊਂਟੀ ਸਰਕਟ ਕੋਰਟ ਜੱਜ ਵਾਮ ਰੋਏ ਨੇ ਬਚਾਅ ਪੱਖ ਦੇ ਵਕੀਲਾਂ



ਵੱਲੋਂ ਆਖਰੀ ਸਮੇਂ ਵਿੱਚ ਕਰੂੰਬਲੇ ਦੀ ਉਮਰ ਦੇ ਮੱਦੇ-ਨਜ਼ਰ ਉਸ ਨੂੰ ਮੁਆਫ਼ ਕਰ ਦੇਣ ਦੀ ਕੀਤੀ ਅਪੀਲ ਰੱਦ ਕਰਦਿਆਂ ਕਿਹਾ ਕਿ ਏਥਾਨ ਕਰੂੰਬਲੇ ਨੇ ਖੁਦ ਅਦਾਲਤ ਨੂੰ ਕਿਹਾ ਹੈ ਕਿ ਇਹ ਹੋਰ ਕਿਸੇ ਦੀ ਨਹੀਂ ਬਲਕਿ ਉਸ ਦੀ ਆਪਣੀ ਗਲਤੀ ਹੈ। ਇਸ ਗੋਲੀਬਾਰੀ ਵਿੱਚ 17 ਸਾਲ ਤੋਂ ਘੱਟ ਉਮਰ ਦੇ 4 ਵਿਦਿਆਰਥੀ ਮਾਰੇ ਗਏ ਸਨ, ਜਿਨ੍ਹਾਂ ਦੇ ਕਈ ਕਈ ਗੋਲੀਆਂ ਮਾਰੀਆਂ ਗਈਆਂ ਸਨ। ਮਾਰੇ ਗਏ ਵਿਦਿਆਰਥੀਆਂ ਵਿੱਚ ਜਸਟਿਨ ਸ਼ੀਲਿੰਗ, ਹਨਾ ਜੁਲੀਅਨਾ, ਟੇਟ ਮਾਇਰ ਤੇ ਮੈਡੀਸਿਨ ਬੈਲਡਵਿਨ ਸ਼ਾਮਿਲ ਹਨ। ਜਦੋਂ ਏਥਾਨ ਕਰੂੰਬਲੇ ਨੇ ਇਹ ਅਪਰਾਧ ਕੀਤਾ ਸੀ, ਉਸ ਸਮੇਂ ਉਸ ਦੀ ਉਮਰ 15 ਸਾਲ ਸੀ।

## ਹੱਤਿਆ ਮਾਮਲੇ 'ਚ 20 ਸਾਲ ਜੇਲ੍ਹ ਕੱਟਣ ਉਪਰੰਤ ਨਿਰਦੋਸ਼ ਕਰਾਰ ਦੇ ਕੇ ਕੀਤਾ ਰਿਹਾਅ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਹੱਤਿਆ ਦੇ ਮਾਮਲੇ ਵਿੱਚ ਗਲਤ ਢੰਗ ਤਰੀਕੇ ਨਾਲ ਦੋਸ਼ੀ ਕਰਾਰ ਦੇ ਕੇ ਸੁਣਾਈ ਸਜ਼ਾ ਤਹਿਤ ਤਕਰੀਬਨ 20 ਸਾਲ ਜੇਲ ਕੱਟਣ ਉਪਰੰਤ ਇੱਕ ਵਿਅਕਤੀ ਨੂੰ ਨਿਰਦੋਸ਼ ਕਰਾਰ ਦੇ ਕੇ ਰਿਹਾਅ ਕਰ ਦੇਣ ਦੀ ਖ਼ਬਰ ਹੈ। ਮਿਨੀਸੋਟਾ ਦੇ 35 ਸਾਲਾ ਵਿਅਕਤੀ ਮਾਰਵਿਨ ਹੇਅਨਸ ਨੂੰ ਮਿਨੀਆਪੋਲਿਸ ਫਲਾਵਰ ਸ਼ਾਪ ਵਿਖੇ 55 ਸਾਲਾ ਰੈਂਡੀ ਸ਼ੈਰਰ ਨੂੰ ਗੋਲੀ ਮਾਰ ਕੇ ਮਾਰ ਦੇਣ ਦੇ ਮਾਮਲੇ ਵਿੱਚ ਪਹਿਲਾ ਦਰਜਾ ਹੱਤਿਆ ਲਈ 2004 ਵਿੱਚ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਗਈ ਸੀ।

## ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਦੌੜ 'ਚ ਟਰੰਪ ਨੇ ਬਾਈਡੇਨ ਨੂੰ ਪਿੱਛੇ ਛੱਡਿਆ

### ਟਰੰਪ ਬਣੇ ਲੋਕਾਂ ਦੀ ਪਸੰਦ, ਬਾਈਡੇਨ ਦੀ ਪ੍ਰਵਾਨਗੀ ਰੇਟਿੰਗ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਸਾਲ 2024 ਵਿੱਚ ਹੋਣ ਵਾਲੀ ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਡੋਨਾਲਡ ਟਰੰਪ ਨੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਪਿੱਛੇ ਛੱਡ ਦਿੱਤਾ ਹੈ। ਅਸਲ 'ਚ ਰਾਸ਼ਟਰੀ ਸਰਵੇਖਣ 'ਚ ਡੋਨਾਲਡ ਟਰੰਪ 47 ਫੀਸਦੀ ਲੋਕਾਂ ਦੀ ਪਹਿਲੀ ਪਸੰਦ ਬਣ ਕੇ ਸਾਹਮਣੇ ਆਏ ਹਨ, ਜਦੋਂ ਕਿ 43 ਫੀਸਦੀ ਲੋਕਾਂ ਨੇ ਜੋਅ ਬਾਈਡੇਨ ਨੂੰ ਆਪਣੀ ਪਸੰਦ ਦੱਸਿਆ। ਇਸ ਤਰ੍ਹਾਂ ਟਰੰਪ ਨੇ ਬਾਈਡੇਨ 'ਤੇ ਚਾਰ ਫੀਸਦੀ ਦੀ ਲੀਡ ਲੈ ਲਈ ਹੈ। ਸਰਵੇਖਣ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਟਰੰਪ ਨੇ ਬਿਡੇਨ 'ਤੇ ਬੜਤ ਹਾਸਲ ਕਰ ਲਈ ਹੈ।

**ਜੋਅ ਬਾਈਡੇਨ ਦਾ ਰਾਹ ਹੋ ਸਕਦਾ ਹੈ ਮੁਸ਼ਕਿਲ**

ਦਰਅਸਲ ਵਾਲ ਸਟਰੀਟ ਜਰਨਲ ਨੇ ਇਹ ਸਰਵੇ ਕੀਤਾ ਹੈ। ਸਰਵੇਖਣ ਵਿੱਚ ਧਿਆਨ ਦੇਣ ਯੋਗ ਇੱਕ ਹੋਰ ਗੱਲ ਇਹ ਹੈ ਕਿ ਬਾਈਡੇਨ ਦੀ ਪ੍ਰਵਾਨਗੀ ਰੇਟਿੰਗ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਅਜਿਹਾ ਜਾਪਦਾ ਹੈ ਕਿ ਅਗਲੇ ਕਾਰਜਕਾਲ ਲਈ ਉਮੀਦਵਾਰ ਬਣਨ ਦੀਆਂ ਬਾਈਡੇਨ ਦੀਆਂ ਕੋਸ਼ਿਸ਼ਾਂ ਨੂੰ ਝਟਕਾ ਲੱਗ ਸਕਦਾ ਹੈ। ਇੱਥੋਂ ਤੱਕ ਕਿ ਡੈਮੋਕਰੇਟਿਕ ਪਾਰਟੀ ਵਿੱਚ ਬਾਈਡੇਨ ਨੂੰ ਦੂਜਾ ਕਾਰਜਕਾਲ ਦੇਣ ਨੂੰ ਲੈ ਕੇ ਮਤਭੇਦ ਉੱਭਰ ਰਹੇ ਹਨ। ਹਾਲਾਂਕਿ ਬਾਈਡੇਨ ਨੇ ਕਿਹਾ ਹੈ ਕਿ ਉਹ ਅਗਲੇ ਸਾਲ ਹੋਣ ਵਾਲੀਆਂ ਚੋਣਾਂ 'ਚ ਵੀ ਆਪਣੀ ਉਮੀਦਵਾਰੀ ਪੇਸ਼ ਕਰਨਗੇ। ਸਭ ਤੋਂ ਵੱਡੀ ਚਿੰਤਾ ਬਾਈਡੇਨ ਦੀ ਉਮਰ ਨੂੰ ਲੈ ਕੇ ਸਾਹਮਣੇ ਆਈ ਹੈ ਕਿਉਂਕਿ ਜਦੋਂ ਅਗਲੇ ਸਾਲ ਚੋਣਾਂ ਹੋਣਗੀਆਂ ਤਾਂ ਬਾਈਡੇਨ ਦੀ ਉਮਰ 81 ਸਾਲ ਹੋਵੇਗੀ ਅਤੇ ਅਗਲੇ ਕਾਰਜਕਾਲ ਦੇ ਅੰਤ 'ਤੇ ਉਹ 86 ਸਾਲ ਦੇ ਹੋ ਜਾਣਗੇ। ਇਸ ਤੋਂ ਇਲਾਵਾ ਬਾਈਡੇਨ ਦੇ ਬੇਟੇ ਹੰਟਰ ਬਾਡੇਨ 'ਤੇ ਟੈਕਸ ਮਾਮਲਿਆਂ 'ਚ ਵੀ ਦੋਸ਼ ਲੱਗੇ ਹਨ, ਇਸ ਨਾਲ ਵੀ ਜੋ ਬਾਈਡੇਨ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ।

**ਲਗਾਤਾਰ ਵਧ ਰਹੀ ਟਰੰਪ ਦੀ ਲੋਕਪ੍ਰਿਅਤਾ**

ਡੋਨਾਲਡ ਟਰੰਪ ਕਈ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਲੋਕਪ੍ਰਿਅਤਾ ਵਧ ਰਹੀ ਹੈ। ਡੋਨਾਲਡ ਟਰੰਪ ਆਪਣੀ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਤੋਂ ਕਾਫੀ ਅੱਗੇ ਹਨ। ਸ਼ਾਇਦ ਬਾਈਡੇਨ ਵੀ ਇਸ ਗੱਲ ਨੂੰ ਮਹਿਸੂਸ ਕਰ ਰਹੇ ਹਨ, ਇਸੇ ਲਈ ਬੀਤੇ ਸ਼ੁੱਕਰਵਾਰ ਨੂੰ ਕੈਲੀਫੋਰਨੀਆ ਵਿੱਚ ਇੱਕ ਫੰਡ ਰੇਜ਼ਿੰਗ ਸਮਾਗਮ ਵਿੱਚ ਬਾਈਡੇਨ ਨੇ ਟਰੰਪ 'ਤੇ ਸਿੱਧਾ ਹਮਲਾ ਕੀਤਾ ਸੀ ਅਤੇ ਟਰੰਪ ਸਮਰਥਕਾਂ ਵੱਲੋਂ ਯੂ.ਐੱਸ. ਕੈਪੀਟਲ 'ਤੇ ਹਮਲੇ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਟਰੰਪ ਦੇ ਉਸ ਬਿਆਨ ਦੀ ਵੀ ਆਲੋਚਨਾ ਕੀਤੀ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਉਹ ਸਿਰਫ਼ ਇੱਕ ਦਿਨ ਲਈ ਤਾਨਾਸ਼ਾਹ ਬਣ ਜਾਣਗੇ।

# ਬ੍ਰਿਟੇਨ 'ਚ 40 ਫ਼ੀਸਦੀ ਭਾਰਤੀ ਡਾਕਟਰ ਨਸਲਵਾਦ ਦਾ ਸ਼ਿਕਾਰ

ਲੰਡਨ/ਏ.ਟੀ.ਨਿਊਜ਼ : ਬ੍ਰਿਟੇਨ ਵਿੱਚ ਜ਼ਿਆਦਾਤਰ ਭਾਰਤੀ ਡਾਕਟਰ ਨਸਲੀ ਅਤੇ ਪੱਖਪਾਤੀ ਵਿਵਹਾਰ ਦਾ ਸਾਹਮਣਾ ਕਰ ਰਹੇ ਹਨ। ਇੱਕ ਅਧਿਐਨ ਦੇ ਅਨੁਸਾਰ, ਲਗਭਗ 40% ਭਾਰਤੀ ਡਾਕਟਰ ਆਪਣੇ ਸਾਥੀਆਂ ਦੇ ਨਾਲ-ਨਾਲ ਮਰੀਜ਼ਾਂ ਦੇ ਅਜਿਹੇ ਵਿਵਹਾਰ ਦਾ ਸ਼ਿਕਾਰ ਹੋਏ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸਾਥੀਆਂ ਵੱਲੋਂ ਝੂਠੀਆਂ ਸ਼ਿਕਾਇਤਾਂ ਅਤੇ ਸਰੀਰਕ ਹਮਲਿਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਮਰੀਜ਼ ਤਾਂ ਯੋਗਤਾ ਅਤੇ ਸਮਰਥਾ 'ਤੇ ਸ਼ੱਕ ਜ਼ਾਹਰ ਕਰਦੇ ਹੋਏ ਭਾਰਤੀ ਡਾਕਟਰਾਂ ਤੋਂ ਇਲਾਜ ਕਰਵਾਉਣ ਤੋਂ ਵੀ ਇਨਕਾਰ ਕਰ ਰਹੇ ਹਨ।

ਵਿਦੇਸ਼ਾਂ ਵਿੱਚ ਸਿਖਲਾਈ ਪ੍ਰਾਪਤ 2,000 ਤੋਂ ਵੱਧ ਭਾਰਤੀ ਡਾਕਟਰਾਂ 'ਤੇ ਕੀਤੇ ਗਏ ਅਧਿਐਨ ਅਨੁਸਾਰ ਕੰਮ ਵਾਲੀ ਥਾਂ 'ਤੇ ਨਸਲਵਾਦ ਦੀਆਂ ਘਟਨਾਵਾਂ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਗਈਆਂ ਹਨ। ਇਸ ਤੋਂ ਤੰਗ ਆ ਕੇ ਉਨ੍ਹਾਂ ਡਾਕਟਰਾਂ ਦੇ ਐੱਨ. ਐੱਚ. ਐੱਸ. ਛੱਡਣ ਦਾ ਵੀ ਡਰ ਵਧ ਗਿਆ ਹੈ, ਜੋ ਅਹਿਮ ਭੂਮਿਕਾ ਨਿਭਾ ਰਹੇ ਹਨ। ਜ਼ਿਆਦਾਤਰ ਡਾਕਟਰ



ਨਸਲਵਾਦ ਦਾ ਸ਼ਿਕਾਰ ਹੁੰਦੇ ਹਨ, ਪਰ ਰਿਪੋਰਟ ਕਰਨ ਤੋਂ ਬਚਦੇ ਹਨ ਕਿਉਂਕਿ ਉਹ ਉਮੀਦ ਕਰਦੇ ਹਨ ਕਿ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਕਈ ਮਾਮਲਿਆਂ ਵਿੱਚ ਅਜਿਹਾ ਹੋਇਆ। ਨਸਲਵਾਦ ਦੇ ਸ਼ਿਕਾਰ ਲੋਕ ਪਰੇਸ਼ਾਨ, ਅਪਮਾਨਿਤ, ਹਾਸ਼ੀਏ 'ਤੇ ਮਹਿਸੂਸ ਕਰਦੇ ਹਨ।

ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ ਦੇ ਚੇਅਰਮੈਨ ਡਾਕਟਰ ਚੰਦ ਨਾਗਪਾਲ ਨੇ ਕਿਹਾ ਕਿ ਐਨ. ਐਚ. ਐਸ. ਖੁਦ ਨਸਲਵਾਦ ਤੋਂ ਪੀੜਤ ਹੈ। ਜਦੋਂ ਐਨ. ਐਚ. ਐਸ. ਇੰਗਲੈਂਡ ਨਾਲ ਸੰਪਰਕ ਕੀਤਾ, ਤਾਂ ਜਵਾਬ ਮਿਲਿਆ - ਅਸੀਂ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਉਂਦੇ ਹਾਂ। ਡਾ: ਨਾਗਪਾਲ ਨੇ ਕਿਹਾ, ਨਸਲਵਾਦ ਪ੍ਰਤਿਭਾਸ਼ਾਲੀ ਲੋਕਾਂ ਨੂੰ ਅੱਗੇ ਵਧਣ ਤੋਂ ਰੋਕਦਾ ਹੈ। ਇਸ ਨਾਲ ਮਾਨਸਿਕ ਸਿਹਤ ਪ੍ਰਭਾਵਿਤ ਹੋ ਰਹੀ ਹੈ। ਬ੍ਰਿਟੇਨ ਵਿੱਚ ਲਗਭਗ 35 ਹਜ਼ਾਰ ਭਾਰਤੀ ਡਾਕਟਰ ਅਤੇ ਨਰਸਾਂ ਕੰਮ ਕਰ ਰਹੀਆਂ ਹਨ, ਜੋ ਕਿ ਵਿਦੇਸ਼ੀ ਡਾਕਟਰਾਂ ਵਿੱਚ ਸਭ ਤੋਂ ਵੱਡੀ ਗਿਣਤੀ ਹੈ। ਯੂ.ਕੇ. ਵਿੱਚ 123,000 ਡਾਕਟਰਾਂ ਅਤੇ ਨਰਸਾਂ ਵਿੱਚੋਂ, ਲਗਭਗ 40% ਗੈਰ-ਬ੍ਰਿਟਿਸ਼ ਹਨ। ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ ਦੇ ਅਨੁਸਾਰ, ਕੰਮ 'ਤੇ ਨਸਲਵਾਦ ਦਾ ਅਨੁਭਵ ਕਰਨ ਵਾਲੇ 70% ਤੋਂ ਵੱਧ ਲੋਕਾਂ ਨੇ ਇਸ ਬਾਰੇ ਸ਼ਿਕਾਇਤ ਨਹੀਂ ਕੀਤੀ। ਦੁਬਈ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਨੈਫਰੋਲੋਜਿਸਟ ਡਾਕਟਰ ਜਗਦੀਸ਼ ਨੰਜੱਪਾ ਨੇ ਕਿਹਾ ਕਿ ਜਦੋਂ ਉਹ 2012 ਵਿੱਚ ਯੂਕੇ ਵਿੱਚ ਇੱਕ ਸਿਖਿਆਰਥੀ ਡਾਕਟਰ ਸੀ, ਤਾਂ ਉਸ ਦੇ ਸੁਪਰਵਾਈਜ਼ਰ ਦੁਆਰਾ ਅਕਸਰ ਉਨ੍ਹਾਂ ਦਾ ਅਪਮਾਨ ਕੀਤਾ ਜਾਂਦਾ ਸੀ। ਕੋਰਸ ਦੇ ਅੰਤ ਵਿੱਚ ਉਸਨੇ ਇਹ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸਨੇ ਸਿਖਲਾਈ ਪੂਰੀ ਕਰ ਲਈ ਹੈ। ਜਦੋਂ ਇਹ ਮੁੱਦਾ ਉਠਾਇਆ ਗਿਆ ਤਾਂ ਉਸ ਨੂੰ ਕਿਸੇ ਵੀ ਕਾਊਂਟੀ ਵਿੱਚ ਨੌਕਰੀ ਨਹੀਂ ਮਿਲੀ॥

## ਦਰਪਣ ਝੂਠ ਨਹੀਂ ਬੋਲਦਾ

# ਅਮਰੀਕਾ 'ਚ ਹਿੰਦੂਤਵੀ ਜਥੇਬੰਦੀਆਂ ਦੀਆਂ ਫਿਰਕੂ ਸਰਗਰਮੀਆਂ ਕਾਰਨ ਘੱਟ ਗਿਣਤੀਆਂ ਚਿੰਤਤ

## ਅਮਰੀਕੀ ਪ੍ਰਸ਼ਾਸਨ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੇ ਨੇ ਭਗਵੇਂਵਾਦੀ

### ਹਿੰਦੂ ਮਨੁੱਖੀ ਅਧਿਕਾਰ ਸੰਗਠਨ ਵੀ ਇਸ ਮਾਮਲੇ ਨੂੰ ਲੈ ਕੇ ਚਿੰਤਤ

ਅਮਰੀਕਾ ਵਿੱਚ ਫਿਰਕੂ ਹਿੰਦੂਤਵੀ ਸਮੂਹਾਂ ਦੀ ਸਰਗਰਮੀ ਨੂੰ ਲੈ ਕੇ ਮਨੁੱਖੀ ਅਧਿਕਾਰਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਸਰਗਰਮ ਜਥੇਬੰਦੀਆਂ ਵਿੱਚ ਡੂੰਘੀ ਚਿੰਤਾ ਹੈ। ਆਰ.ਐਸ.ਐਸ. ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਜੁੜੀਆਂ ਜਥੇਬੰਦੀਆਂ ਖਾਸ ਕਰਕੇ ਅਮਰੀਕਾ ਵਿੱਚ ਭਾਰਤੀ ਮੂਲ ਦੇ ਹਿੰਦੂਆਂ ਵਿੱਚ ਮੁਸਲਿਮ ਵਿਰੋਧੀ ਵਿਚਾਰਾਂ ਦਾ ਪ੍ਰਚਾਰ ਕਰਨ ਵਿੱਚ ਲੱਗੀਆਂ ਹੋਈਆਂ ਹਨ। ਮੋਦੀ ਸ਼ਾਸਨ ਦੌਰਾਨ ਅਜਿਹੀਆਂ ਸੰਸਥਾਵਾਂ ਨੂੰ ਕਾਫੀ ਸੁਰੱਖਿਆ ਮਿਲ ਰਹੀ ਹੈ ਅਤੇ ਉਹ ਅਮਰੀਕੀ ਪ੍ਰਸ਼ਾਸਨ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵੀ ਕਰ ਰਹੇ ਹਨ। ਅਮਰੀਕਾ ਵਿੱਚ ਇਸ ਦਾ ਸਭ ਤੋਂ ਜ਼ਿਆਦਾ ਅਸਰ ਸ਼ਿਕਾਗੋ ਸੂਬੇ ਵਿੱਚ ਦੇਖਣ ਨੂੰ ਮਿਲ ਰਿਹਾ ਹੈ, ਜਿੱਥੇ ਉੱਥੇ ਰਹਿੰਦੇ ਕਰੀਬ 2,38,000 ਭਾਰਤੀ ਅਮਰੀਕੀਆਂ 'ਚ ਇਸ ਮੁੱਦੇ 'ਤੇ ਲਗਾਤਾਰ ਬਹਿਸ ਚੱਲ ਰਹੀ ਹੈ। ਕਈ ਹਿੰਦੂ ਮਨੁੱਖੀ ਅਧਿਕਾਰ ਸੰਗਠਨ ਵੀ ਇਸ ਮਾਮਲੇ ਨੂੰ ਲੈ ਕੇ ਚਿੰਤਤ ਹਨ। ਉਹ ਹਿੰਦੂਆਂ ਨੂੰ ਹਿੰਦੂ ਧਰਮ ਅਤੇ ਹਿੰਦੂਵਾਦ ਵਿੱਚ ਫਰਕ ਕਰਨ ਅਤੇ ਹਿੰਦੂ ਰਾਸ਼ਟਰਵਾਦ ਦੇ ਖ਼ਤਰੇ ਨੂੰ ਸਮਝਣ ਦੀ ਅਪੀਲ ਕਰਦੇ ਹਨ।

ਇਸ ਮੁੱਦੇ 'ਤੇ ਚਿੰਤਾ ਜ਼ਾਹਰ ਕਰਦੇ ਹੋਏ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਦੇ ਕਾਰਜਕਾਰੀ ਨਿਰਦੇਸ਼ਕ, ਰਸ਼ੀਦ ਅਹਿਮਦ ਨੇ ਸ਼ਿਕਾਗੋ ਸਨ ਟਾਈਮਜ਼ ਵਿੱਚ ਇੱਕ ਲੇਖ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਸਾਡੇ ਸੁੰਦਰ ਸ਼ਹਿਰ ਸ਼ਿਕਾਗੋ ਵਿੱਚ ਹਿੰਦੂ ਰਾਸ਼ਟਰਵਾਦ ਨੂੰ ਲੈ ਕੇ ਲੜਾਈ ਚੱਲ ਰਹੀ ਹੈ। ਹਿੰਦੂ ਰਾਸ਼ਟਰਵਾਦ ਦਾ ਸੰਕਲਪ, 20ਵੀਂ ਸਦੀ ਵਿੱਚ ਹਿਟਲਰ ਅਤੇ ਮੁਸੋਲਿਨੀ ਦੇ ਭਾਰਤੀ



ਪ੍ਰਸ਼ੰਸਕਾਂ ਦੁਆਰਾ ਵਿਕਸਤ ਕੀਤਾ ਗਿਆ, ਇੱਕ ਅਖੰਡ ਰਾਜਨੀਤਿਕ ਪ੍ਰੋਜੈਕਟ ਹੈ ਜੋ ਭਾਰਤ ਨੂੰ ਇੱਕ ਬੁਨਿਆਦੀ ਤੌਰ 'ਤੇ ਹਿੰਦੂ ਰਾਜ ਵਿੱਚ ਬਦਲਣ ਦੀ ਕੋਸ਼ਿਸ਼ ਕਰਦਾ ਹੈ ਜਿੱਥੇ ਦੂਜੇ ਧਰਮਾਂ ਦੇ ਲੋਕ, ਖਾਸ ਕਰਕੇ ਮੁਸਲਮਾਨ ਅਤੇ ਈਸਾਈ, ਦੂਜੇ ਦਰਜੇ ਦੇ ਨਾਗਰਿਕ ਹਨ।

ਰਸ਼ੀਦ ਅਹਿਮਦ ਅਨੁਸਾਰ ਹਿੰਦੂਤਵੀ ਜਥੇਬੰਦੀਆਂ ਸਥਾਨਕ ਵੋਟਰਾਂ ਦੀ ਅਗਿਆਨਤਾ ਦਾ ਫਾਇਦਾ ਉਠਾ ਕੇ ਵੰਨ-ਸੁਵੰਨੇ ਸ਼ਹਿਰ ਵਿੱਚ ਕੱਟੜਪੰਥੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੀਆਂ ਹਨ, ਜਿਸ ਬਾਰੇ ਸੁਚੇਤ ਰਹਿਣਾ ਜ਼ਰੂਰੀ ਹੈ। ਅਜਿਹੇ ਸਮੂਹਾਂ ਦੇ ਕਾਰਨ, ਸ਼ਿਕਾਗੋ ਸਿਟੀ ਕੌਂਸਲ ਵਿੱਚ ਲਿਆਂਦੇ ਗਏ ਇੱਕ ਮਨੁੱਖੀ ਅਧਿਕਾਰ ਪ੍ਰਸਤਾਵ ਨੂੰ ਅਸਫਲ ਕੀਤਾ ਗਿਆ ਹੈ। ਜਿਸ ਤਰ੍ਹਾਂ ਭਾਰਤ ਦਾ ਅਖੌਤੀ ਮੁੱਖ ਧਾਰਾ ਮੀਡੀਆ ਇਸਲਾਮੋ ਫੋਬੀਆ ਫੈਲਾਉਣ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਹਿੰਦੂ ਰਾਸ਼ਟਰਵਾਦੀ ਅਕਸ ਬਣਾਉਣ ਵਿੱਚ ਰੁੱਝਿਆ ਹੋਇਆ ਹੈ, ਉਸ ਦਾ ਅਸਰ ਸ਼ਿਕਾਗੋ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ।

ਹਾਲ ਹੀ ਵਿੱਚ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਕੱਟੜਪੰਥੀ ਹਿੰਦੂਤਵੀ ਸੰਗਠਨਾਂ ਨੇ ਅੰਤਰਰਾਸ਼ਟਰੀ ਸਮਰਥਨ ਦਿਖਾਉਣ ਲਈ ਸਥਾਨਕ ਸੰਸਥਾਵਾਂ ਦੀ ਵਰਤੋਂ ਕੀਤੀ ਹੈ। ਰਿਪੋਰਟ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਆਫ ਅਮਰੀਕਾ ਦੇ ਜਨਰਲ ਸਕੱਤਰ ਅਮਿਤਾਭ ਮਿੱਤਲ ਅਤੇ ਸਥਾਨਕ ਹਿੰਦੂਤਵੀ ਆਗੂ ਭਰਤ ਬਰਾਈ ਵਿਚਕਾਰ ਹੋਈ ਚਰਚਾ ਦਾ ਹਵਾਲਾ ਦਿੱਤਾ ਗਿਆ ਹੈ ਕਿ ਕਿਵੇਂ ਉਨ੍ਹਾਂ ਨੇ ਸਿਟੀ ਕੌਂਸਲ ਵਿੱਚ ਭਾਰਤ ਵਿੱਚ ਘੱਟ ਗਿਣਤੀਆਂ ਦੀ ਸਥਿਤੀ ਬਾਰੇ ਚਿੰਤਾ ਜਤਾਉਣ ਵਾਲੇ ਮਤੇ ਨੂੰ ਡੇਗਣ ਵਿੱਚ ਭੂਮਿਕਾ ਨਿਭਾਈ। ਇਸ ਪ੍ਰਸਤਾਵ ਦੇ ਖ਼ਿਲਾਫ਼ ਪ੍ਰਦਰਸ਼ਨ ਵੀ ਕੀਤੇ ਗਏ ਅਤੇ ਹਜ਼ਾਰਾਂ ਈਮੇਲ ਭੇਜ ਕੇ ਸਮਰਥਨ ਲਿਆ ਗਿਆ।

ਹਿੰਦੂਤਵੀ ਜਥੇਬੰਦੀਆਂ ਨੇ ਹਾਲ ਹੀ ਵਿੱਚ ਮੁਸਲਿਮ ਵਿਰੋਧੀ ਬਿਆਨਬਾਜ਼ੀ ਲਈ ਜਾਣੀ ਜਾਂਦੀ ਸਾਧਵੀ ਰਿਤੰਭਰਾ ਨੂੰ ਸ਼ਿਕਾਗੋ ਦੇ ਉਪਨਗਰ ਵਿੱਚ ਉਪਦੇਸ਼ ਦੇਣ ਲਈ ਸੱਦਾ ਦਿੱਤਾ ਸੀ। ਉਸ 'ਤੇ ਬਾਬਰੀ ਮਸਜਿਦ ਨੂੰ ਢਾਹੁਣ ਵਾਲੀ ਭੀੜ ਨੂੰ ਭੜਕਾਉਣ ਦੇ ਮਾਮਲੇ ਵਿੱਚ ਵੀ ਦੋਸ਼ੀ ਠਹਿਰਾਇਆ ਗਿਆ ਸੀ। ਇਸ ਤੋਂ ਇਲਾਵਾ ਭਾਰਤ ਦੇ ਅਜਿਹੇ ਕੱਟੜਪੰਥੀ ਨੇਤਾ, ਜੋ ਮੁਸਲਮਾਨਾਂ ਨੂੰ ਖ਼ਤਮ ਕਰਨ ਦਾ ਸੱਦਾ ਦਿੰਦੇ ਹਨ, ਜ਼ੂਮ ਰਾਹੀਂ ਅਮਰੀਕੀ ਹਿੰਦੂਤਵੀ ਜਥੇਬੰਦੀਆਂ ਨੂੰ ਸੰਬੋਧਨ ਕਰਦੇ ਹਨ। ਉਸੇ ਸਾਲ, ਹਿੰਦੂ ਸਵੈਮਸੇਵਕ ਸੰਘ ਨਾਮਕ ਸੰਗਠਨ ਨੇ ਨੇਵੀ ਪੀਅਰ ਵਿਖੇ ਯੋਗਾਥਨ ਦੀ ਮੇਜ਼ਬਾਨੀ ਕਰਨ ਲਈ ਭਾਰਤੀ ਕੌਂਸਲੇਟ ਨਾਲ ਸਹਿਯੋਗ ਕੀਤਾ।

ਇਹ ਸੰਸਥਾ ਆਰ.ਐਸ.ਐਸ. ਤੋਂ ਪ੍ਰੇਰਿਤ ਹੈ ਅਤੇ ਇਸ ਦੇ ਸਮਾਗਮਾਂ ਵਿੱਚ ਐਮ.ਐਸ. ਗੋਲਵਲਕਰ ਦੀ ਤਸਵੀਰ ਲਗਾਈ ਜੋ ਆਰ.ਐਸ.ਐਸ. ਦੇ ਦੂਜੇ ਸਰਸੰਘਚਾਲਕ ਸਨ ਅਤੇ ਖੁੱਲ੍ਹੇਆਮ ਮੁਸਲਿਮ ਵਿਰੋਧੀ ਨੀਤੀਆਂ ਦੀ ਵਕਾਲਤ ਕਰਦੇ ਸਨ। ਉਸਨੇ ਹਿਟਲਰ ਦੀ ਯਹੂਦੀ ਵਿਰੋਧੀ ਮੁਹਿੰਮ ਦਾ ਸਮਰਥਨ ਵੀ ਕੀਤਾ ਅਤੇ ਲਿਖਿਆ - ਜਰਮਨੀ ਨੇ ਆਪਣੇ ਦੇਸ਼ ਤੋਂ ਸਾਮੀ ਨਸਲਾਂ - ਯਹੂਦੀਆਂ - ਨੂੰ ਖਤਮ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਨਸਲ ਦਾ ਮਾਣ ਇੱਥੇ ਆਪਣੇ ਉੱਚੇ ਪੱਧਰ 'ਤੇ ਪ੍ਰਗਟ ਹੁੰਦਾ ਹੈ... ਹਿੰਦੁਸਤਾਨ ਵਿੱਚ ਸਾਡੇ ਲਈ ਸਿੱਖਣ ਅਤੇ ਲਾਭ ਲੈਣ ਲਈ ਇੱਕ ਵਧੀਆ ਸਬਕ ਹੈ।

# ਮੋਦੀ ਸਰਕਾਰ ਭਗਵੇਂ ਏਜੰਡਿਆਂ ਨੂੰ ਪੂਰਾ ਕਰਨ ਲਈ ਸਰਗਰਮ

## ਪਿਛਲੇ ਸਾਢੇ ਨੌਂ ਸਾਲ ਦੇ ਸਮੇਂ ਦੌਰਾਨ ਮੋਦੀ ਨੇ ਸੰਵਿਧਾਨਕ ਸੰਸਥਾਵਾਂ ਨੂੰ ਆਪਣੀਆਂ ਗੁਲਾਮ ਬਣਾਇਆ

### ਚੋਣ ਕਮਿਸ਼ਨ ਦੀ ਨਿਰਪੱਖ ਭੂਮਿਕਾ ਵੀ ਖ਼ਤਮ

ਮੋਦੀ ਸਰਕਾਰ ਆਪਣੇ ਦੂਜੇ ਕਾਰਜਕਾਲ ਦੇ ਅੰਤਲੇ ਸਾਲ ਆਪਣੇ ਰਹਿੰਦੇ ਏਜੰਡਿਆਂ ਨੂੰ ਪੂਰਾ ਕਰਨ ਲਈ ਪੂਰੀ ਤੇਜ਼ੀ ਨਾਲ ਲੱਗੀ ਹੋਈ ਹੈ। ਪਿਛਲੇ ਸਾਢੇ ਨੌਂ ਸਾਲ ਦੇ ਸਮੇਂ ਦੌਰਾਨ ਉਸ ਨੇ ਲੱਗਭੱਗ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਆਪਣੀਆਂ ਗੁਲਾਮ ਬਣਾ ਲਿਆ ਹੈ। ਈ. ਡੀ., ਸੀ. ਬੀ. ਆਈ. ਤੇ ਆਮਦਨ ਟੈਕਸ ਵਿਭਾਗ ਨੇ ਵਿਰੋਧੀ ਪਾਰਟੀਆਂ ਵਿਰੁੱਧ ਉਹ ਹਰ ਹੱਥਕੰਡਾ ਵਰਤਿਆ, ਜੋ ਹਕੂਮਤ ਚਾਹੁੰਦੀ ਸੀ। ਇਨ੍ਹਾਂ ਏਜੰਸੀਆਂ ਦੀ ਵਰਤੋਂ ਕਰਕੇ ਭਾਜਪਾ ਸਰਕਾਰ ਨੇ ਵਿਰੋਧੀ ਸਰਕਾਰਾਂ ਨੂੰ ਤੋੜਣ ਲਈ ਵਿਧਾਇਕਾਂ ਨੂੰ ਡਰਾ ਕੇ ਆਪਣੇ ਪਾਲੇ ਵਿੱਚ ਲਿਆਂਦਾ ਤੇ ਸਰਕਾਰਾਂ ਬਣਾਈਆਂ। ਇਹ ਸਿਲਸਿਲਾ ਹਾਲੇ ਤੱਕ ਵੀ ਜਾਰੀ ਹੈ। ਚੋਣ ਕਮਿਸ਼ਨ ਦੀ ਨਿਰਪੱਖ ਭੂਮਿਕਾ ਵੀ ਖ਼ਤਮ ਕਰ ਦਿੱਤੀ ਗਈ ਹੈ। ਨਿਆਂਪਾਲਿਕਾ ਨੂੰ ਨੱਥ ਪਾਉਣ ਦੇ ਲਗਾਤਾਰ ਯਤਨ ਜਾਰੀ ਹਨ।

ਹੁਣ ਯੂਨੀਅਨ ਗਰਾਂਟਸ ਕਮਿਸ਼ਨ (ਯੂ ਜੀ ਸੀ) ਤੇ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨ ਰਿਸਰਚ ਐਂਡ ਟਰੇਨਿੰਗ (ਐੱਨ ਸੀ ਈ ਆਰ ਟੀ) ਵਿਭਾਗ ਪੂਰੀ ਤਨਦੇਹੀ ਨਾਲ ਪਾਠਕ੍ਰਮਾਂ ਵਿੱਚ ਤਬਦੀਲੀ ਕਰਨ ਵਿੱਚ ਰੁਝੇ ਹੋਏ ਹਨ, ਜਿਹੜੀ ਸੱਤਾਧਾਰੀ ਧਿਰ ਦੀ ਵਿਚਾਰਧਾਰਾ ਲਈ ਲਾਹੇਵੰਦ ਹੈ।

ਨਵੀਂ ਸਿੱਖਿਆ ਨੀਤੀ ਸਾਡੇ ਸਿੱਖਿਆ ਢਾਂਚੇ ਦੇ ਬੁਨਿਆਦੀ ਸਰੂਪ ਨੂੰ ਪੂਰੀ ਤਰ੍ਹਾਂ ਬਦਲਣ ਵਾਲੀ ਹੈ। ਇਸ ਰਾਹੀਂ ਵਿਦਿਆਰਥੀਆਂ ਦੇ ਦਿਮਾਗਾਂ ਵਿੱਚ ਹਿੰਦੂ ਰਾਸ਼ਟਰ ਦਾ ਕੂੜਾ-ਕਰਕਟ ਭਰਨ ਦੀ ਕੋਸ਼ਿਸ਼



ਹੋਵੇਗੀ। ਯੂ ਜੀ ਸੀ ਵੱਲੋਂ ਇੱਕ ਸਰਕੂਲਰ ਜਾਰੀ ਕਰਕੇ ਕਿਹਾ ਗਿਆ ਹੈ ਕਿ ਸਭ ਕਾਲਜਾਂ ਵਿੱਚ 'ਸੈਲਫੀ ਪੁਆਇੰਟ' ਬਣਾਏ ਜਾਣ, ਜਿਸ ਦੇ ਪਿਛੋਕੜ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਹੋਵੇ। ਇਹ ਸਿੱਧੇ ਤੌਰ ਉੱਤੇ ਲੋਕਤੰਤਰਿਕ ਅਸੂਲਾਂ ਦੀ ਉਲੰਘਣਾ ਹੈ। ਇਹ ਉਦੋਂ ਕੀਤਾ ਜਾ ਰਿਹਾ ਹੈ, ਜਦੋਂ 2024 ਦੀਆਂ ਲੋਕ ਸਭਾ ਚੋਣਾਂ ਸਿਰ ਉੱਤੇ ਹਨ।

ਇਸ ਦੇ ਨਾਲ ਹੀ ਇਹ ਨਿਰਦੇਸ਼ ਵੀ ਦਿੱਤਾ ਗਿਆ ਹੈ ਕਿ ਸੱਤਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਾਠਕ੍ਰਮ ਦੇ ਹਿੱਸੇ ਵਜੋਂ 'ਮਹਾਂਭਾਰਤ' ਤੇ 'ਰਮਾਇਣ' ਦੀ ਪੜ੍ਹਾਈ ਕਰਾਈ ਜਾਵੇ। ਸਵਾਲ ਇਹ ਵੀ ਹੈ ਕਿ ਕਿਹੜੀ ਰਮਾਇਣ। ਏ ਕੇ ਰਾਮਾਨੁਜਨ ਦੇ ਇੱਕ ਲੇਖ ਮੁਤਾਬਕ ਵੱਖ-ਵੱਖ ਭਾਸ਼ਾਵਾਂ ਤੇ ਇਲਾਕਿਆਂ ਵਿੱਚ 300 ਦੇ ਕਰੀਬ ਰਮਾਇਣਾਂ ਹਨ। ਇਹ ਲੇਖ ਦਿੱਲੀ ਯੂਨੀਵਰਸਿਟੀ ਦੇ ਸਿਲੇਬਸ ਦਾ ਹਿੱਸਾ ਸੀ, ਪਰ ਏ. ਬੀ. ਵੀ. ਪੀ. ਦੇ ਵਿਰੋਧ ਤੋਂ ਬਾਅਦ ਇਸ ਨੂੰ ਹਟਾ ਦਿੱਤਾ ਗਿਆ ਸੀ। ਅਸਲ ਵਿੱਚ ਹਿੰਦੂਤਵੀ ਇੱਕ ਵਿਸ਼ੇਸ਼

(ਬਾਕੀ ਸਫ਼ਾ 31 'ਤੇ)

# ਗਾਜ਼ਾ 'ਚ ਜੰਗ ਨਾ ਰੋਕੀ ਗਈ ਤਾਂ ਹੋ ਸਕਦਾ ਹੈ ਵਿਸ਼ਵ ਵਿੱਚ ਵੱਡਾ ਧਮਾਕਾ

## ਇਰਾਨ ਦੇ ਵਿਦੇਸ਼ ਮੰਤਰੀ ਨੇ ਇਜ਼ਰਾਈਲ ਤੇ ਅਮਰੀਕਾ ਨੂੰ ਦਿੱਤੀ ਧਮਕੀ

### ਕਿਹਾ ਕਿ ਇਜ਼ਰਾਈਲ ਅਗਲੇ 10 ਸਾਲਾਂ ਤੱਕ ਲੜਦਾ ਰਹੇ, ਉਹ ਹਮਾਸ ਨੂੰ ਨਹੀਂ ਹਰਾ ਸਕਦਾ

ਤਹਿਰਾਨ: ਇਰਾਨ ਵੱਲੋਂ ਇਜ਼ਰਾਈਲ ਨੂੰ ਇੱਕ ਤਾਜ਼ਾ ਧਮਕੀ ਦਿੱਤੀ ਗਈ ਹੈ। ਇਰਾਨ ਦੇ ਵਿਦੇਸ਼ ਮੰਤਰੀ ਹੁਸੈਨ ਅਮੀਰਬਦੁੱਲਾਯਾਨ ਨੇ ਕਿਹਾ ਕਿ ਜੇਕਰ ਗਾਜ਼ਾ 'ਚ ਜੰਗ ਨਾ ਰੋਕੀ ਗਈ ਤਾਂ ਇਹ ਵਿਸ਼ਵ 'ਚ ਫੈਲ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਵਿਸਫੋਟਕ ਸਥਿਤੀ ਹੋਵੇਗੀ ਜਿਸ ਨੂੰ ਕਾਬੂ ਕਰਨਾ ਮੁਸ਼ਕਿਲ ਹੋਵੇਗਾ। ਦੋਹਾ ਫੋਰਮ ਵਿੱਚ ਬੋਲਦਿਆਂ, ਉਸਨੇ ਕਿਹਾ ਕਿ ਲੇਬਨਾਨ ਅਤੇ ਯਮਨ ਨੂੰ ਸ਼ਾਮਲ ਕਰਨ ਲਈ ਸੰਘਰਸ਼ ਦਾ ਦਾਇਰਾ ਪਹਿਲਾਂ ਹੀ ਫੈਲ ਗਿਆ ਹੈ। ਉਨ੍ਹਾਂ ਇਹ ਗੱਲ ਸੀ.ਐਨ.ਐਨ. ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਹੀ। 7 ਅਕਤੂਬਰ ਨੂੰ ਦੱਖਣੀ ਇਜ਼ਰਾਈਲ 'ਤੇ ਹਮਲੇ ਦੇ ਬਾਅਦ ਤੋਂ ਗਾਜ਼ਾ 'ਤੇ ਇਜ਼ਰਾਈਲੀ ਫੌਜ ਦੇ ਹਮਲੇ ਜਾਰੀ ਹਨ। ਗਾਜ਼ਾ ਵਿੱਚ ਹੁਣ ਤੱਕ 17 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਸੀ.ਐਨ.ਐਨ. ਦੇ ਬੇਕੀ ਐਂਡਰਸਨ ਦੇ ਨਾਲ ਇੱਕ ਇੰਟਰਵਿਊ ਵਿੱਚ, ਹੁਸੈਨ ਅਮੀਰਬਦੁਲਿਆਨ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, 'ਕਿਸੇ ਵੀ ਸਮੇਂ ਖੇਤਰ ਵਿੱਚ ਇੱਕ ਵੱਡਾ ਧਮਾਕਾ ਹੋਣ ਦੀ ਸੰਭਾਵਨਾ ਹੈ, ਜਿਸ ਨੂੰ ਕਿਸੇ ਵੀ ਸੁਪਰ ਤਾਕਤ ਦੇਸ਼ ਦੁਆਰਾ ਕਾਬੂ ਨਹੀਂ ਕੀਤਾ ਜਾ ਸਕੇਗਾ।' ਵਿਦੇਸ਼ ਮੰਤਰੀ ਨੇ ਇਰਾਕ ਅਤੇ ਸੀਰੀਆ ਵਿੱਚ ਅਮਰੀਕੀ ਟਿਕਾਣਿਆਂ 'ਤੇ ਹਮਲਿਆਂ, ਲਾਲ ਸਾਗਰ ਵਿੱਚ ਜਹਾਜ਼ਾਂ 'ਤੇ ਹੋਤੀ ਹਮਲਿਆਂ ਅਤੇ ਇਜ਼ਰਾਈਲ ਦੀ ਉੱਤਰੀ ਸਰਹੱਦ 'ਤੇ ਹਿੰਸਾ ਦਾ ਹਵਾਲਾ ਦਿੱਤਾ ਕਿ ਖੇਤਰੀ ਹਿੰਸਾ ਗਾਜ਼ਾ ਸਰਹੱਦ ਤੋਂ ਪਾਰ ਫੈਲ ਗਈ ਹੈ। ਉਸ ਨੇ ਅੱਗੇ ਕਿਹਾ, 'ਘੱਟੋ-ਘੱਟ ਹਰ ਹਫ਼ਤੇ ਸਾਨੂੰ ਅਮਰੀਕਾ ਤੋਂ ਸੁਨੇਹਾ ਮਿਲਦਾ ਹੈ।



ਕਿਹਾ ਜਾਂਦਾ ਹੈ ਕਿ ਸੀਰੀਆ ਅਤੇ ਇਰਾਕ ਵਿੱਚ ਅਮਰੀਕੀ ਠਿਕਾਣਿਆਂ ਨੂੰ ਕੁਝ ਸਮੂਹਾਂ ਨੇ ਨਿਸ਼ਾਨਾ ਬਣਾਇਆ ਹੈ।' ਇਹ ਲੜਾਕੂ ਸਮੂਹ ਗਾਜ਼ਾ ਦੇ ਅਰਬ ਅਤੇ ਮੁਸਲਿਮ ਲੋਕਾਂ ਦੀ ਰੱਖਿਆ ਕਰ ਰਹੇ ਹਨ। ਇਸੇ ਲਈ ਉਹ ਸੀਰੀਆ ਅਤੇ ਇਰਾਕ ਵਿੱਚ ਅਮਰੀਕੀ ਠਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਅਮੀਰਬਦੌਲਾਹੀਅਨ ਦਾ ਕਹਿਣਾ ਹੈ ਕਿ ਭਾਵੇਂ ਇਜ਼ਰਾਈਲ ਅਗਲੇ 10 ਸਾਲਾਂ ਤੱਕ ਲੜਦਾ ਰਹੇ, ਉਹ ਹਮਾਸ ਨੂੰ ਨਹੀਂ ਹਰਾ ਸਕਦਾ। ਉਨ੍ਹਾਂ ਇਜ਼ਰਾਈਲ ਨੂੰ ਅਮਰੀਕਾ ਦਾ ਖੇਤਰੀ ਪ੍ਰੌਕਸੀ ਦੱਸਦਿਆਂ ਕਿਹਾ ਕਿ ਇਸ ਨੂੰ ਕਦੇ ਵੀ ਦੇਸ਼ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਫਲਸਤੀਨੀ ਸੰਗਠਨ ਹਮਾਸ ਕਈ ਸਾਲਾਂ ਤੱਕ ਲੜਨ ਲਈ ਤਿਆਰ ਹੈ। ਉਸ ਕੋਲ ਇੰਨੀ ਸਮਰੱਥਾ ਹੈ ਕਿ ਉਹ ਹਥਿਆਰ ਤਿਆਰ ਕਰ ਸਕਦਾ ਹੈ ਅਤੇ ਖਰੀਦ ਸਕਦਾ ਹੈ। ਇਰਾਨ ਨੇ 7 ਅਕਤੂਬਰ ਨੂੰ ਦੱਖਣੀ ਇਜ਼ਰਾਈਲ ਵਿੱਚ ਹਮਾਸ ਦੀ ਘੁਸਪੈਠ ਦਾ ਸਮਰਥਨ ਕੀਤਾ ਸੀ। ਉਸ ਹਮਲੇ 'ਚ ਹਮਾਸ ਦੇ ਲੜਾਕਿਆਂ ਨੇ 1200 ਇਜ਼ਰਾਈਲੀਆਂ ਦੀ ਹੱਤਿਆ ਕਰ ਦਿੱਤੀ ਸੀ ਅਤੇ 200 ਤੋਂ ਜ਼ਿਆਦਾ ਲੋਕਾਂ ਨੂੰ ਬੰਧੀ ਬਣਾ ਲਿਆ ਸੀ। ਇਰਾਨ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ 7 ਅਕਤੂਬਰ ਨੂੰ ਹੋਇਆ ਹਮਲਾ 75 ਸਾਲ ਪਹਿਲਾਂ ਇਜ਼ਰਾਈਲ ਦੀ ਸਿਰਜਣਾ ਦਾ ਨਤੀਜਾ ਸੀ। ਉਨ੍ਹਾਂ ਕਿਹਾ ਕਿ ਇਜ਼ਰਾਈਲ ਨੇ ਫਲਸਤੀਨ ਦੀਆਂ ਸਰਹੱਦਾਂ ਦੇ ਅੰਦਰ ਦੀ ਜ਼ਮੀਨ 'ਤੇ ਵੀ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ, 'ਅਸੀਂ ਇਜ਼ਰਾਈਲ ਨੂੰ ਇੱਕ ਰਾਜ ਵਜੋਂ ਮਾਨਤਾ ਨਹੀਂ ਦਿੰਦੇ ਹਾਂ। ਇਹ 75 ਸਾਲਾਂ ਤੋਂ ਸਿਰਫ ਇੱਕ ਕਾਬਜ਼ ਸ਼ਕਤੀ ਵਜੋਂ ਮੌਜੂਦ ਹੈ।' ਅਮੀਰਾਬਦੌਲਾਹੀਅਨ ਨੇ ਅਮਰੀਕਾ ਨੂੰ ਇਜ਼ਰਾਈਲ ਲਈ ਆਪਣਾ ਬਿਨਾਂ ਸ਼ਰਤ ਅਤੇ ਅਟੁੱਟ ਸਮਰਥਨ ਛੱਡਣ ਦੀ ਵੀ ਅਪੀਲ ਕੀਤੀ।

# ਐੱਫ.ਬੀ.ਆਈ. ਡਾਇਰੈਕਟਰ ਵੱਲੋਂ ਐਨ.ਆਈ.ਏ. ਹੈੱਡ ਕੁਆਰਟਰ ਦਾ ਦੌਰਾ

## ਅਧਿਕਾਰੀਆਂ ਨਾਲ ਅਤਿਵਾਦ ਤੇ ਸਾਈਬਰ ਕ੍ਰਾਈਮ ਦੇ ਮੁੱਦੇ 'ਤੇ ਕੀਤੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਐੱਫ.ਬੀ.ਆਈ. ਦੇ ਡਾਇਰੈਕਟਰ ਕ੍ਰਿਸਟੋਫਰ ਏ. ਰੇਅ ਨੇ ਕੌਮੀ ਰਾਜਧਾਨੀ 'ਚ ਐਨ.ਆਈ.ਏ. ਦੇ ਹੈੱਡ ਕੁਆਰਟਰ ਦਾ ਦੌਰਾ ਕੀਤਾ ਅਤੇ ਲਗਾਤਾਰ ਉਭਰ ਰਹੀਆਂ ਚੁਣੌਤੀਆਂ ਅਤੇ ਅਤਿਵਾਦ ਦੇ ਖਤਰਿਆਂ ਨਾਲ ਨਿਪਟਣ ਲਈ ਭਾਰਤ ਅਤੇ ਅਮਰੀਕਾ ਵਿਚਾਲੇ ਭਾਈਵਾਲੀ ਵੱਖਰੇ ਮੁਕਾਮ ਤਕ ਲਿਜਾਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਇਹ ਜਾਣਕਾਰੀ ਇੱਕ ਅਧਿਕਾਰੀ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਾਂ ਫਰਾਂਸਿਸਕੋ 'ਚ ਭਾਰਤੀ ਦੂਤਾਵਾਸ 'ਤੇ ਹਮਲੇ ਅਤੇ ਸਾਈਬਰ ਅਤਿਵਾਦ ਅਤੇ ਹੋਰਨਾਂ ਸਾਈਬਰ ਅਪਰਾਧਾਂ ਦੀ ਜਾਂਚ ਨੂੰ ਲੈ ਕੇ ਖੁੱਲ੍ਹ ਕੇ ਚਰਚਾ ਹੋਈ।



ਅਧਿਕਾਰੀ ਨੇ ਕਿਹਾ ਕਿ ਐੱਫ.ਬੀ.ਆਈ. ਡਾਇਰੈਕਟਰ ਦਾ ਦੌਰਾ ਵਿਸ਼ਵ ਪੱਧਰ 'ਤੇ ਅਤਿਵਾਦ ਨਾਲ ਨਿਪਟਣ ਲਈ ਅਮਰੀਕਾ ਅਤੇ ਭਾਰਤੀ ਦੀਆਂ ਕੌਮੀ ਏਜੰਸੀਆਂ ਵਿਚਾਲੇ ਸਹਿਯੋਗ ਅਤੇ ਸਾਂਝੀ ਵਚਨਬੱਧਤਾ ਹੋਰ ਮਜ਼ਬੂਤ ਕਰਨ ਦੀ ਦਿਸ਼ਾ 'ਚ ਇੱਕ ਕਦਮ ਹੈ। ਇਸ ਤੋਂ ਪਹਿਲਾਂ ਕ੍ਰਿਸਟੋਫਰ ਦਿੱਲੀ ਪੁਲਿਸ ਦੇ ਹੈੱਡ ਕੁਆਰਟਰ ਗਏ ਅਤੇ ਪੁਲਿਸ ਕਮਿਸ਼ਨਰ ਸੰਜੇ ਅਰੋੜਾ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਦਿੱਲੀ ਪੁਲਿਸ ਦੇ ਸੂਤਰਾਂ ਨੇ ਦੱਸਿਆ ਕਿ ਅਧਿਕਾਰੀਆਂ ਨੇ ਅਤਿਵਾਦ, ਸਾਈਬਰ ਧੋਖਾਧੜੀ ਅਤੇ ਫਰਜ਼ੀ ਕਾਲ ਸੈਂਟਰਾਂ ਸਮੇਤ ਹੋਰਨਾਂ ਮੁੱਦਿਆਂ 'ਤੇ ਚਰਚਾ ਕੀਤੀ।

# ਲੋਕ ਸਭਾ ਦੀ ਦਰਸ਼ਕ ਗੈਲਰੀ 'ਚੋਂ 2 ਨੌਜਵਾਨਾਂ ਨੇ ਸਦਨ 'ਚ ਛਾਲ ਮਾਰੀ

ਨਵੀਂ ਦਿੱਲੀ/ ਏ.ਟੀ.ਨਿਊਜ਼: ਲੋਕ ਸਭਾ ਦੀ ਸੁਰੱਖਿਆ ਵਿੱਚ ਇੱਕ ਵਾਰ ਫਿਰ ਵੱਡੀ ਢਿੱਲ ਸਾਹਮਣੇ ਆਈ ਹੈ। ਲੋਕ ਸਭਾ ਦੀ ਕਾਰਵਾਈ ਦੌਰਾਨ ਦੋ ਵਿਅਕਤੀਆਂ ਨੇ ਦਰਸ਼ਕ ਗੈਲਰੀ ਤੋਂ ਹੇਠਾਂ ਛਾਲ ਮਾਰ ਦਿੱਤੀ, ਜਿਸ ਤੋਂ ਬਾਅਦ ਪੂਰੇ ਸਦਨ ਵਿੱਚ ਹੰਗਾਮਾ ਹੋ ਗਿਆ।

**ਲੋਕ ਸਭਾ ਦੀ ਸੁਰੱਖਿਆ 'ਚ ਵੱਡੀ ਗ਼ਲਤੀ**

ਸਦਨ ਦੀ ਕਾਰਵਾਈ ਦੌਰਾਨ ਮੌਜੂਦ ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਦਰਸ਼ਕ ਗੈਲਰੀ ਤੋਂ ਛਾਲ ਮਾਰਨ ਵਾਲੇ ਵਿਅਕਤੀ ਦੀ ਉਮਰ 20 ਤੋਂ 23 ਸਾਲ ਦੱਸੀ ਜਾਂਦੀ ਹੈ। ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਇਹ ਬਹੁਤ ਡਰਾਉਣਾ ਅਨੁਭਵ ਸੀ। ਇੱਥੇ ਲੋਕ ਸਭਾ ਦੀ ਕਾਰਵਾਈ ਦੌਰਾਨ ਦੋ ਨੌਜਵਾਨ ਸਦਨ ਵਿੱਚ ਦਾਖ਼ਲ ਹੋ ਗਏ।

**ਲੋਕ ਸਭਾ ਦੀ ਕਾਰਵਾਈ ਮੁਲਤਵੀ**

ਇਸ ਪੂਰੇ ਮਾਮਲੇ 'ਤੇ ਕਾਂਗਰਸੀ ਸੰਸਦ ਮੈਂਬਰ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਦੋ ਨੌਜਵਾਨਾਂ ਨੇ ਦਰਸ਼ਕ ਗੈਲਰੀ ਤੋਂ ਛਾਲ ਮਾਰ ਦਿੱਤੀ ਅਤੇ ਫਿਰ ਕੋਈ ਚੀਜ਼ ਸੁੱਟੀ ਗਈ, ਜਿਸ ਕਾਰਨ ਗੈਸ ਨਿਕਲ ਰਹੀ ਸੀ। ਉਸ ਨੂੰ ਸੰਸਦ ਮੈਂਬਰਾਂ ਨੇ ਫੜ ਲਿਆ ਅਤੇ ਸੁਰੱਖਿਆ ਕਰਮੀਆਂ ਨੇ ਉਸ ਨੂੰ ਬਾਹਰ ਕੱਢ ਲਿਆ। ਫਿਲਹਾਲ ਸਦਨ ਦੀ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਦੱਸਿਆ ਜਾ ਰਿਹਾ ਹੈ ਕਿ ਕਾਰਵਾਈ ਦੌਰਾਨ ਦਾਖਲ ਹੋਏ ਦੋ ਵਿਅਕਤੀਆਂ ਵਿੱਚੋਂ ਇੱਕ ਦਾ ਨਾਮ ਸਾਗਰ ਹੈ। ਦੋਵੇਂ ਸੰਸਦ ਮੈਂਬਰ ਦੇ ਨਾਂ 'ਤੇ ਲੋਕ ਸਭਾ ਵਿਜ਼ਟਰ ਪਾਸ 'ਤੇ ਆਏ ਸਨ। ਸੰਸਦ ਮੈਂਬਰ ਦਾਨਿਸ਼ ਅਲੀ ਨੇ ਦੱਸਿਆ ਕਿ ਦੋਵੇਂ ਨੌਜਵਾਨ ਮੈਸੂਰ ਤੋਂ ਭਾਜਪਾ ਸੰਸਦ ਮੈਂਬਰ ਪ੍ਰਤਾਪ ਸਿਮਹਾ ਦੇ ਨਾਂ 'ਤੇ ਲੋਕ ਸਭਾ ਵਿਜ਼ਟਰ ਪਾਸ ਤੋਂ ਆਏ ਸਨ।

# 2040 ਤੱਕ ਚੰਨ 'ਤੇ ਪਹਿਲਾ ਭਾਰਤੀ ਪੁਲਾੜ ਯਾਤਰੀ ਭੇਜੇਗਾ ਇਸਰੋ

ਤਿਰੂਵਨੰਤਪੁਰਮ/ਏ.ਟੀ.ਨਿਊਜ਼ : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਚੇਅਰਮੈਨ ਐੱਸ. ਸੋਮਨਾਥ ਨੇ ਕਿਹਾ ਹੈ ਕਿ ਚੰਦਰਯਾਨ-3 ਚੰਦਰ ਮਿਸ਼ਨ ਦੀ ਸ਼ਾਨਦਾਰ ਸਫ਼ਲਤਾ ਤੋਂ ਬਾਅਦ, ਇਸਰੋ 2040 ਤੱਕ ਚੰਦਰਮਾ 'ਤੇ ਪਹਿਲੀ ਵਾਰ ਭਾਰਤੀ ਪੁਲਾੜ ਯਾਤਰੀਆਂ ਨੂੰ ਭੇਜਣ ਦੀ ਆਪਣੀ ਯੋਜਨਾ 'ਤੇ ਜ਼ੋਰ-ਸ਼ੋਰ ਨਾਲ ਕੰਮ ਕਰ ਰਿਹਾ ਹੈ। ਸੋਮਨਾਥ ਨੇ ਕਿਹਾ ਕਿ ਇਸਰੋ ਦਾ ਟੀਚਾ 'ਗਗਨਯਾਨ' ਪ੍ਰੋਗਰਾਮ ਦੇ ਨਾਲ ਪੁਲਾੜ ਖੋਜ 'ਚ ਅਗਲਾ ਕਦਮ ਚੁੱਕਣਾ ਹੈ, ਜਿਸ 'ਚ 2 ਤੋਂ 3 ਭਾਰਤੀ ਪੁਲਾੜ ਯਾਤਰੀਆਂ ਦੀ ਇਕ ਟੀਮ ਨੂੰ ਤਿੰਨ ਦਿਨਾਂ ਤੱਕ ਧਰਤੀ ਦੇ ਪੰਧ (ਐੱਲ. ਈ. ਓ.) 'ਚ ਪਹੁੰਚਾਉਣ ਦੀ ਯੋਜਨਾ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਨਿਰਧਾਰਤ ਸਾਈਟ 'ਤੇ ਭਾਰਤੀ ਜਲ ਖੇਤਰ 'ਚ ਸੁਰੱਖਿਅਤ ਢੰਗ ਨਾਲ ਵਾਪਸ ਭੇਜਿਆ ਜਾਵੇਗਾ।



ਉਨ੍ਹਾਂ ਨੇ ਮਨੋਰਮਾ ਈਅਰਬੁੱਕ 2024 ਲਈ ਇੱਕ ਵਿਸ਼ੇਸ਼ ਲੇਖ 'ਚ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਭਾਰਤੀ ਹਵਾਈ ਫ਼ੌਜ ਦੇ 4 ਟੈਸਟ ਪਾਇਲਟਾਂ ਨੂੰ ਮਿਸ਼ਨ ਲਈ ਪੁਲਾੜ ਯਾਤਰੀਆਂ ਵਜੋਂ ਚੁਣਿਆ ਗਿਆ ਹੈ। ਮੌਜੂਦਾ 'ਚ, ਇਹ ਲੋਕ ਬੈਂਗਲੁਰੂ 'ਚ ਪੁਲਾੜ ਯਾਤਰੀ ਸਿਖਲਾਈ ਸਹੂਲਤ (ਏ.ਟੀ.ਐੱਫ.) 'ਚ ਮਿਸ਼ਨ-ਵਿਸ਼ੇਸ਼ ਸਿਖਲਾਈ 'ਚੋਂ ਲੰਘ ਰਹੇ ਹਨ। ਪਹਿਲੇ ਮਨੁੱਖੀ ਪੁਲਾੜ ਮਿਸ਼ਨ ਗਗਨਯਾਨ 'ਚ ਮਹੱਤਵਪੂਰਨ ਤਕਨਾਲੋਜੀਆਂ ਦਾ ਵਿਕਾਸ ਸ਼ਾਮਲ ਹੈ, ਜਿਸ 'ਚ ਇਕ ਹਿਊਮਨ-ਰੇਟਿਡ (ਮਨੁੱਖਾਂ ਨੂੰ ਸੁਰੱਖਿਅਤ ਢੰਗ ਨਾਲ ਲਿਜਾਣ ਦੇ ਸਮਰੱਥ) ਲਾਂਚ ਵਾਹਨ (ਐੱਚ.ਐੱਲ.ਵੀ. ਐੱਮ.3), ਇੱਕ ਕਰੂ ਮਾਡਿਊਲ (ਸੀ. ਐੱਮ.) ਅਤੇ ਸਰਵਿਸ ਮਾਡਿਊਲ (ਐੱਸ. ਐੱਮ.) ਅਤੇ ਜੀਵਨ ਸਹਾਇਤਾ ਪ੍ਰਣਾਲੀਆਂ ਵਾਲਾ ਇੱਕ ਆਰਬਿਟਲ ਮਾਡਿਊਲ ਸ਼ਾਮਲ ਹੈ। ਇੰਟੈਗ੍ਰੇਟਿਡ ਏਅਰ ਡ੍ਰਾਪ ਟੈਸਟ, ਪੈਡ ਐਬਾਟ ਟੈਸਟ ਅਤੇ ਟੈਸਟ ਵਾਹਨ ਉਡਾਣਾਂ ਤੋਂ ਇਲਾਵਾ, ਦੋ ਇਕੋ-ਜਿਹੇ ਚਾਲਕ ਦਲ ਰਹਿਤ ਮਿਸ਼ਨ (ਜੀ.1 ਅਤੇ ਜੀ.2) ਮਨੁੱਖੀ ਮਿਸ਼ਨ ਤੋਂ ਪਹਿਲਾਂ ਹੋਣਗੇ। ਸੀ. ਐੱਮ. ਪੁਲਾੜ 'ਚ ਚਾਲਕ ਦਲ ਲਈ ਧਰਤੀ ਵਰਗੇ ਵਾਤਾਵਰਣ ਵਾਲਾ ਰਹਿਣ ਯੋਗ ਸਥਾਨ ਹੈ ਅਤੇ ਇਸ ਨੂੰ ਸੁਰੱਖਿਅਤ ਮੁੜ-ਪ੍ਰਵੇਸ਼ ਲਈ ਡਿਜ਼ਾਈਨ ਕੀਤਾ ਗਿਆ ਹੈ। ਸੁਰੱਖਿਆ ਉਪਾਵਾਂ 'ਚ ਐਮਰਜੈਂਸੀ ਸਥਿਤੀ ਲਈ ਕਰੂ ਐਸਕੇਪ ਸਿਸਟਮ (ਸੀ. ਈ. ਐੱਸ.) ਵੀ ਸ਼ਾਮਲ ਹੈ।

# ਬਸਪਾ ਸੁਪਰੀਮੋ ਮਾਇਆਵਤੀ ਨੇ ਭਤੀਜੇ ਆਕਾਸ਼ ਨੂੰ ਆਪਣਾ 'ਉੱਤਰਾਧਿਕਾਰੀ' ਬਣਾਇਆ

ਲਖਨਊ/ਏ.ਟੀ.ਨਿਊਜ਼ : ਬਸਪਾ ਦੇ ਸ਼ਾਹਜਹਾਂਪੁਰ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਉਦੈਵੀਰ ਸਿੰਘ ਨੇ ਦੱਸਿਆ ਕਿ ਬਸਪਾ ਮੁਖੀ ਮਾਇਆਵਤੀ ਨੇ ਆਪਣੇ ਭਤੀਜੇ ਅਕਾਸ਼ ਆਨੰਦ ਨੂੰ ਆਪਣਾ ਉੱਤਰਾਧਿਕਾਰੀ (ਵਾਰਿਸ) ਐਲਾਨ ਦਿੱਤਾ ਹੈ। ਉਦੈਵੀਰ ਸਿੰਘ ਨੇ ਦੱਸਿਆ ਕਿ ਆਕਾਸ਼ ਆਨੰਦ ਨੂੰ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਨੂੰ ਛੱਡ ਕੇ ਸਾਰੇ ਦੇਸ਼ 'ਚ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਥੇ ਵੀ ਬਸਪਾ ਕਮਜ਼ੋਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮਾਇਆਵਤੀ ਵੱਲੋਂ ਯੂ.ਪੀ. ਦੀ ਰਾਜਧਾਨੀ 'ਚ ਇਹ ਐਲਾਨ ਬਸਪਾ ਦੀ ਆਲ-ਇੰਡੀਆ ਪੱਧਰ ਦੀ ਬੈਠਕ ਦੌਰਾਨ ਕੀਤਾ ਗਿਆ ਹੈ।



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਕੇਂਦਰ ਨੇ ਪੰਜਾਬ ਦੇ ਵਿਸ਼ੇਸ਼ ਵਿਕਾਸ ਫ਼ੰਡ ਰੋਕੇ

## ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਦਾ ਦਿੱਤਾ ਹਵਾਲਾ; 'ਆਮ ਆਦਮੀ ਕਲੀਨਿਕ' ਬਣਾਉਣੇ ਪਏ ਮਹਿੰਗੇ

ਚੰਡੀਗੜ੍ਹ/ਏ.ਟੀ.ਨਿਊਜ਼ : ਕੇਂਦਰ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਵਿਸ਼ੇਸ਼ ਸਹਾਇਤਾ ਵਜੋਂ ਦਿੱਤੇ ਜਾਣ ਵਾਲੇ 1837 ਕਰੋੜ ਰੁਪਏ ਦੇ ਫ਼ੰਡ ਰੋਕ ਲਏ ਹਨ। ਪੰਜਾਬ ਸਰਕਾਰ ਨੇ ਵਰ੍ਹਾ 2023-24 ਲਈ ਸੂਬੇ ਵਿੱਚ 103 ਵਿਕਾਸ ਪ੍ਰਾਜੈਕਟਾਂ ਵਾਸਤੇ 1837.33 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਲਈ ਤਜਵੀਜ਼ 6 ਜੁਲਾਈ ਨੂੰ ਭੇਜੀ ਸੀ। ਕੇਂਦਰੀ ਵਿੱਤ ਮੰਤਰਾਲੇ ਨੇ ਪੰਜਾਬ ਦੇ ਵਿੱਤ ਵਿਭਾਗ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਜਦੋਂ ਤੱਕ ਸੂਬਾ ਸਰਕਾਰ ਕੇਂਦਰੀ ਸਕੀਮਾਂ ਦੀਆਂ ਹਦਾਇਤਾਂ ਦੀ ਢੁੱਕਵੀਂ ਪਾਲਣਾ ਨਹੀਂ ਕਰਦੀ, ਉਦੋਂ ਤੱਕ ਕੇਂਦਰੀ ਫ਼ੰਡ ਜਾਰੀ ਨਹੀਂ ਹੋਣਗੇ।

ਕੇਂਦਰੀ ਵਿੱਤ ਮੰਤਰਾਲੇ ਨੇ ਕੇਂਦਰੀ ਫ਼ੰਡਾਂ ਨੂੰ ਰੋਕੇ ਜਾਣ ਪਿੱਛੇ ਆਯੂਸ਼ਮਾਨ ਭਾਰਤ ਹੈਲਥ ਐਂਡ ਵੈਲਨੈੱਸ ਸੈਂਟਰ ਸਕੀਮ ਤਹਿਤ ਪੰਜਾਬ ਨੂੰ ਜਾਰੀ ਫ਼ੰਡਾਂ ਦੀ ਵਰਤੋਂ ਮੌਕੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਦਾ ਹਵਾਲਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੌਮੀ ਸਿਹਤ ਮਿਸ਼ਨ ਤਹਿਤ 'ਆਯੂਸ਼ਮਾਨ ਭਾਰਤ ਹੈਲਥ ਐਂਡ ਵੈਲਨੈੱਸ ਸੈਂਟਰ' ਵਾਸਤੇ ਪੰਜਾਬ ਨੂੰ 1114.57 ਕਰੋੜ ਰੁਪਏ ਦਿੱਤੇ ਜਾਣੇ ਸਨ ਜਿਸ 'ਚੋਂ ਕੇਂਦਰ ਨੇ ਆਪਣੀ 60 ਫ਼ੀਸਦੀ ਹਿੱਸੇਦਾਰੀ ਤਹਿਤ 438.46 ਕਰੋੜ ਦੇ ਫ਼ੰਡ ਜਾਰੀ ਵੀ ਕਰ ਦਿੱਤੇ ਸਨ। ਕੇਂਦਰ ਸਰਕਾਰ ਨੇ ਬਾਕੀ ਦੇ 676.11 ਕਰੋੜ ਦੇ ਫ਼ੰਡ ਜਾਰੀ ਕਰਨ 'ਤੇ ਰੋਕ ਲਗਾ ਦਿੱਤੀ ਸੀ। ਕੇਂਦਰ ਦਾ ਇਤਰਾਜ਼ ਸੀ ਕਿ ਪੰਜਾਬ ਵਿਚਲੀ 'ਆਪ' ਸਰਕਾਰ ਨੇ ਇਨ੍ਹਾਂ ਕੇਂਦਰਾਂ ਦੀ ਥਾਂ 'ਤੇ 'ਆਮ ਆਦਮੀ ਕਲੀਨਿਕ' ਸਥਾਪਤ ਕਰ ਦਿੱਤੇ ਸਨ। ਹੁਣ ਵੀ ਕੇਂਦਰੀ ਵਿੱਤ ਮੰਤਰਾਲੇ ਨੇ ਕਿਹਾ ਹੈ ਕਿ ਜਦੋਂ ਤੱਕ ਪੰਜਾਬ ਸਰਕਾਰ ਕੇਂਦਰੀ ਸਪਾਂਸਰਡ ਸਕੀਮਾਂ ਦੀ ਬ੍ਰਾਂਡਿੰਗ ਅਤੇ



ਨਾਮਕਰਣ ਬਾਰੇ ਲਾਜ਼ਮੀ ਸ਼ਰਤਾਂ ਦੀ ਪਾਲਣਾ ਨਹੀਂ ਕਰਦੀ ਹੈ, ਓਨਾ ਸਮਾਂ ਉਪਰੋਕਤ ਫ਼ੰਡ ਜਾਰੀ ਨਹੀਂ ਕੀਤੇ ਜਾਣਗੇ। ਕੇਂਦਰ ਸਰਕਾਰ ਨੇ ਪਹਿਲਾਂ ਵੀ 'ਆਮ ਆਦਮੀ ਕਲੀਨਿਕਾਂ' 'ਤੇ ਇਤਰਾਜ਼ ਉਠਾਏ ਸਨ ਅਤੇ ਵਿੱਤ ਮੰਤਰਾਲੇ ਨੇ 'ਬ੍ਰਾਂਡਿੰਗ ਕੁਤਾਹੀਆਂ' ਬਾਰੇ ਚੌਕਸ ਕਰਦਿਆਂ ਇਨ੍ਹਾਂ ਇਤਰਾਜ਼ਾਂ ਨੂੰ 30 ਸਤੰਬਰ ਤੱਕ ਦੂਰ ਕਰਨ ਲਈ ਕਿਹਾ ਸੀ। ਸੂਬਾ ਸਰਕਾਰ ਲਈ ਇਹ ਕਿਸੇ ਵਿੱਤੀ ਸੰਕਟ ਤੋਂ ਘੱਟ ਨਹੀਂ ਹੈ। ਚੇਤੇ ਰਹੇ ਕਿ ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਪੂੰਜੀ ਖ਼ਰਚਿਆਂ ਵਾਸਤੇ ਉਤਸ਼ਾਹਿਤ ਕਰਨ ਲਈ ਵਿਆਜ ਮੁਕਤ ਕਰਜ਼ੇ ਦਿੱਤੇ ਜਾਂਦੇ ਹਨ ਅਤੇ ਇਸੇ ਤਹਿਤ ਹੀ ਸੂਬੇ ਨੂੰ ਪਹਿਲੇ ਪੜਾਅ 'ਚ 1807 ਕਰੋੜ ਰੁਪਏ ਦੀ ਵੰਡ ਕੀਤੀ ਗਈ ਸੀ।

**ਨਵਾਂ ਰਾਹ ਤਲਾਸ਼ਣ ਲੱਗੀ ਸਰਕਾਰ**

ਕੇਂਦਰੀ ਫ਼ੰਡ ਰੁਕਣ ਨਾਲ ਪੰਜਾਬ ਦੇ ਅਹਿਮ ਵਿਕਾਸ ਪ੍ਰਾਜੈਕਟ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਟਾਈ ਵਿੱਚ ਪੈ ਗਏ ਹਨ। ਸੂਬਾ ਸਰਕਾਰ ਨੇ 103 ਵਿਕਾਸ ਪ੍ਰਾਜੈਕਟਾਂ ਦੀ ਸੂਚੀ ਅਤੇ ਉਨ੍ਹਾਂ ਦੇ ਲਾਗਤ ਖ਼ਰਚਿਆਂ ਦਾ ਵਿਸਥਾਰ ਕੇਂਦਰੀ ਵਿੱਤ ਮੰਤਰਾਲੇ ਨੂੰ ਭੇਜਿਆ ਸੀ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਕੇਂਦਰੀ ਇਤਰਾਜ਼ਾਂ ਨੂੰ ਦੂਰ ਕਰਨ ਲਈ 'ਆਮ ਆਦਮੀ ਕਲੀਨਿਕਾਂ' ਨੂੰ ਲੈ ਕੇ ਕੋਈ ਨਵਾਂ ਰਾਹ ਤਲਾਸ਼ ਰਹੀ ਹੈ।

**ਇਤਰਾਜ਼ ਦੂਰ ਕਰ ਰਹੇ ਹਾਂ: ਵਰਮਾ**

ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਕਿਹਾ ਕਿ ਸਿਹਤ ਵਿਭਾਗ ਤਰਫ਼ੋਂ ਕੇਂਦਰੀ ਇਤਰਾਜ਼ ਦੂਰ ਕਰਨ ਵਾਸਤੇ ਕੁੱਝ ਸੁਝਾਅ ਪੇਸ਼ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੁਝਾਵਾਂ 'ਤੇ ਮੁੱਖ ਮੰਤਰੀ ਵੱਲੋਂ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਫ਼ੰਡ ਰੁਕਣ ਕਾਰਨ ਕਈ ਉਸਾਰੀ ਅਧੀਨ ਪ੍ਰਾਜੈਕਟ ਵੀ ਲਟਕ ਜਾਣਗੇ।

**ਸੰਸਦ 'ਚ ਉੱਠਿਆ ਮਾਮਲਾ :**

ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਨੇ ਸੰਸਦ ਵਿੱਚ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਫ਼ੰਡ ਰੋਕਣ ਦਾ ਮੁੱਦਾ ਚੁੱਕਿਆ। ਉਨ੍ਹਾਂ ਸਾਰੇ ਰੋਕੇ ਗਏ ਫੰਡ ਜਾਰੀ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲ ਪੰਜਾਬ ਦੇ ਆਰ.ਡੀ.ਐੱਫ. (ਪੇਂਡੂ ਵਿਕਾਸ ਫੰਡ) ਦੇ 5500 ਕਰੋੜ ਰੁਪਏ ਬਕਾਇਆ ਹਨ ਜਿਨ੍ਹਾਂ ਦੀ ਵਰਤੋਂ ਪੰਜਾਬ ਦੀਆਂ ਮੰਡੀਆਂ ਅਤੇ ਦਿਹਾਤੀ ਖੇਤਰ ਦੀਆਂ ਸੜਕਾਂ ਦੇ ਨਿਰਮਾਣ ਤੇ ਸਾਂਭ-ਸੰਭਾਲ ਲਈ ਕੀਤੀ ਜਾਂਦੀ ਹੈ। ਪਾਠਕ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਸ ਫ਼ੰਡ ਦੀ ਵਰਤੋਂ ਹੋਰ ਕੰਮਾਂ ਲਈ ਕੀਤੀ ਸੀ ਪਰ ਹੁਣ ਪੰਜਾਬ ਵਿੱਚ ਨਵੀਂ ਸਰਕਾਰ ਨੇ ਫੰਡ ਸਿਰਫ਼ ਮੰਡੀਆਂ ਅਤੇ ਪੇਂਡੂ ਸੜਕਾਂ ਲਈ ਹੀ ਖ਼ਰਚਣ ਵਾਸਤੇ ਨਵੇਂ ਕਾਨੂੰਨ ਬਣਾਏ ਹਨ। ਇਸ ਲਈ ਕੇਂਦਰ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਤੋਂ ਇਹ ਫ਼ੰਡ ਜਾਰੀ ਕਰਨਾ ਚਾਹੀਦਾ ਹੈ। ਰਾਜ ਸਭਾ ਮੈਂਬਰ ਨੇ ਕਿਹਾ ਕਿ ਐੱਨ.ਐੱਚ.ਐੱਮ. (ਨੈਸ਼ਨਲ ਹੈਲਥ ਮਿਸ਼ਨ) ਦੇ 621 ਕਰੋੜ ਦੇ ਫ਼ੰਡ ਕੇਂਦਰ ਵੱਲ ਬਕਾਇਆ ਪਏ ਹਨ।

# ਪੰਜਾਬ ਵਿੱਚ ਉਦਯੋਗਾਂ ਦੇ ਵਿਸਥਾਰ ਲਈ ਸਨਅਤਕਾਰਾਂ ਦੀ ਮਦਦ ਕਰੇਗੀ ਸਰਕਾਰ: ਭੁੱਲਰ

## ਪਾਇਟੈਕਸ ਵਪਾਰ ਮੇਲੇ ਦੇ ਸਮਾਪਤੀ ਸਮਾਰੋਹ 'ਚ ਦੇਸ਼-ਵਿਦੇਸ਼ ਤੋਂ ਆਏ ਕਾਰੋਬਾਰੀਆਂ ਨੂੰ ਸੰਬੋਧਨ ਕੀਤਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਇੱਥੇ ਚੱਲ ਰਿਹਾ 17ਵਾਂ ਪਾਇਟੈਕਸ ਵਪਾਰ ਮੇਲਾ ਸਮਾਪਤ ਹੋ ਗਿਆ। ਪੰਜ ਦਿਨ ਚੱਲੇ ਇਸ ਕੌਮਾਂਤਰੀ ਪੱਧਰ ਦੇ ਵਪਾਰ ਮੇਲੇ ਦੇ ਸਮਾਪਤੀ ਸਮਾਰੋਹ ਵਿੱਚ ਪੁੱਜੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸਨਅਤਕਾਰਾਂ ਨੂੰ ਕਿਹਾ ਕਿ ਉਹ ਪੰਜਾਬ ਵਿੱਚ ਆਪਣੇ ਉਦਯੋਗਾਂ ਦਾ ਵਿਸਥਾਰ ਕਰਨ ਅਤੇ ਪੰਜਾਬ ਸਰਕਾਰ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਲਈ ਵਚਨਬੱਧ ਹੈ। ਵਪਾਰ ਮੇਲੇ ਦੇ ਸਮਾਪਤੀ ਸਮਾਰੋਹ ਵਿੱਚ ਦੇਸ਼-ਵਿਦੇਸ਼ ਤੋਂ ਆਏ ਕਾਰੋਬਾਰੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਵਿੱਚ ਉਦਯੋਗਾਂ ਅਤੇ ਉਦਯੋਗਪਤੀਆਂ ਦੀ ਭੂਮਿਕਾ ਅਹਿਮ ਹੈ। ਪੰਜਾਬ ਵਿੱਚ ਸਨਅਤਕਾਰਾਂ ਨੂੰ ਸਸਤੀ ਬਿਜਲੀ ਦੇਣ ਤੋਂ ਇਲਾਵਾ ਉਨ੍ਹਾਂ ਦੀ ਮੰਗ ਅਨੁਸਾਰ ਸਨਅਤੀ ਨੀਤੀ ਵਿੱਚ ਬਦਲਾਅ ਕੀਤੇ ਗਏ ਹਨ। ਵਪਾਰ ਮੇਲੇ ਦੇ ਪ੍ਰਬੰਧਕਾਂ ਨੂੰ ਇਸ ਦੀ ਸਫਲਤਾ ਵਾਸਤੇ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਮੇਲਾ ਹੁਣ ਸਰਹੱਦੀ ਜ਼ਿਲ੍ਹਿਆਂ ਦਾ ਹੀ ਨਹੀਂ ਸਗੋਂ ਪੂਰੇ ਪੰਜਾਬ



ਦਾ ਮਾਣ ਬਣ ਗਿਆ ਹੈ। ਇਸ ਨਾਲ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਵੀ ਮਿਲਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਾਇਟੈਕਸ ਵਰਗੇ ਸਮਾਗਮਾਂ ਨੂੰ ਸਫਲ ਬਣਾਉਣ ਲਈ ਜਲਦੀ ਹੀ ਜ਼ਮੀਨ ਦਾ ਪ੍ਰਬੰਧ ਕਰੇਗੀ।

ਪੀਐੱਚਡੀ ਚੈਂਬਰ ਦੇ ਪੰਜਾਬ ਦੇ ਮੁਖੀ ਆਰ.ਐਸ. ਸਚਦੇਵਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਮੇਲੇ ਵਿੱਚ ਲੱਖਾਂ ਦੀ ਗਿਣਤੀ 'ਚ ਲੋਕਾਂ ਦੀ ਹਾਜ਼ਰੀ ਇਸ ਗੱਲ ਦੀ ਗਵਾਹ ਹੈ ਕਿ ਹੁਣ ਪੰਜਾਬ ਤੇਜ਼ੀ ਨਾਲ ਰੰਗਲਾ ਪੰਜਾਬ ਬਣਨ ਵੱਲ ਵਧ ਰਿਹਾ ਹੈ। ਇਸ ਮੌਕੇ ਐੱਮਐੱਸਈ ਦੇ ਡਾਇਰੈਕਟਰ ਵਰਿੰਦਰ ਸ਼ਰਮਾ, ਇੰਦਰਜੀਤ ਸਿੰਘ ਟਾਂਡੀ, ਪੀਐੱਚਡੀ ਚੈਂਬਰ ਦੇ ਖੇਤਰੀ ਡਾਇਰੈਕਟਰ ਭਾਰਤੀ ਸੂਦ, ਸਥਾਨਕ ਕਨਵੀਨਰ ਜੈਦੀਪ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

**ਕਈ ਵਿਅਕਤੀਆਂ ਦਾ ਕੀਤਾ ਸਨਮਾਨ**

ਪੀਐੱਚਡੀ ਚੈਂਬਰ ਵੱਲੋਂ ਨਿਵੇਕਲੀ ਪਹਿਲ ਕਰਦੇ ਹੋਏ ਝੋਨੇ ਦੀ ਰਹਿੰਦ-ਖੂੰਹਦ ਅਤੇ ਪਰਾਲੀ ਦੀ ਮਦਦ ਨਾਲ ਸੀਲਿੰਗ ਟਾਈਲਾਂ ਬਣਾਉਣ ਵਾਲੇ ਗੁਰਦਾਸਪੁਰ ਜ਼ਿਲ੍ਹੇ ਦੇ ਪਰਮਿੰਦਰ ਸਿੰਘ, ਜੈਵਿਕ ਹਲਦੀ ਦੀ ਖੇਤੀ ਕਰਨ ਵਾਲੇ ਅੰਮ੍ਰਿਤਸਰ ਦੇ ਪਿੰਡ ਤਰਸਿਕਾ ਦੇ ਕਿਸਾਨ ਸੁਲਤਾਨ ਸਿੰਘ ਭਿੰਡਰ ਅਤੇ ਸ਼ਹਿਦ ਦੀ ਪੈਦਾਵਾਰ ਕਰਨ ਵਾਲੇ ਨੌਜਵਾਨ ਪਵਨਦੀਪ ਅਰੋੜਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

# ਸਾਂਝਾ ਸ਼ਮਸ਼ਾਨਘਾਟ ਬਣਾਉਣ ਵਾਲੇ 29 ਪਿੰਡਾਂ ਨੂੰ 5-5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰੇਗੀ ਪੰਜਾਬ ਸਰਕਾਰ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਸਰਕਾਰ ਪਿੰਡਾਂ 'ਚ ਵੱਖੋ-ਵੱਖਰੇ ਸ਼ਮਸ਼ਾਨਘਾਟਾਂ ਦੀ ਥਾਂ ਇੱਕ ਸਾਂਝਾ ਸ਼ਮਸ਼ਾਨਘਾਟ ਬਣਾਉਣ ਵਾਲੇ 29 ਪਿੰਡਾਂ ਨੂੰ 5-5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰੇਗੀ। ਇਸ ਸਬੰਧੀ ਫ਼ਾਈਲ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਭੁੱਲਰ ਨੇ ਦੱਸਿਆ ਕਿ 1 ਕਰੋੜ 45 ਲੱਖ ਰੁਪਏ ਦੀ ਗ੍ਰਾਂਟ ਰਾਸ਼ੀ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਸ਼ਹੀਦਗੜ੍ਹ, ਸੈਂਪਲਾ, ਮੁਹੰਮਦੀਪੁਰ, ਧਤੌਂਦਾ ਅਤੇ ਧਨੌਲਾ, ਜ਼ਿਲ੍ਹਾ ਪਠਾਨਕੋਟ ਦੇ ਪਿੰਡ ਘੋਹ, ਜ਼ਿਲ੍ਹਾ ਰੋਪੜ ਦੇ ਪਿੰਡ ਝੱਲੀਆਂ ਕਲਾਂ, ਰਾਮਪੁਰ ਅਤੇ ਗੋਪਾਲਪੁਰ, ਜ਼ਿਲ੍ਹਾ ਸੰਗਰੂਰ ਦੇ ਪਿੰਡ ਖਾਈ, ਜ਼ਿਲ੍ਹਾ ਪਟਿਆਲਾ ਦੇ ਪਿੰਡ ਹਰਚੰਦਪੁਰਾ, ਗੱਜੂਮਾਜਰਾ, ਸਨੌਲੀਆਂ ਅਤੇ ਸੁੱਖੇਵਾਲ, ਜ਼ਿਲ੍ਹਾ ਤਰਨਤਾਰਨ ਦੇ ਪਿੰਡ ਕਿੜੀਆਂ, ਚੰਬਲ, ਡਲੀਰੀ, ਮਾੜੀ ਸਮਰਾਂ ਅਤੇ ਜਵੰਦਪੁਰ, ਜ਼ਿਲ੍ਹਾ ਐੱਸ.ਏ.ਐੱਸ.ਨਗਰ ਦੇ ਪਿੰਡ ਮਹਿਰੌਲੀ ਅਤੇ ਢਕੋਰਾਂ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਛੰਨ ਘੋਗਾ ਤੇ ਮੁਮੰਦ ਅਤੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੱਬੋਂ ਨੀਚੀ, ਖਾਨਪੁਰ ਮੰਡ, ਜੁਲਫ਼ਗੜ੍ਹ, ਕੀੜੀ, ਨਵਾਂ ਸਲੇਮਪੁਰਾ ਅਤੇ ਪਿੰਡ ਭਾਡੇਵਾਲ ਨੂੰ ਛੇਤੀ ਜਾਰੀ ਕੀਤੀ ਜਾਵੇਗੀ।



ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ 'ਚ ਬਹੁਤੇ ਪਿੰਡ ਅਜਿਹੇ ਹਨ, ਜਿੱਥੇ ਵੱਖ-ਵੱਖ ਧਰਮਾਂ-ਆਬਾਦੀਆਂ ਲਈ ਵੱਖੋ-ਵਖਰੇ ਸ਼ਮਸ਼ਾਨਘਾਟ ਹਨ ਅਤੇ ਇਨ੍ਹਾਂ 'ਚੋਂ ਕੋਈ ਵੀ ਸ਼ਮਸ਼ਾਨਘਾਟ ਮੁਕੰਮਲ ਰੂਪ 'ਚ ਵਿਕਸਿਤ ਨਹੀਂ ਹੈ।

# ਵਰਲਡ ਸਿੱਖ ਪਾਰਲੀਮੈਂਟ ਨੇ ਵਿਸ਼ਵ ਭਰ 'ਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਚਲਾਈ ਮੁਹਿੰਮ

ਜਲੰਧਰ/ਏ.ਟੀ.ਨਿਊਜ਼ : ਵਰਲਡ ਸਿੱਖ ਪਾਰਲੀਮੈਂਟ (ਡਬਲਿਊ. ਐਸ.ਪੀ.) ਦੇ ਡੈਲੀਗੇਟਾਂ, ਜਿਸ 'ਚ ਸੰਯੁਕਤ ਰਾਸ਼ਟਰ (ਯੂ. ਐਨ.) ਅਤੇ ਗੈਰ-ਸਰਕਾਰੀ ਸੰਗਠਨ (ਐਨ.ਜੀ. ਓ.) ਕੌਂਸਲ ਦੇ ਨੁਮਾਇੰਦੇ ਸ਼ਾਮਿਲ ਹਨ, ਦੁਆਰਾ ਇੱਥੇ ਆਯੋਜਿਤ ਮੀਟਿੰਗ 'ਚ ਸਿੱਖਾਂ ਦੀ ਸੁਰੱਖਿਆ ਤੇ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਪ੍ਰਗਟਾਈ ਗਈ। ਵਾਸ਼ਿੰਗਟਨ ਡੀ. ਸੀ. ਵਿਖੇ ਬਲਵਿੰਦਰ ਸਿੰਘ ਚੱਠਾ ਅਤੇ ਊਧਮ ਸਿੰਘ (ਡਬਲਿਊ. ਐਸ. ਪੀ.) ਦੀ ਨੁਮਾਇੰਦਗੀ ਕਰਦੇ ਹੋਏ ਸੰਯੁਕਤ ਰਾਸ਼ਟਰ ਅਤੇ ਐਨ.ਜੀ.ਓ. ਕੌਂਸਲ ਦੇ ਡੈਲੀਗੇਟਾਂ ਦੇ ਸਮੇਤ ਯੂ. ਐਸ. ਕਾਂਗਰਸ ਵਿਖੇ ਵਿਸ਼ਵ ਭਰ 'ਚ ਸੁਰੱਖਿਆ ਅਤੇ ਭਲਾਈ ਦੀ ਵਕਾਲਤ ਕਰਨ ਲਈ ਇਨ੍ਹਾਂ ਅਮਰੀਕੀ ਸਰਕਾਰ ਦੇ ਸਮਾਗਮਾਂ 'ਚ ਸਰਗਰਮੀ ਨਾਲ ਹਿੱਸਾ ਲਿਆ। ਸੈਨੇਟ 'ਚ



ਅੰਤਰਰਾਸ਼ਟਰੀ ਦਮਨ ਬਿੱਲ (ਟਰਾਂਸ ਨੈਸ਼ਨਲ ਰਿਪਰੈਸ਼ਨ) ਦੀ ਸੁਣਵਾਈ 'ਚ ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਨੇ ਅੰਤਰਰਾਸ਼ਟਰੀ ਪੱਧਰ 'ਤੇ ਸਰਕਾਰੀ ਜ਼ੁਲਮ ਦਾ ਮੁਕਾਬਲਾ ਕਰਨ ਵਾਲੇ ਸੰਵਿਧਾਨਕ ਤਰੀਕਿਆਂ ਦੀ ਵਕਾਲਤ ਕਰਨ ਲਈ ਸਮੂਹਿਕ ਤੌਰ 'ਤੇ ਸਮਰਪਣ ਦੀ ਭਾਵਨਾ ਨਾਲ ਕੰਮ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਇਸ ਸਾਂਝੇ ਯਤਨ ਨੇ ਅਜਿਹੇ ਮਾਮਲਿਆਂ ਨੂੰ ਹੱਲ ਕਰਨ ਅਤੇ ਰੋਕਣ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ, ਜਿੱਥੇ ਵਿਅਕਤੀਆਂ ਨੂੰ ਅੰਤਰਰਾਸ਼ਟਰੀ ਸਰਹੱਦਾਂ ਤੋਂ ਪਾਰ ਦਮਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਸਮਾਗਮ 'ਚ ਉਨ੍ਹਾਂ ਦੀ ਭਾਗੀਦਾਰੀ ਨੇ ਸਿੱਖਾਂ, ਖਾਸ ਤੌਰ 'ਤੇ ਭਾਰਤ ਦੇ ਕਬਜ਼ੇ ਵਾਲੇ ਪੰਜਾਬ 'ਚ ਵੱਡੇ ਪੱਧਰ 'ਤੇ ਹੋਏ ਅੱਤਿਆਚਾਰ ਅਤੇ ਵਿਤਕਰੇ ਬਾਰੇ ਵੀ ਚਾਨਣਾ ਪਾਇਆ। ਯੂ. ਐਸ. ਸਟੇਟ ਡਿਪਾਰਟਮੈਂਟ ਆਈ. ਆਰ. ਐਫ. ਰਾਜਦੂਤ ਤੋਂ ਰਿਪੋਰਟਾਂ ਦੀ ਸਪੁਰਦਗੀ ਦੁਆਰਾ ਉਨ੍ਹਾਂ ਨੇ ਵਿਸ਼ਵ ਵਿਆਪੀ ਜਾਗਰੂਕਤਾ ਅਤੇ ਕਾਰਵਾਈ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਮੁਸੀਬਤਾਂ ਵੱਲ ਧਿਆਨ ਦਿਵਾਇਆ। ਸਿੱਖ ਨੁਮਾਇੰਦਿਆਂ ਨੇ ਕਈ ਘਟਨਾਵਾਂ ਬਾਰੇ ਗੱਲ ਕੀਤੀ, ਜਿੱਥੇ ਸਿੱਖਾਂ ਨੂੰ ਵਿਸ਼ਵ ਪੱਧਰ 'ਤੇ ਭਾਰਤ ਦੁਆਰਾ ਕੀਤੇ ਗਏ ਅੰਤਰਰਾਸ਼ਟਰੀ ਜਬਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਸਾਂਝੇ ਯਤਨ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਧਿਆਨ ਅਤੇ ਦਖ਼ਲ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਸਿੱਖਾਂ ਨੂੰ ਦਰਪੇਸ਼ ਸਰਹੱਦ-ਪਾਰ ਦੇ ਦਮਨ ਦੇ ਵਿਆਪਕ ਮੁੱਦੇ ਨੂੰ ਉਜਾਗਰ ਕਰਨ 'ਚ ਮਦਦ ਕੀਤੀ । ਇਨ੍ਹਾਂ ਸਮਾਗਮਾਂ 'ਚ (ਡਬਲਿਊ. ਐਸ. ਪੀ.) ਦੇ ਮੈਂਬਰਾਂ, ਸੰਯੁਕਤ ਰਾਸ਼ਟਰ ਦੇ ਡੈਲੀਗੇਟਾਂ ਤੇ ਐਨ. ਜੀ. ਓ. ਕੌਂਸਲ ਦੇ ਨੁਮਾਇੰਦਿਆਂ ਦੀ ਸਾਂਝੀ ਸ਼ਮੂਲੀਅਤ ਵਿਸ਼ਵ ਭਰ 'ਚ ਸਿੱਖਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਦੀ ਵਕਾਲਤ ਕਰਨ ਲਈ ਉਨ੍ਹਾਂ ਵੱਲੋਂ ਸਮਰਪਿਤ ਹੋ ਕੇ ਕੀਤੇ ਜਾ ਰਹੇ ਕੰਮਾਂ ਨੂੰ ਦਰਸਾਉਂਦੀ ਹੈ।

**ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਦਾ**

# ਸਿੰਘ ਸਾਹਿਬ ਰੋਡੇ ਦੀ ਅਗਵਾਈ 'ਚ ਗੁ. ਰਕਾਬਗੰਜ ਸਾਹਿਬ ਤੋਂ ਲੈ ਕੇ ਸੰਸਦ ਵੱਲ ਕੱਢਿਆ ਮਾਰਚ





ਨਵੀਂ ਦਿੱਲੀ /ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਦੀ ਅਗਵਾਈ ਵਿੱਚ ਇੰਟਰਨੈਸ਼ਨਲ ਪੰਥਕ ਦਲ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਇਤਿਹਾਸਕ ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਸੰਸਦ ਮਾਰਗ ਤੱਕ ਮਾਰਚ ਕੱਢਿਆ ਗਿਆ। ਇਸ ਮੌਕੇ ਸਰਕਾਰਾਂ ਨੂੰ ਸਿੱਖਾਂ ਨਾਲ ਵਿਤਕਰੇ ਵਾਲਾ ਰਵੱਈਆ ਤੁਰੰਤ ਬੰਦ ਕਰਨ ਦੀ ਅਪੀਲ ਕੀਤੀ ਗਈ।

ਪ੍ਰਦਰਸ਼ਨਕਾਰੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ। ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਕੱਢੇ ਗਏ ਇਸ ਮਾਰਚ 'ਚ ਇੰਟਰਨੈਸ਼ਨਲ ਪੰਥਕ ਦਲ ਤੋਂ ਇਲਾਵਾ ਯੂਨਾਈਟਡ ਅਕਾਲੀ ਦਲ, ਕੌਮੀ ਇਨਸਾਫ ਮੋਰਚਾ, ਲੋਕ ਅਧਿਕਾਰ ਲਹਿਰ, ਉਦਯੋਗਿਕ ਵਪਾਰ ਮੰਡਲ ਲੁਧਿਆਣਾ ਤੇ ਹੋਰ ਇਨਸਾਫ ਪਸੰਦ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਅਰਦਾਸ ਉਪਰੰਤ ਸਿੱਖ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਨੇ ਹੱਥਾਂ 'ਚ ਕੇਸਰੀ ਨਿਸ਼ਾਨ ਸਾਹਿਬ ਫੜ ਕੇ ਗੁ. ਰਕਾਬਗੰਜ ਸਾਹਿਬ ਤੋਂ ਸੰਸਦ ਵੱਲ ਮਾਰਚ ਸ਼ੁਰੂ ਕੀਤਾ ਤਾਂ ਪੁਲਿਸ ਨੇ ਇਸ ਮਾਰਚ ਨੂੰ ਸੰਸਦ ਤੱਕ ਜਾਣ ਤੋਂ ਪਹਿਲਾਂ ਹੀ ਰੋਕ ਲਿਆ। ਇਸ ਮੌਕੇ ਭਾਈ ਜਸਬੀਰ ਸਿੰਘ ਰੋਡੇ, ਗੁਰਦੀਪ ਸਿੰਘ ਬਠਿੰਡਾ ਤੇ ਹੋਰ ਆਗੂਆਂ ਨੇ ਮੰਗ ਕੀਤੀ ਕਿ ਸਰਕਾਰਾਂ ਨੂੰ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਰਾਜਸੀ ਕੈਦੀਆਂ ਦੀ ਰਿਹਾਈ ਤੁਰੰਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਵੱਲੋਂ 8 ਸਿੱਖ ਕੈਦੀਆਂ ਦੀ ਰਿਹਾਈ ਤੇ 1 ਕੈਦੀ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ 'ਚ ਤਬਦੀਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ, ਪਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਗੁਰਦੀਪ ਸਿੰਘ ਖੇੜਾ ਹਾਲੇ ਵੀ ਜੇਲ੍ਹ 'ਚ ਹਨ ਤੇ ਭਾਈ ਰਾਜੋਆਣਾ ਦੀ ਸਜ਼ਾ ਵੀ ਅਜੇ ਤੱਕ ਉਮਰ ਕੈਦ 'ਚ ਤਬਦੀਲ ਨਹੀਂ ਕੀਤੀ ਗਈ ਹੈ। ਇਸੇ ਤਰ੍ਹਾਂ ਹੀ ਕਈ ਹੋਰ ਸਿੱਖ ਰਾਜਸੀ ਕੈਦੀਆਂ ਦਾ ਮਾਮਲਾ ਵੀ ਲਮਕਿਆ ਪਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਵੱਲੋਂ ਸਿੱਖ ਰਾਜਸੀ ਕੈਦੀਆਂ ਦੇ ਮਸਲੇ ਨੂੰ ਸਮੇਂ ਦੀਆਂ ਸਰਕਾਰਾਂ ਕੋਲ ਚੁੱਕਿਆ ਜਾਂਦਾ ਰਿਹਾ ਹੈ, ਪਰ ਸਿੱਖਾਂ ਨੂੰ ਇਨਸਾਫ ਨਹੀਂ ਮਿਲ ਸਕਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਸਿੱਖਾਂ ਨਾਲ ਵਿਤਕਰੇ ਵਾਲਾ ਰਵੱਈਆ ਅਪਨਾ ਰਹੀਆਂ ਹਨ, ਜਿਸ ਨਾਲ ਅਜਿਹਾ ਸੁਨੇਹਾ ਮਿਲਦਾ ਹੈ ਕਿ ਦੇਸ਼ ਵਿੱਚ ਕਾਨੂੰਨ ਸਾਰਿਆਂ ਲਈ ਇੱਕੋ ਜਿਹਾ ਨਹੀਂ ਹੈ। ਮਾਰਚ 'ਚ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ, ਜਥੇ. ਬਾਬਾ ਸਵਰਨਜੀਤ ਸਿੰਘ (ਮੁਖੀ ਤਰਨਾ ਦਲ ਦੋਆਬਾ), ਜਥੇ. ਬਾਬਾ ਸਰਵਣ ਸਿੰਘ, ਬਾਬਾ ਸੁਖਵਿੰਦਰ ਸਿੰਘ, ਬਾਬਾ ਸੱਜਣ ਸਿੰਘ, ਬਾਬਾ ਜਤਿੰਦਰ ਸਿੰਘ, ਬਾਬਾ ਸਤਨਾਮ ਸਿੰਘ, ਬਾਬਾ ਬਲਦੇਵ ਸਿੰਘ, ਬਾਬਾ ਗੁਰਦੇਵ ਸਿੰਘ, ਬਾਬਾ ਹਰਜਿੰਦਰ ਸਿੰਘ, ਭਾਈ ਕਿਰਪਾ ਸਿੰਘ, ਭਾਈ ਦਲੀਪ ਸਿੰਘ, ਬਲਵਿੰਦਰ ਸਿੰਘ ਲੋਕ ਅਧਿਕਾਰ ਲਹਿਰ ਤੇ ਤਰੁਣ ਜੈਨ ਪ੍ਰਧਾਨ ਵਪਾਰ ਮੰਡਲ ਸਮੇਤ ਹੋਰਾਂ ਨੇ ਵੀ ਸ਼ਮੂਲੀਅਤ ਕੀਤੀ।

## ਸ਼੍ਰੋਮਣੀ ਕਮੇਟੀ ਨੇ ਧਰਮ ਪ੍ਰਚਾਰ ਦੀ ਮੁਹਿੰਮ ਕੀਤੀ ਤੇਜ਼

**24 ਨਵੇਂ ਧਾਰਮਿਕ ਅਧਿਆਪਕ ਨਿਯੁਕਤ ਕੀਤੇ**



ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਵੱਖ-ਵੱਖ ਸਕੂਲਾਂ/ਕਾਲਜਾਂ ਲਈ ਨਿਯੁਕਤ ਕੀਤੇ 24 ਧਾਰਮਿਕ ਅਧਿਆਪਕਾਂ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਨਿਯੁਕਤੀ ਪੱਤਰ ਦਿੱਤੇ ਗਏ। ਇਹ ਧਾਰਮਿਕ ਅਧਿਆਪਕ ਵੱਖ-ਵੱਖ ਸਕੂਲਾਂ/ਕਾਲਜਾਂ ਵਿੱਚ ਬੱਚਿਆਂ ਨੂੰ ਗੁਰਬਾਣੀ, ਸਿੱਖ ਇਤਿਹਾਸ, ਸਿੱਖ ਰਹਿਤ ਮਰਿਆਦਾ ਤੇ ਗੁਰਮਤਿ ਰਹਿਣੀ ਦੀ ਸਿੱਖਿਆ ਦੇਣਗੇ। ਇਸ ਤੋਂ ਪਹਿਲਾਂ ਧਰਮ ਪ੍ਰਚਾਰ ਕਮੇਟੀ ਵੱਲੋਂ ਵੱਖ-ਵੱਖ ਸਕੂਲਾਂ/ਕਾਲਜਾਂ ਵਿੱਚ 53 ਧਾਰਮਿਕ ਅਧਿਆਪਕ ਸੇਵਾਵਾਂ ਨਿਭਾ ਰਹੇ ਹਨ। ਇਨ੍ਹਾਂ 24 ਨਵ-ਨਿਯੁਕਤ ਅਧਿਆਪਕਾਂ ਦੀ ਨਿਯੁਕਤੀ ਨਾਲ ਧਾਰਮਿਕ ਅਧਿਆਪਕਾਂ ਦੀ ਗਿਣਤੀ 77 ਹੋ ਗਈ ਹੈ। ਨਵ-ਨਿਯੁਕਤ ਧਾਰਮਿਕ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇਣ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਧਾਰਮਿਕ ਅਧਿਆਪਕਾਂ ਨੂੰ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੇ ਦਾਇਰੇ ਵਿੱਚ ਰਹਿੰਦਿਆਂ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਦੀ ਪ੍ਰੇਰਣਾ ਕੀਤੀ ਅਤੇ ਨਵ-ਨਿਯੁਕਤ ਅਧਿਆਪਕਾਂ ਨੂੰ ਆਪਣੀ ਡਿਊਟੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਕਿਹਾ।

## ਲੋਕਲ ਗੁਰਦੁਆਰਾ ਕਮੇਟੀਆਂ 20 ਦਸੰਬਰ ਦੇ ਦਿੱਲੀ ਪ੍ਰਦਰਸ਼ਨ 'ਚ ਕਰਨਗੀਆਂ ਭਰਵੀਂ ਸ਼ਮੂਲੀਅਤ : ਐਡਵੋਕੇਟ ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼ : ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 20 ਦਸੰਬਰ ਨੂੰ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ ਤੋਂ ਰਾਸ਼ਟਰਪਤੀ ਭਵਨ ਤੱਕ ਆਯੋਜਿਤ ਕੀਤੇ ਜਾਣ ਵਾਲੇ ਪੰਥਕ ਪ੍ਰਦਰਸ਼ਨ ਵਿੱਚ ਪੰਜਾਬ ਦੀਆਂ ਲੋਕਲ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਹੋਈ ਇਕੱਤਰਤਾ ਦੌਰਾਨ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨਾਂ ਅਤੇ ਹੋਰ ਨੁਮਾਇੰਦਿਆਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ। ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਗਤ ਪਾਸੋਂ ਭਰਵਾਏ ਗਏ 26 ਲੱਖ ਪ੍ਰੋਫਾਰਮੇ ਇਸ ਪ੍ਰਦਰਸ਼ਨ ਦੌਰਾਨ ਨਾਲ ਲਿਜਾਏ ਜਾਣਗੇ। ਲੋਕਲ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਬੀਤੇ ਦਿਨ ਹੋਈ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਸਾਂਝਾ ਕੌਮੀ ਕਾਰਜ ਹੈ, ਜਿਸ ਲਈ ਹਰ ਇੱਕ ਵਰਗ ਦੀ ਸ਼ਮੂਲੀਅਤ ਨਿਰਣਾਇਕ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ 20 ਦਸੰਬਰ ਨੂੰ ਦਿੱਲੀ ਵਿਖੇ ਕੀਤਾ ਜਾਣ ਵਾਲਾ ਪੰਥਕ ਪ੍ਰਦਰਸ਼ਨ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮ ਦੀ ਇਕ ਸਾਂਝੀ ਆਵਾਜ਼ ਦਾ ਪ੍ਰਗਟਾਵਾ ਕਰੇਗਾ। ਇਸ ਵਿਚ ਪੰਥ ਦੀਆਂ ਸਮੂਹ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਸ਼ਾਮਲ ਹੋਣਗੀਆਂ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਸੈਕਸ਼ਨ-87 ਦੇ ਪ੍ਰਬੰਧ ਵਾਲੀਆਂ ਸਥਾਨਕ ਗੁਰਦੁਆਰਾ ਕਮੇਟੀਆਂ ਵੱਲੋਂ ਪੰਥਕ ਪ੍ਰਦਰਸ਼ਨ ਵਿੱਚ ਭਰਵੀਂ ਸ਼ਮੂਲੀਅਤ ਲਈ ਵਚਨਬੱਧਤਾ ਵਾਸਤੇ ਧੰਨਵਾਦ ਕਰਦਿਆਂ ਕਿਹਾ ਕਿ ਹਰ ਇੱਕ ਗੁਰੂ ਘਰ ਤੋਂ ਆਈ ਆਵਾਜ਼ ਬੰਦੀ ਸਿੰਘਾਂ ਦੀ ਰਿਹਾਈ ਲਈ ਵੱਡੀ ਭੂਮਿਕਾ ਸਾਬਤ ਹੋਵੇਗੀ।

## ਕਾਂਗਰਸ ਸਿੱਧੂ ਮੂਸੇਵਾਲਾ ਦੇ ਪਿਤਾ ਨੂੰ ਲੋਕਸਭਾ ਚੋਣ ਲੜਾਉਣ ਨੂੰ ਤਿਆਰ



ਚੰਡੀਗੜ੍ਹ/ਏ.ਟੀ.ਨਿਊਜ਼ :- ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਕੀ 2024 ਦੀਆਂ ਲੋਕਸਭਾ ਚੋਣਾਂ ਲੜ ਸਕਦੇ ਹਨ? ਇੰਨਾਂ ਖ਼ਬਰਾਂ ਦੇ ਵਿਚਾਲੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਕਿਹਾ ਜੇਕਰ ਉਹ ਚੋਣ ਲੜਨ ਦੀ ਇੱਛਾ ਜਤਾਉਂਦੇ ਹਨ ਤਾਂ ਉਹ ਸਵਾਗਤ ਕਰਨਗੇ। ਸਾਡੇ ਲਈ ਇਸ ਤੋਂ ਚੰਗਾ ਹੋਰ ਕੁਝ ਨਹੀਂ ਹੋ ਸਕਦਾ ਹੈ। ਅਸੀਂ ਉਨ੍ਹਾਂ ਨੂੰ ਜ਼ਰੂਰ ਪੁੱਛਾਂਗੇ ਜੇਕਰ ਪਰਿਵਾਰ ਚਾਹੁੰਦਾ ਹੋਵੇਗਾ ਤਾਂ ਅਸੀਂ ਉਨ੍ਹਾਂ ਦੀ ਇੱਛਾ ਜ਼ਰੂਰ ਪੂਰੀ ਕਰਾਂਗੇ। ਸਾਡਾ ਮੂਸੇਵਾਲਾ ਦੇ ਪਰਿਵਾਰ ਨਾਲ ਦੋਸਤਾਨਾ ਸਬੰਧ ਹਨ, ਇਹ ਰਿਸ਼ਤਾ ਸਿਆਸਤ ਤੋਂ ਕਾਫੀ ਜ਼ਿਆਦਾ ਹੈ। ਰਾਜਾ ਵੜਿੰਗ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਆਪ ਚਾਹੁੰਦੇ ਸਨ ਚੋਣ ਲੜਨਾ ਇਸੇ ਲਈ ਉਨ੍ਹਾਂ ਨੂੰ ਪਾਰਟੀ ਨੇ ਮੈਦਾਨ ਵਿੱਚ ਉਤਾਰਿਆ ਸੀ। ਜੇਕਰ ਮਾਤਾ ਚਰਨ ਕੌਰ ਜਾਂ ਪਿਤਾ ਬਲਕੌਰ ਸਿੰਘ ਦੋਵਾਂ ਵਿੱਚੋ ਕੋਈ ਵੀ ਚੋਣ ਲੜਨਾ ਚਾਹੁੰਦਾ ਤਾਂ ਘਰ ਜਾਕੇ ਸਨਮਾਨ ਦੇਵਾਗੇ। ਹਾਲਾਂਕਿ ਰਾਜਾ ਵੜਿੰਗ ਨੇ ਇਹ ਵੀ ਸਾਫ਼ ਕੀਤਾ ਕਿ ਹੁਣ ਤੱਕ ਕਿਸੇ ਨੇ ਚੋਣ ਲੜਨ ਦੀ ਸਿੱਧੇ ਇੱਛਾ ਨਹੀਂ ਜਤਾਈ ਹੈ।

(ਬਾਕੀ ਸਫ਼ਾ 31 'ਤੇ)

## 18 ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਦਿੱਲੀ ਕੂਚ ਕਰਨ ਦਾ ਐਲਾਨ

**ਮਾਝਾ ਅਤੇ ਮਾਲਵਾ ਵਿੱਚ ਇਕੱਠਾਂ ਦੌਰਾਨ ਸੰਘਰਸ਼ ਦਾ ਕੀਤਾ ਜਾਵੇਗਾ ਐਲਾਨ**



ਚੰਡੀਗੜ੍ਹ/ਏ.ਟੀ.ਨਿਊਜ਼ : ਉੱਤਰੀ ਭਾਰਤ ਦੀਆਂ 18 ਕਿਸਾਨ ਮਜ਼ਦੂਰ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਦੇ ਆਗੂਆਂ ਨੇ ਕਿਸਾਨੀ ਮੰਗਾਂ ਦੇ ਮੁੱਦੇ 'ਤੇ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹਣ ਲਈ ਦਿੱਲੀ ਕੂਚ ਦਾ ਐਲਾਨ ਕੀਤਾ ਹੈ।

ਇੱਥੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਰਵਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਮੰਗਾਂ ਨੂੰ ਲੈ ਕੇ ਦੇਸ਼ ਭਰ ਵਿੱਚੋਂ ਜਥੇਬੰਦੀਆਂ ਨੇ ਕੇਂਦਰ ਸਰਕਾਰ ਕੋਲੋਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਮਨਵਾਉਣ ਅਤੇ ਦਿੱਲੀ ਮੋਰਚੇ ਦੌਰਾਨ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਵੱਡੇ ਸੰਘਰਸ਼ਾਂ ਦੀ ਤਿਆਰੀ ਵਜੋਂ 2 ਜਨਵਰੀ ਨੂੰ ਮਾਝੇ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਅਤੇ ਮਾਲਵਾ ਅੰਦਰ ਬਰਨਾਲਾ ਵਿੱਚ 6 ਜਨਵਰੀ ਨੂੰ ਵੱਡੇ ਇੱਕਠ ਕੀਤੇ ਜਾਣਗੇ। ਇਨ੍ਹਾਂ ਇਕੱਠਾਂ ਦੌਰਾਨ ਦਿੱਲੀ ਕੂਚ ਦੀਆਂ ਤਰੀਕਾਂ ਐਲਾਨੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਦੋਹਾਂ ਫੋਰਮਾਂ ਦੀ ਕੇਂਦਰ ਸਰਕਾਰ ਤੋਂ ਮੰਗ ਹੈ ਕਿ ਸਾਰੀਆਂ ਫ਼ਸਲਾਂ ਲਈ ਐੱਮਐੱਸਪੀ ਗਾਰੰਟੀ ਕਾਨੂੰਨ ਬਣਾ ਕੇ ਸਾਰੀਆਂ ਫ਼ਸਲਾਂ ਦਾ ਭਾਅ ਡਾ. ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਅਨੁਸਾਰ ਦਿੱਤਾ ਜਾਵੇ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ, ਪਿਛਲੇ ਦਿੱਲੀ ਅੰਦੋਲਨ ਦੀਆਂ ਅਧੂਰੀਆਂ ਰਹਿੰਦੀਆਂ ਮੰਗਾਂ ਜਿਵੇਂ ਕਿ ਲਖੀਮਪੁਰ ਖੀਰੀ ਕਤਲ ਕਾਂਡ ਦਾ ਇਨਸਾਫ਼ ਦੇਣ, ਅਜੈ ਮਿਸ਼ਰਾ ਨੂੰ ਮੰਤਰੀ ਮੰਡਲ ਵਿੱਚੋਂ ਬਰਖਾਸਤ ਕਰ ਕੇ ਗ੍ਰਿਫਤਾਰ ਕਰਨ, ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰਨ, ਸਾਰੇ ਕਥਿਤ ਦੋਸ਼ੀਆਂ 'ਤੇ ਬਣਦੀ ਕਾਰਵਾਈ ਅਤੇ ਹੋਏ ਸਮਝੌਤੇ ਅਨੁਸਾਰ ਜ਼ਖਮੀਆਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਣ, ਦਿੱਲੀ ਮੋਰਚੇ ਸਮੇਤ ਦੇਸ਼ ਭਰ ਦੇ ਸਾਰੇ ਅੰਦੋਲਨਾਂ ਦੌਰਾਨ ਪਾਏ ਗਏ ਹਰ ਤਰ੍ਹਾਂ ਦੇ ਕੇਸ ਰੱਦ ਕਰਨ, ਅੰਦੋਲਨਾਂ ਦੌਰਾਨ ਸ਼ਹੀਦ ਹੋਏ ਕਿਸਾਨਾਂ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦੇਣ ਆਦਿ ਮਸਲੇ ਹੱਲ ਕਰਨ ਦੀ ਮੰਗ ਕੀਤੀ। ਮੀਟਿੰਗ ਵਿੱਚ ਜਸਵਿੰਦਰ ਸਿੰਘ ਲੌਂਗੋਵਾਲ, ਮਨਜੀਤ ਸਿੰਘ ਨਿਆਲ, ਗੁਰਮੀਤ ਸਿੰਘ ਮਾਂਗਟ, ਬਲਦੇਵ ਸਿੰਘ ਜ਼ੀਰਾ, ਅਮਰਜੀਤ ਮੋਹੜੀ, ਤੇਜਬੀਰ ਸਿੰਘ, ਗੁਰਵਿੰਦਰ ਸਿੰਘ ਸਦਰਪੁਰਾ, ਗੁਰਿੰਦਰ ਸਿੰਘ ਭੰਗੂ, ਕੁਲਵਿੰਦਰ ਸਿੰਘ ਸੋਨੀ ਅਤੇ ਕੰਵਰਦਲੀਪ ਸੈਦੋਲੇਹਲ ਸ਼ਾਮਲ ਸਨ।

# ਪੰਜਾਬ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਯਤਨਸ਼ੀਲ ਆਰ.ਐਸ.ਐਸ.

## ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਸਫ਼ਲਤਾ ਮਿਲਣ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਵਧਾਈਆਂ ਸਰਗਰਮੀਆਂ

### ਪੰਜਾਬ ਦੇ ਪੇਂਡੂ ਇਲਾਕਿਆਂ ਵੱਲ ਦਿੱਤਾ ਜਾਵੇਗਾ ਵਿਸ਼ੇਸ਼ ਧਿਆਨ



ਜਲੰਧਰ/ਏ.ਟੀ.ਨਿਊਜ਼ : ਰਾਜਸਥਾਨ, ਛੱਤੀਸਗੜ ਅਤੇ ਮੱਧ ਪ੍ਰਦੇਸ਼ ਵਿੱਚ ਸਫ਼ਲਤਾ ਮਿਲਣ ਤੋਂ ਬਾਅਦ ਹੁਣ ਆਰ.ਐਸ. ਐਸ. ਨੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਉੱਤਰ ਭਾਰਤ ਵਿੱਚ ਸੰਗਠਨ ਦੀ ਮਜ਼ਬੂਤੀ ਅਤੇ ਪੰਜਾਬ ਵਿੱਚ ਸੰਘ ਪਰਿਵਾਰ ਨੂੰ 2024 ਲਈ ਸਰਗਰਮ ਕਰਨ ਦੇ ਮਕਸਦ ਨਾਲ ਰਾਸ਼ਟਰੀ ਸਵੈ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਪੰਜਾਬ ਦਾ ਦੌਰਾ ਕੀਤਾ। ਇਸ ਮੌਕੇ ਭਾਗਵਤ ਨੇ ਮੋਦੀ ਦੀ ਗਾਰੰਟੀ ਦਾ ਮੂਲਮੰਤਰ ਦਿੱਤਾ। ਉਨ੍ਹਾਂ ਨੇ ਇਸ ਮੂਲਮੰਤਰ ਨੂੰ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਲਿਜਾਉਣ ਲਈ ਕਿਹਾ।

ਜਲੰਧਰ ਦੇ ਵਿਦਿਆਧਾਮ ਵਿੱਚ ਅਖਿਲ ਭਾਰਤੀ ਪੱਧਰ 'ਤੇ ਸੰਗਠਨ ਦੇ ਅਹੁਦੇਦਾਰਾਂ ਨਾਲ ਮੰਥਨ ਵਿੱਚ ਭਾਗਵਤ ਨੇ ਕਿਹਾ ਕਿ ਪਿੰਡਾਂ ਵਿੱਚ ਵੀ ਆਰ. ਐਸ. ਐਸ. ਦਾ ਪ੍ਰਸਾਰ ਕੀਤਾ ਜਾਵੇ ਕਿਉਂਕਿ ਭਾਜਪਾ ਹੁਣ ਪੇਂਡੂ ਖੇਤਰਾਂ ਵਿੱਚ ਕੂਚ ਕਰ ਰਹੀ ਹੈ ਅਤੇ ਉਥੇ ਮਜ਼ਬੂਤੀ ਨਾਲ ਨੈੱਟਵਰਕ ਨੂੰ ਤਿਆਰ ਕਰਨ ਦੀ ਲੋੜ ਹੈ। ਇਸ ਮੌਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਡੂੰਘਾਈ ਨਾਲ ਵਿਚਾਰ ਕੀਤਾ ਗਿਆ। ਜਿਸ ਤਰ੍ਹਾਂ ਮੋਦੀ ਦੀ ਗਾਰੰਟੀ ਨੂੰ ਰਾਜਸਥਾਨ, ਛੱਤੀਸਗੜ ਅਤੇ ਮੱਧ ਪ੍ਰਦੇਸ਼ ਵਿੱਚ ਸਫ਼ਲਤਾ ਮਿਲੀ ਹੈ, ਇਸੇ ਨਾਅਰੇ ਨੂੰ ਪੰਜਾਬ ਹਰਿਆਣਾ ਅਤੇ ਹਿਮਾਚਲ ਵਿੱਚ ਜ਼ਮੀਨੀ ਪੱਧਰ 'ਤੇ ਫੈਲਾਉਣ 'ਤੇ ਵਿਚਾਰ ਹੋਇਆ। ਇਸ ਦੇ ਇਲਾਵਾ ਕੇਂਦਰ ਸਰਕਾਰ ਦੇ ਕਲਿਆਣਕਾਰੀ ਕੰਮਾਂ ਨੂੰ ਵੱਧ ਤੋਂ ਵੱਧ ਲੋਕਾਂ ਵਿਚਾਲੇ ਪਹੁੰਚਾਉਣ ਲਈ ਕਿਹਾ ਗਿਆ।

ਬੈਠਕ ਵਿੱਚ ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਸੰਘ ਅਹੁਦੇਦਾਰਾਂ ਨੇ ਹਿੱਸਾ ਲਿਆ। ਸੰਗਠਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਪੰਜਾਬ ਵਿੱਚ ਸੰਘ ਫਿਰ ਤੋਂ ਸਰਗਰਮ ਭੂਮਿਕਾ ਨਿਭਾਉਣ ਲਈ ਕੰਮ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਉੱਤਰ ਭਾਰਤ ਦੇ ਸ਼ਹਿਰੀ ਇਲਾਕਿਆਂ ਵਿੱਚ ਆਰ.ਐਸ. ਐਸ. ਵੱਲੋਂ ਪਹਿਲਾਂ ਹੀ ਆਪਣਾ ਮਜ਼ਬੂਤ ਆਧਾਰ ਬਣਾਇਆ ਹੋਇਆ ਹੈ, ਹੁਣ ਆਰ. ਐਸ. ਐਸ. ਵੱਲੋਂ ਉੱਤਰ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਆਪਣਾ ਆਧਾਰ ਬਣਾਉਣ ਲਈ ਵਿਉਂਤਬੰਦੀ ਕੀਤੀ ਗਈ ਹੈ। ਇਸ ਨੂੰ ਮੁੱਖ ਰੱਖਦਿਆਂ ਹੀ ਉੱਤਰ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਸਰਗਰਮੀਆਂ ਵਧਾਉਣ ਦੀ ਨੀਤੀ ਬਣਾਈ ਗਈ ਹੈ ਤਾਂ ਕਿ ਪੇਂਡੂ ਖੇਤਰਾਂ ਦੇ ਵੱਧ ਤੋਂ ਵੱਧ ਲੋਕਾਂ ਨੂੰ ਆਰ.ਐਸ. ਐਸ. ਨਾਲ ਜੋੜਿਆ ਜਾ ਸਕੇ।

ਭਾਰਤ ਦੇ ਤਿੰਨ ਰਾਜਾਂ ਵਿੱਚ ਪਿਛਲੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਤੋਂ ਬਾਅਦ ਸੰਘ ਪਰਿਵਾਰ ਵੱਲੋਂ ਹੁਣ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਲਈ ਹੁਣੇ ਤੋਂ ਸਰਗਰਮ ਭੂਮਿਕਾ ਨਿਭਾਉਣੀ ਆਰੰਭ ਕਰ ਦਿੱਤੀ ਗਈ ਹੈ ਤਾਂ ਕਿ ਆਗਾਮੀ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਪੱਕੀ ਕੀਤੀ ਜਾ ਸਕੇ ਅਤੇ ਭਾਰਤ ਵਿੱਚ ਕੇਂਦਰ ਸਰਕਾਰ ਬਣਾਉਣ ਦੀ ਹੈਟ੍ਰਿਕ ਮਾਰੀ ਜਾ ਸਕੇ।

# ਪੰਜਾਬ 'ਚ 13.94 ਲੱਖ ਟਿਊਬਵੈੱਲਾਂ ਨਾਲ ਲੋੜ ਤੋਂ ਜ਼ਿਆਦਾ ਕੱਢਿਆ ਜਾ ਰਿਹੈ ਪਾਣੀ

## ਪਾਣੀ ਦੇ ਨਾਜ਼ੁਕ ਪੱਧਰ ਵਾਲੇ ਜ਼ਿਲ੍ਹਿਆਂ 'ਚ ਸਭ ਤੋਂ ਜ਼ਿਆਦਾ ਟਿਊਬਵੈੱਲ

### ਖੇਤੀ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਖੇਤਾਂ ਦੀ ਸਿੰਚਾਈ ਲਈ ਨਹਿਰਾਂ ਦਾ ਪਾਣੀ ਇਸਤੇਮਾਲ ਕਰਨ ਦੀ ਸਲਾਹ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ 'ਚ 13.94 ਲੱਖ ਟਿਊਬਵੈੱਲ ਖੇਤਾਂ ਦੀ ਸਿੰਚਾਈ ਲਈ ਗੈਲਨ ਪਾਣੀ ਕੱਢ ਰਹੇ ਹਨ ਪਰ ਇਨ੍ਹਾਂ 'ਚੋਂ ਵੀ ਬਹੁਤੇ ਬੋਰਵੈੱਲ ਉਨ੍ਹਾਂ ਜ਼ਿਲ੍ਹਿਆਂ 'ਚ ਹਨ, ਜਿੱਥੇ ਧਰਤੀ ਹੇਠਲੇ ਪਾਣੀ ਦੀ ਲੋੜ ਤੋਂ ਵੀ ਬਹੁਤ ਜ਼ਿਆਦਾ ਵਰਤੋਂ ਹੋ ਰਹੀ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ. ਪੀ. ਸੀ. ਐੱਲ.) ਵੱਲੋਂ ਤਿਆਰ ਕੀਤੇ ਗਏ ਅੰਕੜਿਆਂ ਮੁਤਾਬਕ ਪਾਣੀ ਦੇ ਨਾਜ਼ੁਕ ਪੱਧਰ ਵਾਲੇ ਜ਼ਿਆਦਾਤਰ ਜ਼ਿਲ੍ਹਿਆਂ 'ਚ ਸਭ ਤੋਂ ਜ਼ਿਆਦਾ ਟਿਊਬਵੈੱਲ ਹਨ।



ਲੁਧਿਆਣਾ 'ਚ ਸਭ ਤੋਂ ਵੱਧ ਟਿਊਬਵੈੱਲ 1.17 ਲੱਖ ਹਨ, ਜਦੋਂ ਕਿ ਗੁਰਦਾਸਪੁਰ 'ਚ 99,581, ਅੰਮ੍ਰਿਤਸਰ 'ਚ 93,946 ਅਤੇ ਸੰਗਰੂਰ 'ਚ 93,669 ਟਿਊਬਵੈੱਲ ਹਨ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਜ਼ਿਲ੍ਹਿਆਂ 'ਚ ਪਾਣੀ ਦੇ ਪੱਧਰ 'ਚ ਸਭ ਤੋਂ ਵੱਧ ਗਿਰਾਵਟ ਦਰਜ ਕੀਤੀ ਗਈ ਹੈ। ਹਰ ਇੱਕ ਟਿਊਬਵੈੱਲ ਔਸਤਨ 8 ਘੰਟਿਆਂ 'ਚ ਬਿਜਲੀ ਸਪਲਾਈ ਦੇ ਨਾਲ ਪ੍ਰਤੀ ਹਫ਼ਤੇ 30.24 ਲੱਖ ਲੀਟਰ ਪਾਣੀ ਪੰਪ ਕਰਦਾ ਹੈ। ਇਸ ਦਾ ਮਤਲਬ ਹੈ ਕਿ 14 ਲੱਖ ਟਿਊਬਵੈੱਲ ਪ੍ਰਤੀ ਹਫ਼ਤੇ 4,385 ਅਰਬ ਲੀਟਰ ਪਾਣੀ ਪੰਪ ਕਰਦੇ ਹਨ।ਗਰੀਨ ਟ੍ਰਿਬੀਊਨਲ ਨੂੰ ਸੌਂਪੀ ਗਈ ਇੱਕ ਰਿਪੋਰਟ ਦੱਸਦੀ ਹੈ ਕਿ ਜੇਕਰ ਝੋਨੇ ਦੀ ਬਿਜਾਈ 'ਚ ਇੱਕ ਹਫ਼ਤੇ ਦੀ ਹੋ ਜਾਂਦੀ ਹੈ ਤਾਂ ਸੂਬਾ ਆਪਣੀ 3 ਕਰੋੜ ਦੀ ਆਬਾਦੀ ਦੀ 3.5 ਸਾਲ ਤੋਂ ਜ਼ਿਆਦਾ ਸਮੇਂ ਤੱਕ ਪਾਣੀ ਦੀ ਮੰਗ ਨੂੰ ਪੂਰਾ ਕਰ ਸਕਦਾ ਹੈ। ਖੇਤੀ ਮਾਹਿਰਾਂ ਦੀ ਸਲਾਹ ਹੈ ਕਿ ਕਿਸਾਨਾਂ ਨੂੰ ਆਪਣੇ ਖੇਤਾਂ ਦੀ ਸਿੰਚਾਈ ਲਈ ਨਹਿਰਾਂ ਦੇ ਪਾਣੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਅਤੇ ਸਰਕਾਰ ਨੂੰ ਪਿੰਡਾਂ 'ਚ ਨਹਿਰੀ ਪਾਣੀ ਪਹੁੰਚਾਉਣਾ ਯਕੀਨੀ ਬਣਾਉਣਾ ਚਾਹੀਦਾ ਹੈ। ਫਿਲਹਾਲ ਪੰਜਾਬ ਸਰਕਾਰ ਨੇ ਇਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਜਲਦੀ ਹੀ ਟੀਚਾ ਹਾਸਲ ਕਰ ਲਿਆ ਗਿਆ ਤਾਂ ਅਸੀਂ ਡਿੱਗਦੇ ਹੋਏ ਜ਼ਮੀਨੀ ਪਾਣੀ ਦੇ ਪੱਧਰ ਨੂੰ ਬਚਾਉਣ ਦੇ ਸਮਰੱਥ ਹੋ ਜਾਵਾਂਗੇ।

# ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਇੱਕ ਸਾਹਿਤਕ ਪ੍ਰੋਗਰਾਮ 'ਚ ਡਾ. ਹਰਪ੍ਰੀਤ ਰਾਣਾ ਦਾ ਸਨਮਾਨ

ਰਾਜਪੁਰਾ/ਪ੍ਰਮਿੰਦਰ ਸਿੰਘ ਪ੍ਰਵਾਨਾ: ਬੀਤੇ ਦਿਨੀਂ ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਡਾ. ਗੁਰਵਿੰਦਰ ਸਿੰਘ ਅਮਨ ਦੀ ਪ੍ਰਧਾਨਗੀ ਹੇਠ ਇੱਕ ਸਾਹਿਤਕ ਸਮਾਗਮ ਹੋਇਆ। ਜਿਸ ਵਿੱਚ ਮਿੰਨੀ ਕਹਾਣੀ ਦੇ ਚਿੰਤਕ ਖੋਜਾਰਥੀ ਡਾ. ਹਰਪ੍ਰੀਤ ਰਾਣਾ ਮੁੱਖ ਮਹਿਮਾਨ ਸਨ। ਸਾਹਿਤਕ ਪ੍ਰੋਗਰਾਮ ਦਾ ਆਰੰਭ ਕਰਮ ਸਿੰਘ ਹਕੀਰ ਦੀ ਰਚਨਾ 'ਬਾਪੂ ਦੇ ਬੋਲ ਪੁਗਾਉਣੇ, ਪੁੱਤਰਾਂ ਦਾ ਫ਼ਰਜ਼ ਬਣੇ' ਨਾਲ ਹੋਇਆ। ਗਿਆਨੀ ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਨੇ 'ਮੰਨਦਾ ਹਾਂ ਕਿ ਲੋਕਾਂ ਨੇ ਮਾੜੇ, ਚੰਗੇ ਵੀ ਹੋ ਸਕਦੇ ਨੇ', ਕੁਲਵੰਤ ਸਿੰਘ ਜੱਸਲ ਨੇ 'ਜਿਥੇ ਸੱਚ ਲਈ ਆਉ ਚੱਲੀਏ ਪ੍ਰਣਾਮ ਕਰਨ ਲਈ ਸਰਹਿੰਦ ਦੀ ਧਰਤੀ ਨੂੰ' ਸੁਣਾ ਕੇ ਮਾਹੌਲ ਸੰਜੀਦਾ ਕੀਤਾ। ਲਸ਼ਕਰ ਸਿੰਘ ਸਰਦਾਰਗੜ੍ਹ ਦੀ ਕਵਿਤਾ ਨੇ ਮਨ ਮੋਹ ਲਿਆ। ਸੁਨੀਤਾ ਦੇਸ਼ ਰਾਜ ਨੇ 'ਸਕੂਨ ਲੱਭਦੇ ਨੇ ਸਾਰੇ ਕੋਈ ਇੱਧਰ ਤੋ ਕੋਈ ਉਧਰ ਤੋਂ' ਸੁਣਾਇਆ। ਸੁਰਿੰਦਰ ਸਿੰਘ ਸੋਹਾਣਾ ਨੇ ਰੁਬਾਈਆਂ 'ਬਾਹਰ ਜੱਗ ਮੱਗ ਅੰਦਰ ਹਨੇਰਾ ਹੈ' ਸੁਣਾਈਆਂ। ਪੱਤਰਕਾਰ ਗੁਰਵਿੰਦਰ ਪਾਲ ਸਿੰਘ ਨੇ ਸ਼ੇਅਰ ਸੁਣਾ ਕੇ ਵੱਖਰਾ ਰੰਗ ਬੰਨ੍ਹਿਆ। ਪ੍ਰਭਨੂਰ ਕੌਰ ਪਰੀ ਨੇ ਆਪਣੀ ਮਿੱਠੀ ਆਵਾਜ਼ ਵਿੱਚ ਵਧਾਈ ਸੁਣਾਈ। ਸੂਫ਼ੀ ਗਾਇਕਾ ਸੁਰਿੰਦਰ ਕੌਰ ਬਾੜਾ ਨੇ ' ਮੁੱਦਤਾਂ ਬਾਅਦ ਮਿਲੇ ਓ ਰੱਬਾ ਸੁਣਾ ਕੇ ਮੇਲਾ ਲੁੱਟ ਲਿਆ। ਚੇਅਰਮੈਨ ਡਾ. ਹਰਜੀਤ ਸਿੰਘ ਸੱਧਰ ਨੇ 'ਉਹੀਓ ਤਾਂ ਮਰਦਾਨਾ ਸੀ' ਸੁਣਾ ਕੇ ਧਾਰਮਿਕ ਵਿਰਸੇ ਸੁਣਾ ਕੇ ਵੱਖਰਾ ਤਜਰਬਾ ਸਾਂਝਾ ਕੀਤਾ। ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਅਮਨ ਨੇ ਮਿੰਨੀ ਕਹਾਣੀ ਧਰਮੀ ਯਾਰ ਤੇ ਨੇਕ ਸਲਾਹ ਨਾਲ ਅਜੋਕੇ ਸਮਾਜ 'ਤੇ ਵਿਅੰਗ ਕਸਿਆ। ਡਾ. ਹਰਪ੍ਰੀਤ ਰਾਣਾ ਨੇ ਆਪਣੇ ਸਾਹਿਤਕ ਅਨੁਭਵ ਸਾਂਝੇ ਕਰਦਿਆਂ ਆਪਣੀਆਂ ਮਿੰਨੀ ਕਹਾਣੀਆਂ ਸਾਂਝੀਆਂ ਕੀਤੀਆਂ। ਹਮੇਸ਼ਾ ਦੀ ਤਰ੍ਹਾਂ ਬਲਦੇਵ ਸਿੰਘ ਖੁਰਾਣਾ ਨੇ ਮੰਚ ਸੰਚਾਲਕ ਕਰਦਿਆਂ ਆਪਣੇ ਭਾਵਪੂਰਕ ਤੁਕਾਂ ਨਾਲ ਮਹਿਫ਼ਲ ਗਰਮਾਈ ਰੱਖੀ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।




# ਪੰਜਾਬ ਵਿੱਚ ਵਧ ਰਿਹਾ ਐੱਚ.ਆਈ.ਵੀ. ਦਾ ਪ੍ਰਕੋਪ

## ਸਾਲ 2017 ਦੇ ਮੁਕਾਬਲੇ ਦੁੱਗਣੇ ਹੋਏ ਮਾਮਲੇ

ਫਾਜ਼ਿਲਕਾ/ਏ.ਟੀ.ਨਿਊਜ਼ : ਪੰਜਾਬ 'ਚ ਐੱਚ.ਆਈ.ਵੀ. ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤੇ ਇਹ ਵਾਧਾ ਪੰਜਾਬ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦਾ ਕਾਰਨ ਹੈ ਕਿ ਇਹ ਇੱਕ ਜਾਨਲੇਵਾ ਬਿਮਾਰੀ ਹੈ ਤੇ ਕਈ ਤਰੀਕਿਆਂ ਨਾਲ ਇੱਕ ਤੋਂ ਦੂਜੇ ਮਰੀਜ਼ ਤੱਕ ਫੈਲਦੀ ਹੈ। ਅੰਕੜਿਆਂ ਮੁਤਾਬਕ ਸਾਲ 2017-18 ਦੌਰਾਨ ਪੰਜਾਬ 'ਚ 6,630 ਐੱਚ.ਆਈ.ਵੀ. ਪਾਜ਼ਟਿਵ ਮਰੀਜ਼ ਸਨ, ਜਿਨ੍ਹਾਂ ਦੀ ਗਿਣਤੀ ਸਾਲ 2022-23 'ਚ ਵਧ ਕੇ 12,788 ਹੋ ਗਈ ਹੈ। ਸਭ ਤੋਂ ਜ਼ਿਆਦਾ ਵਾਧਾ ਬਰਨਾਲਾ ਜ਼ਿਲ੍ਹੇ 'ਚ ਦੇਖਣ ਨੂੰ ਮਿਲਿਆ ਹੈ।




ਦੱਸ ਦੇਈਏ ਕਿ ਐੱਚ.ਆਈ.ਵੀ. ਏਡਜ਼ ਕਈ ਤਰੀਕਿਆਂ ਨਾਲ ਫੈਲਦਾ ਹੈ, ਜਿਨ੍ਹਾਂ 'ਚ ਇਕੋ ਸਰਿੰਜ ਦੀ ਵੱਖ-ਵੱਖ ਲੋਕਾਂ ਵੱਲੋਂ ਵਰਤੋਂ ਕਰਨਾ, ਕਿਸੇ ਐੱਚ.ਆਈ.ਵੀ. ਪਾਜ਼ਟਿਵ ਵਿਅਕਤੀ ਨਾਲ ਅਸੁਰੱਖਿਅਤ ਸਰੀਰਕ ਸਬੰਧ ਬਣਾਉਣ, ਇਕੋ ਸੂਈ ਵਾਰ-ਵਾਰ ਵਰਤਣ ਨਾਲ ਜਾਂ ਕਿਸੇ ਮਰੀਜ਼ ਦਾ ਖ਼ੂਨ ਕਿਸੇ ਤੰਦਰੁਸਤ ਵਿਅਕਤੀ ਨੂੰ ਚੜ੍ਹਾਉਣਾ ਆਦਿ ਸ਼ਾਮਲ ਹਨ। ਜੇਕਰ ਕੋਈ ਔਰਤ ਐੱਚ.ਆਈ.ਵੀ. ਪਾਜ਼ਟਿਵ ਹੈ ਤਾਂ ਉਸ ਦੇ ਬੱਚੇ ਨੂੰ ਵੀ ਸੰਕਰਮਣ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

ਐਨ.ਸੀ.ਆਰ.ਬੀ. ਦੀ ਰਿਪੋਰਟ 'ਚ ਵੱਡਾ ਖ਼ੁਲਾਸਾ

# ਪੰਜਾਬ 'ਚ ਪਿਛਲੇ ਸਾਲ 927 ਲੜਕੀਆਂ ਅਤੇ 186 ਲੜਕੇ ਹੋਏ ਲਾਪਤਾ

ਪੰਜਾਬ ਵਿੱਚ ਹਰ ਰੋਜ਼ ਤਿੰਨ ਲੜਕੀਆਂ ਅਤੇ ਹਰ ਦੂਜੇ ਦਿਨ ਇੱਕ ਲੜਕਾ ਲਾਪਤਾ ਹੋ ਰਿਹਾ ਹੈ। ਨੈਸ਼ਨਲ ਕ੍ਰਾਈਮ ਬਿਊਰੋ (ਐਨ.ਸੀ.ਆਰ.ਬੀ.) ਦੀ ਰਿਪੋਰਟ ਅਨੁਸਾਰ ਸਾਲ 2022 ਵਿੱਚ ਸੂਬੇ ਵਿਚੋਂ 18 ਸਾਲ ਤੋਂ ਘੱਟ ਉਮਰ ਦੇ ਲੜਕੇ-ਲੜਕੀਆਂ ਦੇ ਲਾਪਤਾ ਹੋਣ ਦੀਆਂ ਕੁੱਲ 1113 ਰਿਪੋਰਟਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚੋਂ 927 ਲੜਕੀਆਂ ਅਤੇ 186 ਲੜਕੇ ਹਨ। ਕੁੱਲ ਲਾਪਤਾ ਵਿਅਕਤੀਆਂ ਵਿੱਚੋਂ 80 ਫੀਸਦੀ ਲੜਕੀਆਂ ਅਤੇ ਸਿਰਫ਼ 20 ਫੀਸਦੀ ਲੜਕੇ ਹਨ। ਸਾਲ 2021 ਵਿੱਚ ਕੁੱਲ 1045 ਲੋਕ ਲਾਪਤਾ ਹੋਏ। ਇਨ੍ਹਾਂ ਵਿੱਚੋਂ 164 ਲੜਕੇ ਅਤੇ 881 ਲੜਕੀਆਂ ਸਨ।




### ਸੂਬੇ ਵਿੱਚ ਬਹੁਤ ਸਾਰੇ ਲੋਕ ਲਾਪਤਾ

ਹੁਣ ਪੰਜਾਬ ਸੂਬੇ ਵਿੱਚ ਕੁੱਲ 3607 ਲੋਕ ਲਾਪਤਾ ਹਨ, ਜਿਨ੍ਹਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਸਾਲ 2021 ਵਿੱਚ ਇਹ ਅੰਕੜਾ 2494 ਸੀ। ਨੈਸ਼ਨਲ ਕ੍ਰਾਈਮ ਬਿਊਰੋ ਦੀ ਸਾਲ 2022 ਦੀ ਰਿਪੋਰਟ 'ਚ ਦਰਜ ਅੰਕੜਿਆਂ ਮੁਤਾਬਕ ਲਾਪਤਾ ਹੋਣ ਦਾ ਵਧਦਾ ਅੰਕੜਾ ਕਾਫ਼ੀ ਹੈਰਾਨੀਜਨਕ ਹੈ। ਸੂਬੇ 'ਚੋਂ ਹੁਣ ਤੱਕ 16669 ਲੋਕ ਲਾਪਤਾ ਹਨ। ਇਨ੍ਹਾਂ ਵਿੱਚੋਂ 8570 ਪੁਰਸ਼ ਅਤੇ 8099 ਔਰਤਾਂ ਹਨ।

### ਨਸ਼ੇ ਦੀ ਓਵਰਡੋਜ਼ ਕਾਰਨ ਹੋਈ 144 ਦੀ ਮੌਤ

ਸਾਲ 2020 ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ 144 ਲੋਕਾਂ ਦੀ ਮੌਤ ਹੋ ਗਈ। ਇਹ ਅੰਕੜਾ ਦੇਸ਼ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਕੁੱਲ ਮੌਤਾਂ ਦਾ 21 ਫੀਸਦੀ ਹੈ। 2022 ਵਿੱਚ, ਦੇਸ਼ ਵਿੱਚ 681 ਲੋਕਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋਣ ਦੀ ਸੰਭਾਵਨਾ ਹੈ। ਪੰਜਾਬ ਤੋਂ ਬਾਅਦ ਰਾਜਸਥਾਨ ਵਿੱਚ 117 ਅਤੇ ਮੱਧ ਪ੍ਰਦੇਸ਼ ਵਿੱਚ 74 ਲੋਕਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ ਹੈ। ਪੰਜਾਬ ਵਿੱਚ ਨਕਲੀ ਸ਼ਰਾਬ ਕਾਰਨ 90 ਮੌਤਾਂ ਹੋਈਆਂ

### 565 ਲੋਕਾਂ ਨੇ ਕੀਤੀ ਖ਼ੁਦਕੁਸ਼ੀ

ਸਾਲ 2022 ਦੌਰਾਨ 565 ਲੋਕਾਂ ਨੇ ਖ਼ੁਦਕੁਸ਼ੀ ਕੀਤੀ। 2021 ਵਿੱਚ ਇਹ ਅੰਕੜਾ 597 ਸੀ। ਅਜਿਹੇ 'ਚ ਖੁਦਕੁਸ਼ੀਆਂ ਦੀ ਗਿਣਤੀ 'ਚ 32 ਫ਼ੀਸਦੀ ਦੀ ਕਮੀ ਆਈ ਹੈ। ਕੁੱਲ 204 ਔਰਤਾਂ ਨੇ ਅਤੇ 361 ਮਰਦਾਂ ਨੇ ਖ਼ੁਦਕੁਸ਼ੀ ਕੀਤੀ। ਸੂਬੇ ਵਿੱਚ ਹਰ ਰੋਜ਼ ਕਰੀਬ ਇੱਕ ਵਿਅਕਤੀ ਆਪਣੀ ਜਾਨ ਲੈ ਰਿਹਾ ਹੈ। ਖ਼ੁਦਕੁਸ਼ੀ ਕਰਨ ਵਾਲਿਆਂ ਵਿੱਚ ਚਾਰ ਬੱਚੇ ਵੀ ਸ਼ਾਮਲ ਹਨ। ਜ਼ਿਆਦਾਤਰ ਮਾਮਲਿਆਂ ਵਿੱਚ, ਆਰਥਿਕ ਤਣਾਅ ਖ਼ੁਦਕੁਸ਼ੀ ਦਾ ਕਾਰਨ ਸੀ।

## ਭਾਰਤ ਵਿੱਚ ਸਿਰਫ਼ ਤਿੰਨ ਸਾਲਾਂ 'ਚ ਹੀ 13 ਲੱਖ ਤੋਂ ਵੱਧ ਲੜਕੀਆਂ ਹੋਈਆਂ ਗਾਇਬ

ਭਾਰਤ ਵਿੱਚ ਹਰ ਰੋਜ਼ ਕੁੜੀਆਂ ਨਾਲ ਸਬੰਧਿਤ ਅਪਰਾਧਿਕ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਇਨ੍ਹਾਂ ਵਿੱਚੋਂ ਕੁਝ ਮਾਮਲੇ ਥਾਣੇ ਪਹੁੰਚ ਜਾਂਦੇ ਹਨ ਅਤੇ ਕੁਝ ਦਰਜ ਹੀ ਨਹੀਂ ਹੁੰਦੇ। ਕਦੇ ਕੁੜੀ ਨਾਲ ਬਲਾਤਕਾਰ ਹੁੰਦਾ ਹੈ ਤੇ ਕਦੇ ਅਗਵਾ। 2019 ਤੋਂ 2021 ਦੇ ਤਿੰਨ ਸਾਲਾਂ ਦੇ ਅਰਸੇ ਵਿੱਚ ਭਾਰਤ ਵਿੱਚ ਲਾਪਤਾ ਹੋਈਆਂ ਔਰਤਾਂ ਦੀ ਗਿਣਤੀ ਤੁਹਾਨੂੰ ਹੈਰਾਨ ਕਰ ਦੇਵੇਗੀ। ਇਹ ਅੰਕੜਾ 13.13 ਲੱਖ ਹੋ ਜਾਂਦਾ ਹੈ। 13.13 ਲੱਖ ਕੁੜੀਆਂ ਦਾ ਲਾਪਤਾ ਹੋਣਾ ਤੁਹਾਡੀ ਰੂਹ ਨੂੰ ਕਿਸ ਹੱਦ ਤੱਕ ਹਿਲਾ ਸਕਦਾ ਹੈ? ਇਨ੍ਹਾਂ ਵਿੱਚੋਂ ਜ਼ਿਆਦਾਤਰ ਲੜਕੀਆਂ ਅਤੇ ਔਰਤਾਂ ਮੱਧ ਪ੍ਰਦੇਸ਼ ਤੋਂ ਲਾਪਤਾ ਹੋਈਆਂ ਹਨ। ਪੱਛਮੀ ਬੰਗਾਲ ਐਮ.ਪੀ. ਤੋਂ ਬਾਅਦ ਦੂਜੇ ਸਥਾਨ 'ਤੇ ਹੈ।

### ਕੇਂਦਰੀ ਗ੍ਰਹਿ ਮੰਤਰਾਲੇ ਨੇ ਸੰਸਦ ਵਿੱਚ ਪੇਸ਼ ਕੀਤੇ ਅੰਕੜੇ

ਕੇਂਦਰੀ ਗ੍ਰਹਿ ਮੰਤਰਾਲੇ ਨੇ ਪਿਛਲੇ ਹਫ਼ਤੇ ਸੰਸਦ ਵਿੱਚ ਅੰਕੜੇ ਪੇਸ਼ ਕੀਤੇ, ਜਿਸ ਅਨੁਸਾਰ 2019 ਤੋਂ 2021 ਦਰਮਿਆਨ 18 ਸਾਲ ਤੋਂ ਵੱਧ ਉਮਰ ਦੀਆਂ 10,61,648 ਲੜਕੀਆਂ ਭਾਰਤ ਵਿੱਚੋਂ ਲਾਪਤਾ ਹੋਈਆਂ। ਇਸ ਤੋਂ ਇਲਾਵਾ ਇਸੇ ਅਰਸੇ ਦੌਰਾਨ ਭਾਰਤ ਵਿੱਚੋਂ 18 ਸਾਲ ਤੋਂ ਘੱਟ ਉਮਰ ਦੀਆਂ 2,51,430 ਲੜਕੀਆਂ ਲਾਪਤਾ ਹੋਈਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਹ ਅੰਕੜੇ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਨੇ ਜਾਰੀ ਕੀਤੇ ਹਨ।

### ਕਿਸ ਸੂਬੇ ਤੋਂ ਕਿੰਨੀਆਂ ਕੁੜੀਆਂ ਲਾਪਤਾ ਹੋਈਆਂ?

ਸੰਸਦ ਦੁਆਰਾ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ 2019 ਤੋਂ 2021 ਦਰਮਿਆਨ ਮੱਧ ਪ੍ਰਦੇਸ਼ ਤੋਂ 1,60,180 ਔਰਤਾਂ ਅਤੇ 38,234 ਲੜਕੀਆਂ ਲਾਪਤਾ ਹੋਈਆਂ ਹਨ। ਇਸੇ ਸਮੇਂ ਦੌਰਾਨ ਪੱਛਮੀ ਬੰਗਾਲ ਤੋਂ 1,56,905 ਔਰਤਾਂ ਅਤੇ 36,606 ਲੜਕੀਆਂ ਲਾਪਤਾ ਹੋਈਆਂ।

ਇਸ ਤੋਂ ਇਲਾਵਾ ਮਹਾਰਾਸ਼ਟਰ ਤੋਂ 1,78,400 ਔਰਤਾਂ ਅਤੇ 13,033 ਲੜਕੀਆਂ ਲਾਪਤਾ ਹੋਈਆਂ ਹਨ। ਇਸੇ ਸਮੇਂ ਦੌਰਾਨ ਓਡੀਸ਼ਾ ਤੋਂ 70,222 ਔਰਤਾਂ ਅਤੇ 16,649 ਲੜਕੀਆਂ ਲਾਪਤਾ ਹੋਈਆਂ ਹਨ। ਇਸੇ ਤਰ੍ਹਾਂ ਛੱਤੀਸਗੜ੍ਹ ਵਿੱਚੋਂ 49,116 ਔਰਤਾਂ ਅਤੇ 10,187 ਲੜਕੀਆਂ ਲਾਪਤਾ ਹਨ।

### ਕੀ ਦੱਸ ਰਹੇ ਹਨ ਦਿੱਲੀ ਦੇ ਅੰਕੜੇ?

ਅੰਕੜਿਆਂ ਦੀ ਮੰਨੀਏ ਤਾਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਦਿੱਲੀ ਸਭ ਤੋਂ ਉੱਪਰ ਹੈ। ਇੱਥੋਂ ਜ਼ਿਆਦਾਤਰ ਔਰਤਾਂ ਅਤੇ ਲੜਕੀਆਂ ਲਾਪਤਾ ਹੋਈਆਂ ਹਨ। ਤਿੰਨ ਸਾਲਾਂ ਦੇ ਅਰਸੇ ਦੌਰਾਨ ਦਿੱਲੀ ਤੋਂ 61,054 ਔਰਤਾਂ ਅਤੇ 22,919 ਲੜਕੀਆਂ ਲਾਪਤਾ ਹੋਈਆਂ ਹਨ। ਜੰਮੂ-ਕਸ਼ਮੀਰ ਵਿੱਚ ਇਸੇ ਸਮੇਂ ਦੌਰਾਨ 8,617 ਔਰਤਾਂ ਅਤੇ 1,148 ਲੜਕੀਆਂ ਲਾਪਤਾ ਹੋਈਆਂ ਹਨ।

# ਰੋਜ਼ਾਨਾ 30 ਕਿਸਾਨ ਜਾਂ ਮਜ਼ਦੂਰ ਕਰ ਰਹੇ ਨੇ ਖ਼ੁਦਕੁਸ਼ੀਆਂ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਵਿੱਚ ਖੇਤੀ ਅਤੇ ਕਿਸਾਨੀ ਨੂੰ ਲੈ ਕੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ ਅਤੇ ਕਈ ਤਰ੍ਹਾਂ ਦੀਆਂ ਸਕੀਮਾਂ ਚਲਾਈਆਂ ਜਾਂਦੀਆਂ ਹਨ। ਇਸ ਦੇ ਬਾਵਜੂਦ ਹਕੀਕਤ ਬਹੁਤ ਦੁਖਦਾਈਕ ਹੈ। ਦਾਅਵਿਆਂ ਅਤੇ ਸਕੀਮਾਂ ਦੇ ਬਾਵਜੂਦ ਦੇਸ਼ ਵਿੱਚ ਹਰ ਘੰਟੇ ਇੱਕ ਕਿਸਾਨ ਜਾਂ ਖੇਤ ਮਜ਼ਦੂਰ ਵੱਲੋਂ ਪਰੇਸ਼ਾਨ ਹੋ ਕੇ ਖ਼ੁਦਕੁਸ਼ੀ ਕੀਤੀ ਜਾ ਰਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਵੱਲੋਂ 4 ਦਸੰਬਰ, 2023 ਨੂੰ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਵਿੱਚ ਇਸ ਗੱਲ ਦਾ ਖ਼ੁਲਾਸਾ ਹੋਇਆ ਹੈ। ਰਿਪੋਰਟ ਮੁਤਾਬਕ 2022 ਵਿੱਚ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੇ ਮਾਮਲਿਆਂ 'ਚ ਪਿਛਲੇ ਸਾਲਾਂ ਨਾਲੋਂ ਵਾਧਾ ਹੋਇਆ ਹੈ।

ਐਨ.ਸੀ.ਆਰ.ਬੀ. ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਯਾਨੀ 2022 'ਚ ਦੇਸ਼ ਭਰ ਵਿੱਚ ਕਿਸਾਨ-ਮਜ਼ਦੂਰਾਂ ਵਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੇ 11,290 ਮਾਮਲੇ ਸਾਹਮਣੇ ਆਏ ਸਨ। ਕਿਸਾਨ ਖ਼ੁਦਕੁਸ਼ੀ ਉਦੋਂ ਕਰਦਾ ਹੈ, ਜਦੋਂ ਉਸ ਦਾ ਮਾੜੀ ਆਰਥਿਕ ਹਾਲਤ ਨਾਲ ਗੁਜ਼ਾਰਾ ਕਰਨਾ ਅਸੰਭਵ ਹੋ ਜਾਵੇ ਜਾਂ ਕਰਜ਼ਾ ਹੱਦ ਤੋਂ ਵਧ ਜਾਵੇ। ਉਸ ਦੇ ਹੱਥ ਬੇਬਸੀ ਤੋਂ ਇਲਾਵਾ ਹੋਰ ਕੁਝ ਨਹੀਂ ਹੁੰਦਾ ਹੈ। ਇਹ ਸਾਲ 2021 'ਚ ਖ਼ੁਦਕੁਸ਼ੀਆਂ ਦੀ ਗਿਣਤੀ ਨਾਲੋਂ 3.7 ਫੀਸਦੀ ਜ਼ਿਆਦਾ ਹੈ। 2021 'ਚ 10,281 ਮੌਤਾਂ ਦਰਜ ਕੀਤੀਆਂ ਗਈਆਂ, ਜਦਕਿ 2020 ਦੇ ਮੁਕਾਬਲੇ ਇਹ ਗਿਣਤੀ 5.7 ਫ਼ੀਸਦੀ ਜ਼ਿਆਦਾ ਸੀ।



ਐਨ.ਸੀ.ਆਰ.ਬੀ. ਦੀ ਰਿਪੋਰਟ ਮੁਤਾਬਕ ਦੇਸ਼ ਵਿੱਚ ਹਰ ਘੰਟੇ ਇੱਕ ਕਿਸਾਨ ਖ਼ੁਦਕੁਸ਼ੀ ਕਰਕੇ ਮਰ ਰਿਹਾ ਹੈ। ਸਾਲ 2022 'ਚ 4418 ਅਜਿਹੇ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ, ਜਿਹੜੇ ਆਪਣੀ ਜ਼ਮੀਨ 'ਤੇ ਖੇਤੀਬਾੜੀ ਕਰਦੇ ਸਨ। ਦੂਜੇ ਉਹ ਕਿਸਾਨ ਜਿਹੜੇ ਕਿਸੇ ਹੋਰ ਦੀ ਜ਼ਮੀਨ ਨੂੰ ਠੇਕੇ 'ਤੇ ਲੈ ਕੇ ਖੇਤੀਬਾੜੀ ਕਰਦੇ ਹਨ, ਉਹਨਾਂ 'ਚੋਂ 789 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਸ ਤੋਂ ਇਲਾਵਾ 6086 ਮਜ਼ਦੂਰਾਂ ਵੱਲੋਂ ਵੀ ਖ਼ੁਦਕੁਸ਼ੀ ਕੀਤੀ ਗਈ ਹੈ।

ਜੇਕਰ ਪੰਜਾਬ ਦੇ ਕਿਸਾਨਾਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇਥੇ ਵੱਡੀ ਮਾਤਰਾ 'ਚ ਕਿਸਾਨ ਖੇਤੀ ਕਰਦੇ ਹਨ। ਪੰਜਾਬ 'ਚ ਸਾਲ 2022 'ਚ ਜਿਹੜੇ ਕਿਸਾਨ ਆਪਣੀ ਜ਼ਮੀਨ 'ਤੇ ਖੇਤੀ ਕਰਦੇ ਸਨ, ਉਹਨਾਂ 'ਚੋਂ 136 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਖ਼ੁਦਕੁਸ਼ੀ ਕਰਨ ਵਾਲੇ ਸਾਰੇ ਕਿਸਾਨ ਪੁਰਸ਼ ਸਨ। ਦੂਜੇ ਪਾਸੇ ਉਹ ਕਿਸਾਨ ਜਿਹੜੇ ਕਿਸੇ ਹੋਰ ਦੀ ਜ਼ਮੀਨ ਨੂੰ ਠੇਕੇ 'ਤੇ ਲੈ ਕੇ ਖੇਤੀਬਾੜੀ ਕਰਦੇ ਹਨ, ਉਹਨਾਂ 'ਚੋਂ 21 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ 'ਚ 47 ਮਜ਼ਦੂਰਾਂ ਵਲੋਂ ਵੀ ਖ਼ੁਦਕੁਸ਼ੀ ਕੀਤੀ ਗਈ ਹੈ।

ਦੱਸ ਦੇਈਏ ਕਿ ਦੇਸ਼ 'ਚ ਖ਼ੁਦਕੁਸ਼ੀ ਦੇ ਸਭ ਤੋਂ ਵੱਧ ਮਾਮਲੇ ਮਹਾਰਾਸ਼ਟਰ ਤੋਂ ਆਏ ਹਨ, ਜਿੱਥੇ 4,248 ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਸ ਤੋਂ ਬਾਅਦ ਕਰਨਾਟਕ ਵਿੱਚ 2,392, ਆਂਧਰਾ ਪ੍ਰਦੇਸ਼ ਵਿੱਚ 917, ਤਾਮਿਲਨਾਡੂ ਵਿੱਚ 728 ਅਤੇ ਮੱਧ ਪ੍ਰਦੇਸ਼ ਵਿੱਚ 641 ਮਾਮਲੇ ਸਾਹਮਣੇ ਆਏ ਹਨ। ਉੱਤਰ ਪ੍ਰਦੇਸ਼ ਵਿੱਚ ਖ਼ੁਦਕੁਸ਼ੀ ਦੇ ਮਾਮਲਿਆਂ ਵਿੱਚ ਵੱਡਾ ਵਾਧਾ ਦੇਖਿਆ ਗਿਆ ਹੈ।

# ਹਰਚੋਵਾਲ ਪਿੰਡ ਦੀ ਧੀ ਜੀਵਨਜੋਤ ਕੌਰ ਬਣੀ ਫ਼ਲਾਇੰਗ ਅ਼ਫ਼ਸਰ

## 3 ਪੀੜ੍ਹੀਆਂ ਤੋਂ ਫ਼ੌਜ ਦੀ ਨੌਕਰੀ ਕਰਦਾ ਆ ਰਿਹਾ ਹੈ ਪਰਿਵਾਰ

ਗੁਰਦਾਸਪੁਰ/ਏ.ਟੀ.ਨਿਊਜ਼ : ਗੁਰਦਾਸਪੁਰ ਦੇ ਪਿੰਡ ਹਰਚੋਵਾਲ ਪਿੰਡ ਦੀ ਧੀ ਜੀਵਨਜੋਤ ਕੌਰ ਫਲਾਇੰਗ ਅਫ਼ਸਰ ਬਣ ਗਈ ਹੈ। ਇਹ ਪਰਿਵਾਰ ਪੀੜ੍ਹੀਆਂ ਤੋਂ ਫੌਜ ਵਿੱਚ ਨੌਕਰੀ ਕਰਦਾ ਆ ਰਿਹਾ ਹੈ, ਜੀਵਨਜੋਤ ਦੇ ਦਾਦਾ, ਪਿਤਾ ਅਤੇ ਚਾਚਾ ਜੇ.ਸੀ.ਓ ਦੇ ਰੈਂਕ 'ਤੇ ਫੌਜ ਤੋਂ ਸੇਵਾਮੁਕਤ ਹੋਏ ਹਨ। ਜੀਵਨਜੋਤ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਤੋਂ ਬਾਅਦ ਅਫ਼ਸਰ ਵਜੋਂ ਸ਼ਾਮਲ ਹੋਣ ਵਾਲੀ ਪਹਿਲੀ ਕੁੜੀ ਹੈ।



ਜੀਵਨਜੋਤ ਦੇ ਪਰਿਵਾਰ ਨੇ ਦੱਸਿਆ ਕਿ ਜੀਵਨਜੋਤ ਨੇ ਆਪਣੀ ਮੈਟ੍ਰਿਕ ਅਤੇ 12 ਵੀਂ ਤੱਕ ਦੀ ਸਿੱਖਿਆ ਪਿੰਡ ਅਤੇ ਬਟਾਲਾ ਦੇ ਇੱਕ ਨਿੱਜੀ ਸਕੂਲ 'ਚ ਪੂਰੀ ਕੀਤੀ ਤਾਂ ਬਾਅਦ 'ਚ ਚੰਡੀਗੜ੍ਹ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਇੰਜੀਨੀਅਰਿੰਗ 'ਚ ਗ੍ਰੈਜੂਏਸ਼ਨ ਕੀਤੀ। ਜਿਸ ਤੋਂ ਬਾਅਦ ਉਸ ਨੂੰ ਇੱਕ ਚੰਗੀ ਆਈਟੀ ਸੈਕਟਰ 'ਚ ਨੌਕਰੀ ਮਿਲ ਗਈ ਅਤੇ 2 ਸਾਲ ਨੌਕਰੀ ਕੀਤੀ। ਚੰਗੀ ਤਨਖਾਹ ਹੋਣ ਦੇ ਬਾਵਜੂਦ ਉਸ ਨੇ ਨੌਕਰੀ ਛੱਡ ਦਿੱਤੀ ਅਤੇ ਫਿਰ ਏਅਰਫੋਰਸ ਅਕੈਡਮੀ ਹੈਦਰਾਬਾਦ ਵਿੱਚ ਦਾਖਲਾ ਲਿਆ, ਹਾਲਾਂਕਿ ਇਹ ਸਫ਼ਰ ਏਨਾਂ ਆਸਾਨ ਨਹੀਂ ਸੀ ਕਿਉਂਕਿ ਉਸਨੂੰ ਪਹਿਲੀਆਂ ਦੋ ਕੋਸ਼ਿਸ਼ਾਂ ਵਿੱਚ ਅਸਫ਼ਲਤਾ ਦਾ ਸਾਹਮਣਾ ਕਰਨਾ ਪਿਆ ਸੀ ਪਰ ਆਖਿਰ ਤੀਸਰੀ ਵਾਰ ਸਫ਼ਲਤਾ ਮਿਲੀ। ਉਥੇ ਹੀ ਹੁਣ ਜੀਵਨਜੋਤ ਨੇ ਕਰੀਬ ਦੋ ਸਾਲ 'ਚ ਸਖ਼ਤ ਮਿਹਨਤ ਕਰਕੇ ਆਪਣੀ ਟ੍ਰੇਨਿੰਗ ਪੂਰੀ ਕੀਤੀ ਹੈ। ਹੁਣ ਜੀਵਨਜੋਤ ਦੀ ਸਫ਼ਲਤਾ ਅਤੇ ਅਫ਼ਸਰ ਬਣਨ 'ਤੇ ਮਾਤਾ-ਪਿਤਾ ਅਤੇ ਭਰਾ ਮਾਣ ਮਹਿਸੂਸ ਕਰ ਰਹੇ ਹਨ।

# ਸੰਤ ਸੀਚੇਵਾਲ ਨੇ ਵਾਹਗਾ ਬਾਰਡਰ ਖੋਲ੍ਹਣ ਦਾ ਮੁੱਦਾ ਰਾਜ ਸਭਾ ਵਿੱਚ ਉਠਾਇਆ

ਜਲੰਧਰ/ਏ.ਟੀ.ਨਿਊਜ਼ : ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਵਿੱਚ ਵਾਹਗਾ ਬਾਰਡਰ ਖੋਲ੍ਹਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਜੇਕਰ ਆਰਥਿਕ ਮੰਦਹਾਲੀ ਵਿੱਚੋਂ ਬਾਹਰ ਕੱਢਣਾ ਹੈ ਤਾਂ ਵਾਹਗਾ ਦੀ ਸਰਹੱਦ ਖੋਲ੍ਹੀ ਜਾਵੇ।



ਸਿਫ਼ਰ ਕਾਲ ਦੌਰਾਨ ਕਿਸਾਨਾਂ ਦੀਆਂ ਮੰਗਾਂ ਉਠਾਉਂਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਹੁਣ ਖੇਤੀ ਲਾਹੇਵੰਦ ਧੰਦਾ ਨਾ ਹੋਣ ਕਰ ਕੇ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਤੇਜ਼ੀ ਨਾਲ ਜਾ ਰਹੀ। ਕਿਸਾਨ ਜਿਹੜੀ ਜ਼ਮੀਨ ਨੂੰ ਆਪਣੀ ਮਾਂ ਨਾਲੋਂ ਵੀ ਵੱਧ ਪਿਆਰ ਕਰਦਾ ਹੈ ਉਸ ਨੂੰ ਛੱਡਣ ਲਈ ਮਜਬੂਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਕਿਸਾਨ ਤੇ ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ। ਤਾਜ਼ਾ ਆਈਆਂ ਰਿਪੋਰਟਾਂ ਅਨੁਸਾਰ ਦੇਸ਼ ਵਿੱਚ ਰੋਜ਼ਾਨਾ 114 ਕਿਸਾਨ, ਮਜ਼ਦੂਰ ਤੇ ਦਿਹਾੜੀਦਾਰ ਖ਼ੁਦਕੁਸ਼ੀਆਂ ਕਰ ਰਹੇ ਹਨ। ਸੰਤ ਸੀਚੇਵਾਲ ਨੇ ਸਦਨ ਵਿੱਚ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਸਰਕਾਰ ਵੱਲੋਂ ਮੰਨੀਆਂ ਮੰਗਾਂ ਵੀ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਜੇਕਰ ਸਰਕਾਰ ਐੱਮਐੱਸਪੀ ਦੀ ਗਾਰੰਟੀ ਦਾ ਕਾਨੂੰਨ ਬਣਾ ਦੇਵੇ ਤਾਂ

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

13 ਦਸੰਬਰ ਤੋਂ 19 ਦਸੰਬਰ, 2023

## ਕੌਮਾਂਤਰੀ ਮਨੁੱਖੀ ਹੱਕ ਦਿਹਾੜਾ

ਯੂਨਾਇਟਡ ਨੇਸ਼ਨਜ਼ ਵੱਲੋਂ 10 ਦਸੰਬਰ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ।ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਦੇ 75ਵੇਂ ਸਾਲ ਮੌਕੇ ਯੂਨਾਈਟਡ ਨੇਸ਼ਨਜ਼ ਵੱਲੋਂ ਇਸ ਦਿਨ ਦਾ ਮਨੋਰਥ ਸਭਨਾਂ ਲਈ ਆਜ਼ਾਦੀ, ਬਰਾਬਰੀ ਅਤੇ ਨਿਆਂ ਮਿਥਿਆ ਗਿਆ।ਇਹਦੇ ਲਈ ਯੂਨਾਈਟਡ ਨੇਸ਼ਨ ਵੱਲੋਂ ਦੁਨੀਆ ਭਰ ਵਿੱਚ ਵਸਦੇ ਨਿਆਂ ਪਸੰਦ ਲੋਕਾਂ ਨੂੰ ਸਭ ਲਈ ਆਜ਼ਾਦੀ ਬਰਾਬਰੀ ਅਤੇ ਨਿਆਂ ਦਿਵਾਉਣ ਦੇ ਲਈ ਉਪਰਾਲੇ ਕਰਨ ਦਾ ਸੱਦਾ ਦਿੱਤਾ ਗਿਆ।ਬਹੁਤ ਸਾਰੀਆਂ ਕੌਮਾਂ ਹਾਲੇ ਵੀ ਆਜ਼ਾਦੀ ਦੇ ਲਈ ਸੰਘਰਸ਼ ਕਰ ਰਹੀਆਂ ਹਨ ਘੱਟ ਗਿਣਤੀ ਕੌਮਾਂ ਨੂੰ ਵੱਧ ਗਿਣਤੀ ਹੱਥੋਂ, ਕਮਜ਼ੋਰ ਅਤੇ ਨਿਹੱਥੇ ਭਾਈ ਚਾਰਿਆਂ ਨੂੰ ਦੂਜਿਆਂ ਦੇ ਰਹਿਮੋ ਕਰਮ ਦੇ ਉੱਪਰ ਜਿਉਣਾ ਪੈ ਰਿਹਾ ਹੈ। ਭਾਵੇਂ ਕਿ ਦੁਨੀਆ ਦੀਆਂ ਵੱਡੀਆਂ ਵੱਡੀਆਂ ਲੋਕਤੰਤਰੀ ਸਰਕਾਰਾਂ ਵੱਲੋਂ ਸਭ ਨੂੰ ਨਿਆਂ ਦੇਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਇਤਿਹਾਸ ਵਿੱਚ ਬਹੁਤ ਸਾਰੇ ਅਜਿਹੇ ਘਟਨਾਕ੍ਰਮ ਵਾਪਰਦੇ ਹਨ ਜਦੋਂ ਅਜਿਹੇ ਲੋਕਤੰਤਰ ਦੇ ਇਹ ਦਾਅਵੇ ਵੀ ਝੂਠੇ ਗਲਤ ਹੋ ਜਾਂਦੇ ਹਨ।

ਦੁਨੀਆਂ ਭਰ ਵਿੱਚ ਵੱਸਦਾ ਸਿੱਖ ਭਾਈਚਾਰਾ ਇਸ ਵੇਲੇ ਬਿਖੜੇ ਹਾਲਾਤਾਂ ਵਿਚੋਂ ਗੁਜ਼ਰ ਰਿਹਾ ਹੈ।ਇਸ ਵੇਲੇ ਇੰਡੀਅਨ ਵੱਲੋਂ ਸਿੱਖਾਂ ਉੱਤੇ ਕੀਤੇ ਜਾਂਦੇ ਜ਼ੁਲਮਾਂ ਦਾ ਦਾਇਰਾ ਸੰਸਾਰ ਭਰ ਤੱਕ ਵਧਾਇਆ ਹੈ।ਹਾਲ ਹੀ ਵਿੱਚ ਅਮਰੀਕਾ, ਕੈਨੇਡਾ, ਪਾਕਿਸਤਾਨ ਅਤੇ ਇੰਗਲੈਂਡ ਵਿੱਚ ਸਿੱਖਾਂ ਦੇ ਮਿੱਥ ਕੇ ਕਤਲ ਕਰਨ ਪਿੱਛੇ ਦਿੱਲੀ ਦਰਬਾਰ ਦਾ ਹੱਥ ਹੋਣ ਦੇ ਖ਼ੁਲਾਸੇ ਇੰਡੀਅਨ ਸਟੇਟ ਦੀ ਗੈਰ-ਨਿਆਇਕ ਕਤਲਾਂ ਦੀ ਦਹਿਸ਼ਤਵਾਦੀ ਨੀਤੀ ਅਤੇ ਕੌਮਾਂਤਰੀ ਪੱਧਰ ਉੱਤੇ ਲਾਗੂ ਕੀਤੀ ਜਾ ਰਹੀ ਸਿੱਖਾਂ ਦੇ ਕਤਲਾਂ ਦੀ ਯੋਜਨਾਬੱਧ ਮੁਹਿੰਮ ਨੂੰ ਉਜਾਗਰ ਕਰਦੀ ਹੈ।ਇਹ ਘਟਨਾਵਾਂ ਦਰਸਾਉਂਦੀਆਂ ਹਨ ਕਿ 1984 ਵਿੱਚ ਇੰਡੀਆ ਵਿੱਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਅਤੇ 1980-90ਵਿਆਂ ਦੌਰਾਨ ਪੰਜਾਬ ਵਿੱਚ ਕੀਤੇ ਗਏ ਮਨੁੱਖਤਾ ਖ਼ਿਲਾਫ਼ ਜੁਰਮਾਂ ਪਿੱਛੇ ਕੰਮ ਕਰਦੀ ਇੰਡੀਆ ਸਟੇਟ ਵਿਚਲੀ 'ਨਸਲਕੁਸ਼ੀ ਦੀ ਤਰੰਗ' (ਜਿਨੋਸਾਈਲ ਇਮਪਲਸ) ਮੁੜ ਜ਼ੋਰ ਫੜ੍ਹ ਰਹੀ ਹੈ।

ਬੀਤੇ ਦਿਨੀਂ ਦਲ ਖ਼ਾਲਸਾ ਵੱਲੋਂ 9 ਦਸੰਬਰ ਨੂੰ ਕੌਮੀਅਤਾਂ ਦੇ ਅਧਿਕਾਰਾਂ ਦੀ ਉਲੰਘਣਾ ਖ਼ਿਲਾਫ਼ ਬਠਿੰਡਾ ਵਿਖੇ ਗੁਰਦੁਆਰਾ ਸਿੰਘ ਸਭਾ ਤੋਂ ਫਾਇਰ ਬ੍ਰਿਗੇਡ ਚੌਕ ਤੱਕ ਮਾਰਚ ਕਰਨ ਦਾ ਸੱਦਾ ਦਿੱਤਾ ਗਿਆ ਸੀ ਜਿਸ ਨੂੰ ਅਸਫਲ ਕਰਨ ਲਈ ਪੰਜਾਬ ਪੁਲਿਸ ਨੇ ਦਲ ਖਾਲਸਾ ਦੇ ਬਹੁਤੇ ਆਗੂਆਂ ਨੂੰ ਉਹਨਾਂ ਦੇ ਘਰਾਂ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਜਿਹੜੀ ਸੰਗਤ ਗੁਰਦੁਆਰਾ ਸਾਹਿਬ ਪਹੁੰਚੀ ਉਹਨਾਂ ਨੂੰ ਵੀ ਪੁਲਿਸ ਨੇ ਕੈਦ ਕਰ ਲਿਆ।ਭਾਈ ਹਰਦੀਪ ਸਿੰਘ ਮਹਿਰਾਜ ਨੂੰ ਉਹਨਾਂ ਦੇ ਘਰ, ਜੀਵਨ ਸਿੰਘ ਗਿੱਲ ਕਲ੍ਹਾਂ (ਮੀਤ ਪ੍ਰਧਾਨ) ਨੂੰ ਥਾਣਾ ਸਦਰ ਰਾਮਪੁਰਾ ਅਤੇ ਪਰਮਜੀਤ ਸਿੰਘ ਜੱਗੀ (ਜ਼ਿਲ੍ਹਾ ਪ੍ਰਧਾਨ, ਕੋਟਫੱਤਾ) ਨੂੰ ਕੋਟਫੱਤਾ ਦੇ ਥਾਣੇ 'ਚ ਰੱਖਿਆ ਗਿਆ। ਇਸ ਤੋਂ ਇਲਾਵਾ ਸ. ਗੁਰਦੀਪ ਸਿੰਘ ਬਠਿੰਡਾ ਨੂੰ ਘਰ ਵਿੱਚ ਨਜ਼ਰਬੰਦ ਕੀਤਾ ਗਿਆ। ਭਾਵੇਂ ਕਿ ਇਸ ਸਭ ਦੇ ਬਾਵਜੂਦ ਮਾਰਚ ਹੋਇਆ ਅਤੇ ਕੁਝ ਆਗੂਆਂ ਨੂੰ ਬਾਅਦ ਵਿੱਚ ਮਾਰਚ ਵਿੱਚ ਸ਼ਾਮਲ ਹੋਣ ਦੇ ਦਿੱਤਾ ਗਿਆ।

ਕਿਸਾਨ ਆਗੂ ਸੁਰਜੀਤ ਸਿੰਘ ਫੂਲ ਨੇ ਆਖਿਆ ਕਿ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਸਰਕਾਰ ਦੇ ਇਸ ਅਮਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਸਿੱਖ ਆਗੂਆਂ ਨੂੰ ਮਾਰਚ 'ਚ ਸ਼ਾਮਲ ਹੋਣ ਤੋਂ ਰੋਕ ਕੇ ਭਗਵੰਤ ਮਾਨ ਦੀ ਸਰਕਾਰ ਸਿੱਖਾਂ ਦੀ ਆਵਾਜ਼ ਨੂੰ ਦੱਬਣਾ ਚਾਹੁੰਦੀ ਹੈ ਪਰ ਇਹ ਆਵਾਜ਼ ਹੋਰ ਬੁਲੰਦ ਕੀਤੀ ਜਾਵੇਗੀ।ਦਲ ਖਾਲਸਾ ਆਗੂ ਭਾਈ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਪੰਜਾਬ ਅੱਜ ਵੀ ਪੁਲਿਸ ਸਟੇਟ ਹੈ ਜਿੱਥੇ ਰਾਜਨੀਤਿਕ ਲੀਡਰਸ਼ਿਪ ਕਮਜ਼ੋਰ ਤੇ ਨਿਕੰਮੀ ਹੈ ਜੋ ਪੁਲਿਸ ਲੀਡਰਸ਼ਿਪ ਦੀ ਪਿਛਲੱਗ ਬਣ ਕੇ ਵਿਚਰ ਰਹੀ ਹੈ।ਉਹਨਾਂ ਕਿਹਾ ਕਿ ਵੱਖਰੇ ਵਿਚਾਰ ਰੱਖਣ ਵਾਲੇ ਅਤੇ ਸਰਕਾਰੀ ਅਤਿਆਚਾਰਾਂ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਨੂੰ ਭਾਰੀ ਕੀਮਤ ਤਾਰਨੀ ਪੈਂਦੀ ਹੈ ਅਤੇ ਉਹਨਾਂ ਨੂੰ ਮਨਘੜਤ ਕੇਸਾਂ ਵਿੱਚ ਫਸਾ ਕੇ ਰੋਲਿਆ ਜਾਂਦਾ ਹੈ ਜੋ ਆਪਣੇ ਆਪ ਵਿੱਚ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ।

ਦਲ ਖਾਲਸਾ ਨੇ ਐਮਨਿਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਜ ਵਾਚ ਵਰਗੀਆਂ ਦੁਨੀਆ ਦੀਆਂ ਨਿਰਪੱਖ ਅਤੇ ਪ੍ਰਮੁੱਖ ਸੰਸਥਾਵਾਂ ਨੂੰ ਕਸ਼ਮੀਰ, ਪੰਜਾਬ ਅਤੇ ਮਨੀਪੁਰ ਵਰਗੀਆਂ ਨਾਜ਼ਕ ਸਟੇਟਾਂ ਵਿੱਚ ਆਪਣੀਆਂ ਟੀਮਾਂ ਭੇਜ ਕਿ ਮਨੁੱਖੀ ਅਧਿਕਾਰਾਂ ਦੇ ਤਰਸਯੋਗ ਹਾਲਾਤਾਂ ਅਤੇ ਨਿੱਘਰਦੀ ਸਥਿਤੀ ਦਾ ਜਾਇਜ਼ਾ ਲੈਣ ਦੀ ਅਪੀਲ ਕੀਤੀ।

ਕੌਮਾਂਤਰੀ ਮਨੁੱਖੀ ਹੱਕ ਦਿਹਾੜੇ ਸਬੰਧੀ ਸਿੱਖ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਵੱਲੋਂ 10 ਦਸੰਬਰ ਨੂੰ ਸਿੱਖ ਇੱਕਮੁਠਤਾ ਦੇ ਪ੍ਰਗਟਾਵੇ ਲਈ ਕਾਲੀ ਦਸਤਾਰ ਦਿਵਸ ਦਾ ਸੱਦਾ ਦਿੱਤਾ ਗਿਆ ਸੀ।ਉਨ੍ਹਾਂ ਦਿੱਲੀ ਦਰਬਾਰ ਦੇ ਸਿੱਖਾਂ ਵਿਰੁੱਧ ਜ਼ੁਲਮਾਂ ਵਿਰੁੱਧ ਰੋਹ ਦਾ ਪ੍ਰਗਟਾਵਾ ਕਰਨ ਲਈ ਅਤੇ ਸਵੈ-ਨਿਰਣੇ ਦੇ ਹੱਕ ਸਮੇਤ ਸਿੱਖਾਂ ਦੇ ਸਮੂਹਿਕ ਹੱਕਾਂ ਦੇ ਪ੍ਰਗਟਾਵੇ ਲਈ ਇਕਜੁਟ ਹੋਣ ਦਾ ਸੱਦਾ ਦਿੱਤਾ।ਨਾਲ ਹੀ ਉਨ੍ਹਾਂ ਸੰਸਾਰ ਭਰ ਵਿੱਚ ਵੱਸਦੇ ਸਿੱਖਾਂ ਨੂੰ 10 ਦਸੰਬਰ ਨੂੰ ਕਾਲੀਆਂ ਦਸਤਾਰਾਂ ਤੇ ਪੱਗਾਂ ਬੰਨ੍ਹ ਕੇ ਅਤੇ ਬੀਬੀਆਂ ਨੂੰ ਕਾਲੀਆਂ ਚੁੰਨੀਆਂ ਤੇ ਦੁਪੱਟੇ ਲੈ ਕੇ ਸਿੱਖਾਂ ਦੀ ਆਪਸੀ ਏਕਤਾ ਅਤੇ ਇੰਡੀਆ ਦੀ ਸਿੱਖਾਂ ਖ਼ਿਲਾਫ਼ ਜੁਰਮਾਂ ਦੀ ਕੌਮਾਂਤਰੀ ਪੱਧਰ ਦੀ ਮੁਹਿੰਮ ਦਾ ਵਿਰੋਧ ਕਰਨ ਦੀ ਬੇਨਤੀ ਕੀਤੀ।ਸਮੂਹ ਨਿਆਂ ਪਸੰਦ ਲੋਕਾਂ ਨੂੰ ਸਿੱਖਾਂ ਨਾਲ ਹਮਦਰਦੀ ਦੇ ਪ੍ਰਗਟਾਵੇ ਵੱਜੋਂ ਸੱਜੀ ਬਾਂਹ ਉੱਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਇਸ ਮੁਹਿੰਮ ਦਾ ਸਾਥ ਦੇਣ ਲਈ ਕਿਹਾ।ਵੱਡੀ ਗਿਣਤੀ ਵਿੱਚ ਸਿੱਖਾਂ ਨੇ ਇਸ ਸੱਦੇ ਨੂੰ ਕਬੂਲਦਿਆਂ ਏਕੇ ਦਾ ਸਬੂਤ ਦਿੱਤਾ।ਵੱਡੀ ਗਿਣਤੀ ਵਿੱਚ ਦੇਸ ਵਿਦੇਸ਼ ਵਿਚੋਂ ਸਿੱਖਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਬਿਜਲ ਸੱਥ 'ਤੇ ਆਪਣੀਆਂ ਤਸਵੀਰਾਂ ਸਾਂਝੀਆਂ ਕੀਤੀਆਂ, ਕਾਲੀਆਂ ਪੱਟੀਆਂ ਬੰਨੀਆਂ, ਭੈਣਾਂ ਨੇ ਕਾਲੇ ਦੁਪੱਟੇ ਲਏ।

ਜਦੋਂ ਦੁਨੀਆ ਵਿੱਚ 75ਵਾਂ ਕੌਮਾਂਤਰੀ ਮਨੁੱਖੀ ਹੱਕ ਦਿਹਾੜਾ ਮਨਾਇਆ ਗਿਆ ਤਾਂ ਪੰਜਾਬ ਦੀ ਧਰਤੀ 'ਤੇ ਸ਼ਾਂਤਮਈ ਤਰੀਕੇ ਆਪਣੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਜਿੱਥੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਰੋਕ ਕੇ ਉਹਨਾਂ ਦੇ ਹੱਕ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ, ਓਥੇ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ ਨੂੰ ਕਾਲੀ ਦਸਤਾਰ ਦਿਵਸ ਵਜੋਂ ਮਨਾ ਕੇ ਦੁਨੀਆ ਵਿੱਚ ਇੰਡੀਆ ਦੀਆਂ ਸਿੱਖ ਵਿਰੋਧੀ ਨੀਤੀਆਂ ਉਜਾਗਰ ਕਰਨ ਦਾ ਪ੍ਰਤੀਕ ਸਿਰਜ ਦਿੱਤਾ ਗਿਆ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਮਨੁੱਖੀ ਅਧਿਕਾਰਾਂ ਦੇ ਮਸਲੇ

**ਕੰਵਲਜੀਤ ਕੌਰ ਗਿੱਲ**




ਪੈਰਿਸ ਵਿੱਚ 10 ਦਸੰਬਰ 1948 ਨੂੰ ਹੋਈ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਸੰਸਾਰਵਿਆਪੀ ਐਲਾਨਨਾਮਾ ਜਾਰੀ ਕੀਤਾ ਗਿਆ, ਜਿਸ ਦਾ ਮੁੱਖ ਮਕਸਦ ਮਨੁੱਖਾਂ ਦੇ ਮੁੱਢਲੇ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ।ਸੰਸਾਰ ਪੱਧਰ 'ਤੇ ਇਸ ਨੂੰ ਸਮਝਣ ਵਾਸਤੇ ਇਸ ਐਲਾਨਨਾਮੇ ਦਾ 500 ਭਾਸ਼ਾਵਾਂ ਵਿੱਚ ਅਨੁਵਾਦ ਵੀ ਉਪਲਬਧ ਹੈ। 10 ਦਸੰਬਰ ਨੂੰ ਸੰਸਾਰ ਭਰ ਵਿੱਚ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ।ਇਸ ਦਾ ਮੂਲ ਆਧਾਰ ਸੰਸਾਰ ਵਿੱਚ ਆਜ਼ਾਦੀ, ਨਿਆਂ ਅਤੇ ਸ਼ਾਂਤੀ ਨੂੰ ਮੰਨਿਆ ਗਿਆ ਹੈ। ਮਨੁੱਖਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਕੁੱਲੀ, ਗੁੱਲੀ ਤੇ ਜੁੱਲੀ ਜਾਂ ਰੋਟੀ, ਕੱਪੜਾ ਅਤੇ ਮਕਾਨ ਹੁੰਦੀਆਂ ਹਨ। ਸਾਫ਼ ਸੁਥਰੀ ਤੇ ਸੁਰੱਖਿਅਤ ਜੀਵਨ ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਸਮਾਨ ਰੂਪ ਵਿੱਚ ਇਹ ਸਹੂਲਤਾਂ ਪ੍ਰਾਪਤ ਹੋਣੀਆਂ ਮਨੁੱਖ ਦਾ ਅਧਿਕਾਰ ਹੈ। ਇਸ ਨਾਲ ਬੰਦੇ ਦਾ ਸਰੀਰਕ ਤੇ ਮਾਨਸਿਕ ਵਿਕਾਸ ਜੁੜਿਆ ਹੋਇਆ ਹੈ। ਇਸ ਤੋਂ ਘੱਟ ਪ੍ਰਾਪਤੀ ਵਿਦਰੋਹ ਨੂੰ ਜਨਮ ਦਿੰਦੀ ਹੈ ਤੇ ਇਸ ਤੋਂ ਵੱਧ ਹੱਕ, ਦੂਜਿਆਂ ਦਾ ਸ਼ੋਸ਼ਣ ਹੁੰਦਾ ਹੈ।

1948 ਵਾਲੇ ਐਲਾਨਨਾਮੇ ਦੇ ਘੇਰੇ ਵਿੱਚ ਲਗਭਗ ਸਾਰੇ ਹੀ ਮਨੁੱਖੀ ਅਧਿਕਾਰ ਸ਼ਾਮਲ ਹਨ ਜਿਨ੍ਹਾਂ ਨੂੰ ਮੰਨਣਾ ਸਾਰੇ ਮੈਂਬਰ ਦੇਸ਼ਾਂ ਲਈ ਸੰਵਿਧਾਨਕ ਅਤੇ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ।ਇਨ੍ਹਾਂ ਅਧਿਕਾਰਾਂ ਨੂੰ 30 ਧਾਰਾਵਾਂ ਵਿੱਚ ਵੰਡ ਕੇ ਸਪਸ਼ਟ ਕੀਤਾ ਗਿਆ ਹੈ।ਪਹਿਲੀਆਂ ਚਾਰ ਧਾਰਾਵਾਂ ਮਨੁੱਖੀ ਆਜ਼ਾਦੀ ਨਾਲ ਸਬੰਧਿਤ ਹਨ; ਭਾਵ, ਬਿਨਾਂ ਕਿਸੇ ਜਾਤ, ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਵਿਸ਼ਵਾਸ, ਰਾਜਨੀਤਕ ਜਾਂ ਕੋਈ ਹੋਰ ਵਿਚਾਰਧਾਰਾ, ਕੌਮ ਜਾਂ ਸਮਾਜਿਕ ਆਧਾਰ, ਜ਼ਮੀਨ ਜਾਇਦਾਦ ਕਾਰਨ ਮਿਲੀ ਉਪਾਧੀ ਆਦਿ ਦੇ ਹਰ ਇਕ ਦੀ ਆਜ਼ਾਦ ਹੋਂਦ ਹੈ। ਭਾਈਚਾਰਕ ਤੌਰ 'ਤੇ ਸਾਰੇ ਬਰਾਬਰ ਹਨ। ਅਗਲੀਆਂ 5 ਤੋਂ 21 ਤਕ ਧਾਰਾਵਾਂ ਬਿਨਾਂ ਕਿਸੇ ਕਾਰਨ ਦੇ ਨਜ਼ਰਬੰਦੀ, ਗ੍ਰਿਫਤਾਰੀ ਜਾਂ ਕੈਦ ਵਿਰੁੱਧ ਕਾਨੂੰਨੀ ਸੁਰੱਖਿਆ ਦਿੰਦੀਆਂ ਹਨ ਅਤੇ 22 ਤੋਂ 30 ਤੱਕ ਧਾਰਾਵਾਂ ਸਮਾਜਿਕ, ਸੱਭਿਆਚਾਰ ਅਤੇ ਆਰਥਿਕ ਅਧਿਕਾਰਾਂ ਬਾਰੇ ਹਨ। ਕੰਮ ਦਾ ਅਧਿਕਾਰ, ਵਾਜਿਬ ਮਜ਼ਦੂਰੀ, ਸਮਾਜਿਕ ਸੁਰੱਖਿਆ, ਲੋੜੀਂਦਾ ਜੀਵਨ ਪੱਧਰ, ਭੁੱਖ ਤੋਂ ਮੁਕਤੀ, ਸਿੱਖਿਆ ਅਤੇ ਸਿਹਤ ਸੇਵਾਵਾਂ ਦੀ ਪ੍ਰਾਪਤੀ ਤੋਂ ਇਲਾਵਾ ਟ੍ਰੇਡ ਯੂਨੀਅਨਾਂ ਬਣਾਉਣ ਦਾ ਅਧਿਕਾਰ ਇਸ ਵਿੱਚ ਸ਼ਾਮਲ ਹਨ। ਸਮਾਜ ਵਿੱਚ ਵਿਚਰਦਾ ਬੰਦਾ ਆਪਣੇ ਸਮਾਜਿਕ ਤੇ ਸੱਭਿਆਚਾਰਕ ਅਧਿਕਾਰ ਮਾਣਦਾ ਆਪਣੇ ਭਾਈਚਾਰੇ ਨਾਲ ਜੁੜਦਾ ਅਤੇ ਵੱਖ ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹੁੰਦਾ ਹੈ। ਇਸ ਨਾਲ ਉਸ ਦੀ ਸਮੁੱਚੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ।ਭਾਰਤ ਨੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਐਲਾਨਨਾਮੇ ਦੀ ਤਰਜ਼ 'ਤੇ ਇਨ੍ਹਾਂ ਸਾਰੇ ਅਧਿਕਾਰਾਂ ਨੂੰ ਆਪਣੇ ਸੰਵਿਧਾਨ ਵਿੱਚ (1950) ਦਰਜ ਕੀਤਾ ਹੈ। 1960ਵਿਆਂ ਦੌਰਾਨ ਯੂ.ਐੱਨ.ਓ. ਨੇ ਇਨ੍ਹਾਂ ਅਧਿਕਾਰਾਂ ਨੂੰ ਦੋ ਕੋਵੀਨੈਂਟ ਦੇ ਰੂਪ ਵਿੱਚ ਪਾਸ ਕੀਤਾ।ਪਹਿਲੇ ਵਿੱਚ ਸਿਵਲ ਅਧਿਕਾਰ ਅਤੇ ਦੂਜੇ ਵਿੱਚ ਸਮਾਜਿਕ ਤੇ ਆਰਥਿਕ ਅਧਿਕਾਰ ਰੱਖੇ ਗਏ। ਇਸ ਤਰਤੀਬ ਨੂੰ ਭਾਰਤ ਸਰਕਾਰ ਨੇ ਵੀ ਸਪਸ਼ਟ ਰੂਪ ਵਿੱਚ ਸਵੀਕਾਰ ਕੀਤਾ ਹੈ। ਸੰਵਿਧਾਨਕ ਤੌਰ 'ਤੇ ਭਾਰਤ ਦੇ ਸਾਰੇ ਨਾਗਰਿਕ ਬਰਾਬਰ ਹਨ।

ਇਸ ਵੇਲੇ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਹਾਲਤ ਕੀ ਹੈ? ਕੀ ਇਹ ਅਧਿਕਾਰ ਸਿਰਫ਼ ਉੱਚ ਸ਼੍ਰੇਣੀ ਜਾਂ ਸਰਦੇ ਪੁੱਜਦੇ ਅਮੀਰ ਘਰਾਣੇ ਜਿਨ੍ਹਾਂ ਦੇ ਸਬੰਧ ਰਾਜਨੀਤਕ ਪਾਰਟੀਆਂ ਨਾਲ ਹਨ, ਲਈ ਹਨ? ਹੰਸਾ ਮਹਿਤਾ ਭਾਰਤ ਦੀ ਪਹਿਲੀ ਔਰਤ ਸੀ ਜਿਸ ਨੇ ਇਸ ਐਲਾਨਨਾਮੇ ਵਿੱਚ ਸੋਧ ਕਰਵਾ ਕੇ ਔਰਤਾਂ ਦੇ ਅਧਿਕਾਰਾਂ ਵੱਲ ਧਿਆਨ ਦਿਵਾਇਆ ਕਿ ਸਾਰੇ ਆਦਮੀ ਪੈਦਾ ਹੋਣ ਵੇਲੇ ਆਜ਼ਾਦ ਤੇ ਬਰਾਬਰ ਹੁੰਦੇ ਹਨ, ਦੀ ਥਾਂ ਲਿਖੋ ਕਿ ਸਾਰੇ ਵਿਅਕਤੀ ਪੈਦਾ ਹੋਣ ਵੇਲੇ ਆਜ਼ਾਦ ਤੇ ਬਰਾਬਰ ਹੁੰਦੇ ਹਨ ।2021 ਵਿੱਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਔਰਤਾਂ ਦੇ ਅਧਿਕਾਰਾਂ ਬਾਰੇ ਰਿਪੋਰਟ ਜਾਰੀ ਕੀਤੀ ਜਿਸ ਦਾ ਸਬੰਧ ਐਲਾਨਨਾਮੇ ਵਿੱਚ ਦਰਜ 'ਔਰਤਾਂ ਵਿਰੁੱਧ ਹਰ ਪ੍ਰਕਾਰ ਦਾ ਪੱਖਪਾਤ ਪੂਰਨ ਰੂਪ ਵਿੱਚ ਖ਼ਤਮ ਕਰਨਾ' ਹੈ। 1995 ਵਿੱਚ ਪੇਈਚਿੰਗ (ਚੀਨ) ਵਿੱਚ ਚੌਥੀ ਕੌਮਾਂਤਰੀ ਮਹਿਲਾ ਕਾਨਫ਼ਰੰਸ ਵਿੱਚ ਵੀ ਇਸੇ ਪ੍ਰਕਾਰ ਦਾ ਐਲਾਨਨਾਮਾ ਜਾਰੀ ਕੀਤਾ ਗਿਆ। ਯੂ.ਐੱਨ. ਕਮਿਸ਼ਨ ਦੇ ਜਾਰੀ ਕੀਤੇ ਐਲਾਨਨਾਮੇ (1993) ਦੀ ਧਾਰਾ ਇੱਕ ਵਿੱਚ ਸਪਸ਼ਟ ਹੈ ਕਿ ਔਰਤ ਉਪਰ ਹਿੰਸਾ ਔਰਤ ਦੇ ਮੁਢਲੇ ਅਧਿਕਾਰਾਂ ਦੀ ਉਲੰਘਣਾ ਦੇ ਬਰਾਬਰ ਹੈ। ਇੱਕ ਪਾਸੇ ਮਨੁੱਖੀ ਅਧਿਕਾਰਾਂ ਦੇ ਸੰਸਾਰ ਪੱਧਰ 'ਤੇ ਲਾਗੂ ਹੋਣ ਦੀ ਚਰਚਾ ਹੈ, ਦੂਜੇ ਪਾਸੇ ਔਰਤਾਂ ਉਪਰ ਰੋਜ਼ਾਨਾ ਹੋ ਰਹੀਆਂ ਵਹਿਸ਼ੀਆਨਾ ਘਟਨਾਵਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣ ਰਹੀਆਂ ਹਨ। ਅਫ਼ਗਾਨਿਸਤਾਨ ਵਿੱਚ ਤਾਲਿਬਾਨ ਹਕੂਮਤ ਦੇ ਮੁੜ ਸੱਤਾ ਵਿੱਚ ਆਉਣ ਤੋਂ ਬਾਅਦ ਔਰਤਾਂ ਦੇ ਮੁੱਢਲੇ ਅਧਿਕਾਰ ਖੋਹਣ ਤੇ ਉਨ੍ਹਾਂ ਦੀ ਉਲੰਘਣਾ ਦਾ ਰੁਝਾਨ ਦੁਬਾਰਾ ਸ਼ੁਰੂ ਹੋ ਗਿਆ ਹੈ। 2021 ਤੋਂ ਬਾਅਦ ਸੋਚੇ ਸਮਝੇ ਢੰਗ ਨਾਲ ਔਰਤਾਂ ਨੂੰ ਮੁੱਖ ਧਾਰਾ ਵਿਚੋਂ ਬਾਹਰ ਕੀਤਾ ਜਾ ਰਿਹਾ ਹੈ।ਉਚੇਰੀ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ, ਰੁਜ਼ਗਾਰ ਦਾ ਅਧਿਕਾਰ, ਘਰ ਤੋਂ ਬਾਹਰ ਘੁੰਮਣ ਫਿਰਨ ਦੀ ਆਜ਼ਾਦੀ ਆਦਿ ਸਾਰਾ ਕੁਝ, ਸ਼ਰੀਅਤ ਦੇ ਬਹਾਨੇ ਖੋਹਿਆ ਜਾ ਰਿਹਾ ਹੈ। ਇਰਾਨ ਵਿੱਚ ਹਿਜਾਬ ਪਹਿਨਣ ਤੋਂ ਇਨਕਾਰੀ ਹੋਣ 'ਤੇ ਔਰਤਾਂ ਉੱਪਰ ਅੱਤਿਆਚਾਰ ਕੀਤਾ ਗਿਆ।ਇਵੇਂ ਹੀ ਇਜ਼ਰਾਈਲ ਦੀਆਂ ਗ਼ਾਜ਼ਾ ਕਾਰਵਾਈਆਂ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਘੇਰੇ 'ਚ ਆਉਂਦੀਆਂ ਹਨ।ਇਜ਼ਰਾਈਲ ਇਹ ਅਮਰੀਕਾ ਅਤੇ ਪੱਛਮੀ ਯੂਰੋਪੀਅਨ ਮੁਲਕਾਂ ਦੀ ਸ਼ਹਿ 'ਤੇ ਕਰ ਰਿਹਾ ਹੈ।ਇਹ ਕਾਰਵਾਈਆਂ ਵਧ ਰਹੇ ਮਨੁੱਖੀ ਸੰਕਟ ਵਲ ਸੰਕੇਤ ਹਨ।

ਔਰਤਾਂ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਕਰੀਏ ਤਾਂ ਹਾਲਤ ਅਤਿਅੰਤ ਦੁਖਦਾਈ ਤੇ ਚਿੰਤਾਜਨਕ ਹੈ। ਔਰਤਾਂ ਵਿਰੁੱਧ ਵਹਿਸ਼ੀਆਨਾ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਔਰਤਾਂ ਵਿਰੁੱਧ ਰਿਪੋਰਟ ਹੁੰਦੇ ਕੇਸਾਂ ਵਿੱਚ ਜਬਰ ਜ਼ਨਾਹ ਚੌਥੇ ਨੰਬਰ 'ਤੇ ਸਭ ਤੋਂ ਵੱਧ ਹੋਣ ਵਾਲਾ ਅਪਰਾਧ ਹੈ।ਪਿੱਛੇ ਜਿਹੇ ਗੁਜਰਾਤ ਹਾਈ ਕੋਰਟ ਨੇ ਜਬਰ ਜ਼ਨਾਹ ਪੀੜਤ ਦਾ ਗਰਭ ਖ਼ਤਮ ਕਰਨ ਸਬੰਧੀ ਪਟੀਸ਼ਨ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਜਿਸ ਬਾਰੇ ਸੁਪਰੀਮ ਕੋਰਟ ਨੇ ਨਾਰਾਜ਼ਗੀ ਵੀ ਜ਼ਾਹਿਰ ਕੀਤੀ ਅਤੇ ਕਿਹਾ ਕਿ 'ਗੁਜਰਾਤ ਹਾਈ ਕੋਰਟ ਦੀ ਇਸ ਕਾਰਵਾਈ ਨਾਲ ਬਹੁਮੁੱਲਾ ਸਮਾਂ ਬਰਬਾਦ ਹੋਇਆ ਹੈ'। ਜਬਰ ਜ਼ਨਾਹ ਮਨੁੱਖਤਾ ਵਿਰੁੱਧ ਅਪਰਾਧ ਹੈ। ਗੁਜਰਾਤ ਹਾਈ ਕੋਰਟ ਦੀ ਇਸ ਕਾਰਵਾਈ ਨਾਲ ਕਿਸ ਦਾ ਸਮਾਂ ਬਰਬਾਦ ਹੋਇਆ? ਕੋਰਟ ਦਾ ਜਾਂ ਉਸ ਪੀੜਤ ਔਰਤ ਦਾ ਜਿਸ ਲਈ ਇਸ ਹਾਲਤ ਵਿਚ ਇੱਕ ਇੱਕ ਘੜੀ ਮਹੱਤਵਪੂਰਨ ਹੈ? ਮਨੁੱਖੀ ਅਧਿਕਾਰਾਂ ਤਹਿਤ ਇਹ ਲਾਜ਼ਮੀ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਨੂੰ ਸੰਵੇਦਨਸ਼ੀਲਤਾ ਨਾਲ ਨਜਿੱਠਿਆ ਜਾਵੇ। 2018-22 ਦੌਰਾਨ ਔਰਤਾਂ ਉਪਰ ਤੇਜ਼ਾਬ ਸੁੱਟਣ ਦੇ 386 ਕੇਸ ਦਰਜ ਹੋਏ ਜਿਨ੍ਹਾਂ ਵਿਚੋਂ ਕੇਵਲ 62 ਦੋਸ਼ੀਆਂ ਨੂੰ ਸਜ਼ਾ ਹੋਈ। ਤ੍ਰਾਸਦੀ ਇਹ ਹੈ ਕਿ ਹਿੰਸਕ ਘਟਨਾਵਾਂ ਦੇ ਬਹੁਤੇ ਕੇਸ ਦਰਜ ਹੀ ਨਹੀਂ ਹੁੰਦੇ। ਕੋਵਿਡ-19 ਦੀ ਮਹਾਂਮਾਰੀ ਕਾਰਨ ਘਰੇਲੂ ਝਗੜੇ ਅਤੇ ਹਿੰਸਾ ਦੇ ਕੇਸਾਂ ਵਿੱਚ ਕਈ ਗੁਣਾ ਵਾਧਾ ਹੋਇਆ ਹੈ।ਮਹਿਲਾ ਅਧਿਕਾਰ ਕਮਿਸ਼ਨ ਅਨੁਸਾਰ ਔਰਤਾਂ ਉਪਰ ਹੋ ਰਹੀ ਘਰੇਲੂ ਹਿੰਸਾ ਦੇ 75% ਕੇਸ ਰਿਪੋਰਟ ਹੀ ਨਹੀਂ ਹੁੰਦੇ।ਆਜ਼ਾਦੀ ਦਿਵਸ ਮੌਕੇ ਇੱਕ ਪਾਸੇ ਮੁਲਕ ਦੇ ਆਗੂ ਔਰਤਾਂ ਦੀ ਰੋਜ਼ਾਨਾ ਹੋ ਰਹੀ ਬੇਹੁਰਮਤੀ ਬਾਰੇ ਚਿੰਤਾ ਪ੍ਰਗਟਾਉਂਦੇ ਹਨ, ਦੂਜੇ ਪਾਸੇ ਉਸੇ ਦਿਨ ਜਬਰ ਜ਼ਨਾਹ ਦੇ ਦੋਸ਼ੀ ਜਿਨ੍ਹਾਂ ਦੀ ਸਜ਼ਾ ਪੂਰੀ ਨਹੀਂ ਹੋਈ ਹੁੰਦੀ, ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ।

ਅਸਲ ਵਿੱਚ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਉਸ ਖੇਤ ਦੀ ਫ਼ਸਲ ਉੱਜੜਦੀ ਹੀ ਹੈ।ਔਰਤਾਂ ਨੂੰ ਕਦੀ ਬੁੱਲੀ ਬਾਈ ਤੇ ਕਦੀ ਸੁੱਲੀ ਬਾਈ ਕਹਿ ਕੇ ਪਰੇਸ਼ਾਨ ਕੀਤਾ ਜਾਂਦਾ ਹੈ। ਇੰਟਰਨੈੱਟ ਜ਼ਰੀਏ ਔਰਤ ਨੂੰ ਬਦਨਾਮ ਕਰਨ ਦਾ ਨਵਾਂ ਤਰੀਕਾ ਲੱਭਿਆ ਹੈ। ਸਾਈਬਰ ਬੁਲਿੰਗ ਉਨ੍ਹਾਂ ਔਰਤਾਂ ਖ਼ਿਲਾਫ਼ ਵਰਤਿਆ ਜਾਂਦਾ ਹੈ ਜਿਹੜੀਆਂ ਥੋੜ੍ਹਾ ਬਹੁਤ ਚੇਤੰਨ ਹਨ ਤੇ ਆਪਣੇ ਹੱਕਾਂ ਲਈ ਆਵਾਜ਼ ਉਠਾਉਂਦੀਆਂ ਹਨ। ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ। ਇਸ ਸਾਰੇ ਵਰਤਾਰੇ ਪਿਛੇ ਮਰਦ ਦੀ ਔਰਤ ਪ੍ਰਤੀਮਾੜੀ ਸੋਚ, ਪੱਖਪਾਤੀ ਰਵੱਈਆ ਤੇ ਨਾ-ਬਰਾਬਰੀ ਹੈ। ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਬਾਰੇ ਹਾਲਾਤ ਇਹ ਹਨ ਕਿ ਜਿਹੜੇ ਲੇਖਕ, ਬੁੱਧੀਜੀਵੀ ਜਾਂ ਚਿੰਤਕ ਆਪਣੇ ਵਿਚਾਰ ਖੁੱਲ੍ਹ ਕੇ ਪੇਸ਼ ਕਰਦੇ ਹਨ, ਉਨ੍ਹਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਜਾਂਦਾ ਹੈ, ਉਨ੍ਹਾਂ ਨਾਲ ਅਣਮਨੁੱਖੀ ਵਰਤਾਓ ਕੀਤਾ ਜਾਂਦਾ ਹੈ।ਮੀਡੀਆ ਰਾਹੀਂ ਸਪਸ਼ਟ ਰਿਪੋਰਟਿੰਗ ਕਰਨ ਵਾਲੇ ਨੂੰ ਮਜਬੂਰਨ ਅਸਤੀਫ਼ਾ ਦੇਣਾ ਪੈਂਦਾ ਹੈ। ਹੋਰ ਸਰਕਾਰੀ ਅਦਾਰਿਆਂ ਦੇ ਨਾਲ ਨਾਲ ਮੀਡੀਆ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਹੱਥ ਵੇਚਿਆ ਜਾ ਰਿਹਾ ਹੈ। ਖ਼ਾਸ ਪਹਿਰਾਵਾ ਪਾਉਣ/ਨਾ ਪਾਉਣ ਦੇ ਆਦੇਸ਼ ਜਾਰੀ ਹੁੰਦੇ ਹਨ ਆਜ਼ਾਦੀ, ਸਮਾਨਤਾ, ਸ਼ਾਂਤੀ, ਵਿਕਾਸ ਆਦਿ ਤਾਂ ਹੀ ਸੰਭਵ ਹਨ ਜੇ ਸਮਾਨਤਾ ਦੇ ਆਧਾਰ 'ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਹੁੰਦੀ ਹੈ। ਇਹ ਸਭ ਕੁਝ ਯਕੀਨੀ ਬਣਾਉਣ ਵਾਸਤੇ ਜਮਹੂਰੀਅਤ ਵਿੱਚ ਵਿਸ਼ਵਾਸ ਰੱਖਣ ਵਾਲੇ ਸਮੂਹ ਚਿੰਤਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਵਕੀਲਾਂ, ਅਧਿਆਪਕਾਂ, ਡਾਕਟਰਾਂ ਆਦਿ ਨੂੰ ਇਕੱਠਿਆਂ ਹੋ ਕੇ ਆਵਾਜ਼ ਬੁਲੰਦ ਕਰਨੀ ਪਵੇਗੀ।

(ਬਾਕੀ ਸਫ਼ਾ 31 'ਤੇ)

# ਭਾਰਤ-ਮੱਧ ਪੂਰਬ-ਯੂਰਪ ਆਰਥਿਕ ਕੋਰੀਡੋਰ ਇਜ਼ਰਾਇਲ-ਹਮਾਸ ਦਰਮਿਆਨ ਯੁੱਧ ਕਾਰਨ ਸੰਕਟ ਵਿੱਚ

**ਡਾ. ਕੁਲਵੰਤ ਸਿੰਘ**

ਵਿਸ਼ਵ ਵਿਆਪੀ ਚੀਨ-ਕੇਂਦ੍ਰਿਤ ਸਪਲਾਈ ਚੇਨ 'ਤੇ ਨਿਰਭਰਤਾ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਦੇ ਦਰਮਿਆਨ ਭਾਰਤ, ਅਮਰੀਕਾ, ਸਾਊਦੀ ਅਰਬ, ਯੂ.ਏ.ਈ., ਫਰਾਂਸ, ਜਰਮਨੀ, ਇਟਲੀ ਅਤੇ ਯੂਰਪੀਨ ਯੂਨੀਅਨ ਦੇ ਮੈਂਬਰ ਦੇਸ਼ਾਂ ਨੇ 9 ਸਤੰਬਰ, 2023 ਨੂੰ ਨਵੀਂ ਦਿੱਲੀ ਵਿਖੇ ਆਯੋਜਿਤ ਕੀਤੇ ਗਏ ਜੀ-20 ਦੇ ਨੇਤਾਵਾਂ ਦੇ ਸਿਖਰ ਸੰਮੇਲਨ ਮੌਕੇ ਇੱਕ ਸਮਝੌਤਾ-ਪੱਤਰ ਉੱਪਰ ਦਸਤਖ਼ਤ ਕੀਤੇ ਸਨ, ਜਿਸ ਦਾ ਮੁੱਖ ਮਕਸਦ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਕੋਰੀਡੋਰ ਦੀ ਸਥਾਪਨਾ ਕਰਨਾ ਹੈ। ਇਸ ਇਤਿਹਾਸਕ ਕੋਰੀਡੋਰ ਦੇ ਬਣਨ ਨਾਲ ਏਸ਼ੀਆ, ਅਰਬ ਦੀ ਖਾੜੀ ਅਤੇ ਯੂਰਪੀਨ ਦੇਸ਼ਾਂ ਵਿਚਕਾਰ ਸੰਪਰਕ ਅਤੇ ਆਰਥਿਕ ਏਕੀਕਰਨ ਵਧਣ ਨਾਲ ਆਰਥਿਕ ਵਿਕਾਸ ਨੂੰ ਉਤਸ਼ਾਹ ਮਿਲਣ ਦੀ ਉਮੀਦ ਹੈ। ਇਹ ਕੋਰੀਡੋਰ ਦੋ ਮਹੱਤਵਪੂਰਨ ਮਹਾਂਦੀਪਾਂ ਵਿਚਕਾਰ ਟਿਕਾਊ ਅਤੇ ਸੰਮਿਲਤ ਆਰਥਿਕ ਵਿਕਾਸ ਦਾ ਮਾਰਗ ਖੋਲ੍ਹਣ ਅਤੇ ਗਲੋਬਲ ਸਪਲਾਈ ਚੇਨ 'ਚ ਭਾਰਤ ਨੂੰ ਇੱਕ ਏਸ਼ੀਅਨ ਹੱਬ (ਏਸ਼ਿਆਈ ਧੁਰਾ) ਬਣਾਉਣ ਦੀ ਸਮਰੱਥਾ ਰੱਖਦਾ ਹੈ। ਸਮਝੌਤੇ ਦੀ ਘੋਸ਼ਣਾ ਕਰਦੇ ਹੋਏ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ ਸੀ ਕਿ ਇਹ ਸਵੱਛ ਊਰਜਾ, ਬਿਜਲੀ ਸਪਲਾਈ ਅਤੇ ਭਾਈਚਾਰਿਆਂ ਨੂੰ ਜੋੜਨ ਲਈ ਕੇਬਲਾਂ ਵਿਛਾਉਣ ਲਈ ਵੀ ਬੇਅੰਤ ਮੌਕੇ ਪੈਦਾ ਕਰੇਗਾ। ਸੰਮੇਲਨ ਦੇ ਮੇਜ਼ਬਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਅੱਜ ਜਦੋਂ ਅਸੀਂ ਇੰਨੀ ਵੱਡੀ ਕੁਨੈਕਟੀਵਿਟੀ ਪਹਿਲਕਦਮੀ ਦੀ ਸ਼ੁਰੂਆਤ ਕਰ ਰਹੇ ਹਾਂ, ਤਾਂ ਅਸੀਂ ਭਵਿੱਖ ਦੀਆਂ ਪੀੜ੍ਹੀਆਂ ਲਈ ਵੱਡੇ ਸੁਪਨੇ ਲੈਣ ਦੇ ਬੀਜ, ਬੀਜ ਰਹੇ ਹਾਂ। ਉਨ੍ਹਾਂ ਨੇ ਇਸ ਕੋਰੀਡੋਰ ਨੂੰ ਸਹਿਯੋਗ, ਨਵੀਨਤਾ ਅਤੇ ਸਾਂਝੀ ਪ੍ਰਗਤੀ ਦਾ ਪ੍ਰਤੀਕ ਦੱਸਿਆ। ਪਰ ਹਾਲ ਦੀ ਘੜੀ ਇਜ਼ਰਾਈਲ ਤੇ ਹਮਾਸ ਦਰਮਿਆਨ ਗ਼ਾਜ਼ਾ ਪੱਟੀ ਵਿੱਚ ਜੰਗ ਛਿੜਨ ਨਾਲ ਇਹ ਪ੍ਰਾਜੈਕਟ ਖਟਾਈ ਵਿੱਚ ਪੈ ਗਿਆ ਹੈ। ਮੱਧ ਪੂਰਬ ਵਿੱਚ ਸ਼ਾਂਤੀ ਨਾਲ ਹੀ ਇਹ ਅੱਗੇ ਵਧ ਸਕਦਾ ਹੈ। ਫਿਰ ਵੀ ਜੇ ਇਹ ਪ੍ਰਾਜੈਕਟ ਪੂਰਾ ਹੁੰਦਾ ਹੈ ਤਾਂ ਇਸ ਦੇ ਕੀ-ਕੀ ਲਾਭ ਹੋ ਸਕਦੇ ਹਨ, ਇਸ ਸੰਬੰਧੀ ਚਰਚਾ ਕੀਤੀ ਜਾ ਰਹੀ ਹੈ ਇਸ ਲੇਖ ਵਿੱਚ।

ਇਹ ਕੋਰੀਡੋਰ ਏਸ਼ੀਆ, ਅਰਬ ਦੀ ਖਾੜੀ ਅਤੇ ਯੂਰਪੀਨ ਦੇਸ਼ਾਂ ਨੂੰ ਜੋੜਨ ਵਾਲਾ ਇਕ ਅਜਿਹਾ ਪ੍ਰਸਤਾਵਿਤ ਬਹੁਪੱਖੀ ਨੈੱਟਵਰਕ ਹੋਵੇਗਾ, ਜਿਸ 'ਚ ਸ਼ਿਪਿੰਗ-ਰੇਲ ਟ੍ਰਾਂਜ਼ਿਟ ਨੈੱਟਵਰਕ ਅਤੇ ਸੜਕੀ ਆਵਾਜਾਈ ਦੇ ਰੂਟਾਂ ਦੇ ਨਾਲ-ਨਾਲ ਬਿਜਲੀ, ਡਿਜੀਟਲ ਕੁਨੈਕਟੀਵਿਟੀ ਅਤੇ ਸਾਫ਼ ਸੁਥਰੀ ਹਾਈਡ੍ਰੋਜਨ ਦੇ ਨਿਰਯਾਤ ਲਈ ਕੇਬਲਾਂ ਅਤੇ ਪਾਈਪਲਾਈਨਾਂ ਵਿਛਾਉਣਾ ਸ਼ਾਮਿਲ ਹੋਣਗੇ। ਇਸ ਬਹੁ-ਅਭਿਲਾਖੀ ਊਰਜਾ-ਕਮ-ਆਵਾਜਾਈ ਕੋਰੀਡੋਰ ਪ੍ਰਾਜੈਕਟ ਦੇ ਪੂਰਾ ਹੋਣ ਨਾਲ ਮੱਧ ਪੂਰਬ, ਯੂਰਪ



ਅਤੇ ਦੱਖਣੀ ਏਸ਼ੀਆ ਦੇ ਖੇਤਰ ਵਿਚ ਨਾ ਸਿਰਫ਼ ਵਪਾਰ ਅਤੇ ਊਰਜਾ ਕੁਨੈਕਟੀਵਿਟੀ 'ਚ ਸੁਧਾਰ ਹੋਵੇਗਾ, ਬਲਕਿ ਵਿਆਪਕ ਭੂ-ਰਾਜਨੀਤਕ ਅਤੇ ਆਰਥਿਕ ਪ੍ਰਭਾਵ ਵੀ ਪੈਣਗੇ। ਇਸ ਅੰਤਰਰਾਸ਼ਟਰੀ ਪ੍ਰਾਜੈਕਟ 'ਚ ਦੋ ਵੱਖ-ਵੱਖ ਕੋਰੀਡੋਰ ਸ਼ਾਮਿਲ ਹੋਣਗੇ। ਇੱਕ ਪੂਰਬੀ ਕੋਰੀਡੋਰ, ਜੋ ਭਾਰਤ ਨੂੰ ਅਰਬ ਦੀ ਖਾੜੀ ਨਾਲ ਜੋੜੇਗਾ ਅਤੇ ਦੂਸਰਾ ਉੱਤਰੀ ਕੋਰੀਡੋਰ, ਜਿਹੜਾ ਅਰਬ ਦੀ ਖਾੜੀ ਨੂੰ ਪੂਰੇ ਯੂਰਪ ਨਾਲ ਜੋੜੇਗਾ। ਇਹ ਕੋਰੀਡੋਰ ਭਾਰਤ ਤੋਂ ਸ਼ੁਰੂ ਹੋ ਕੇ ਯੂ.ਏ.ਈ., ਸਾਊਦੀ ਅਰਬ, ਜਾਰਡਨ, ਇਜ਼ਰਾਇਲ ਅਤੇ ਗਰੀਸ ਰਾਹੀਂ ਹੁੰਦਾ ਹੋਇਆ ਯੂਰਪ 'ਚ ਖ਼ਤਮ ਹੋਵੇਗਾ।

ਆਵਾਜਾਈ ਦੇ ਇਸ ਨੈੱਟਵਰਕ ਦੇ ਪੂਰਾ ਹੋਣ 'ਤੇ, ਮੌਜੂਦਾ ਆਉਣ-ਜਾਣ ਵਾਲੇ ਮਾਰਗਾਂ ਵਾਸਤੇ ਇੱਕ ਭਰੋਸੇਯੋਗ, ਕਿਫਾਇਤੀ ਅਤੇ ਪੂਰਕ ਅੰਤਰ-ਸਰਹੱਦ-ਸਮੁੰਦਰੀ ਜਹਾਜ਼-ਤੋਂ-ਰੇਲ ਟਰਾਂਜ਼ਿਟ ਅਤੇ ਸੜਕੀ ਨੈੱਟਵਰਕ ਮਿਲੇਗਾ, ਜਿਸ ਨਾਲ ਭਾਰਤ ਅਤੇ ਉਪਰੋਕਤ ਮੱਧ-ਪੂਰਬੀ ਦੇਸ਼ਾਂ ਅਤੇ ਸਮੁੱਚੇ ਯੂਰਪ ਦਰਮਿਆਨ ਮਾਲ ਅਤੇ ਸੇਵਾਵਾਂ ਦੇ ਆਯਾਤ-ਨਿਰਯਾਤ ਨੂੰ ਉਤਸ਼ਾਹ ਮਿਲੇਗਾ।

ਪ੍ਰਸਤਾਵਿਤ ਦੋ ਮਹਾਂਦੀਪਾਂ ਦਰਮਿਆਨ ਰੇਲ-ਸ਼ਿਪਿੰਗ-ਸੜਕੀ ਨੈੱਟਵਰਕ ਦੇ ਸ਼ੁਰੂ ਹੋਣ ਨਾਲ ਜੁੜਨ ਵਾਲੀਆਂ ਬੰਦਰਗਾਹਾਂ ਰਾਹੀਂ ਅੰਤਰਰਾਸ਼ਟਰੀ ਵਪਾਰ ਦੇ ਨਵੇਂ ਯੁੱਗ ਦਾ ਆਰੰਭ ਹੋਣ 'ਤੇ ਇਸ ਕੋਰੀਡੋਰ ਤੋਂ ਹਿੱਸੇਦਾਰ ਦੇਸ਼ਾਂ, ਖ਼ਾਸ ਕਰਕੇ ਭਾਰਤ ਨੂੰ ਕਈ ਫਾਇਦੇ ਹੋਣ ਦੀ ਉਮੀਦ ਹੈ, ਜਿਵੇਂ ਕਿ ਖੇਤਰੀ ਸਪਲਾਈ ਚੇਨਾਂ ਨੂੰ ਸੁਰੱਖਿਅਤ ਕਰਨਾ, ਵਪਾਰ ਦੀ ਪਹੁੰਚ ਨੂੰ ਵਧਾਉਣਾ, ਵਪਾਰ ਦੀ ਸਹੂਲਤ 'ਚ ਸੁਧਾਰ ਕਰਨਾ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ, ਵਰਤਮਾਨ ਦੇ ਮੁਕਾਬਲੇ ਤੇਜ਼ ਅਤੇ ਵਧੇਰੇ ਕਿਫਾਇਤੀ ਆਵਾਜਾਈ ਦਾ ਬਦਲ ਪ੍ਰਦਾਨ ਕਰਨਾ, ਗ੍ਰੀਨਹਾਊਸ ਗੈਸਾਂ ਦਾ ਨਿਕਾਸ ਘੱਟ ਕਰਨਾ- ਨਤੀਜੇ ਵਜੋਂ ਏਸ਼ੀਆ, ਯੂਰਪ ਅਤੇ ਮੱਧ ਪੂਰਬ ਦਾ ਪਰਿਵਰਤਨਸ਼ੀਲ ਏਕੀਕਰਨ ਕਰਨਾ, ਇਸ ਗ੍ਰੀਨ ਕੋਰੀਡੋਰ ਖੇਤਰ ਵਿਚ ਹਰੀ ਤਬਦੀਲੀ ਦੇ ਉਦੇਸ਼ਾਂ ਨੂੰ ਵਧਾ ਕੇ ਬੁਨਿਆਦੀ ਢਾਂਚੇ ਦੇ ਨਿਰਮਾਣ 'ਚ ਕੰਪਨੀਆਂ ਨੂੰ ਬਰਾਬਰ ਦਾ ਹਿੱਸਾ ਲੈਣ ਦੀ ਇਜਾਜ਼ਤ ਦੇਣੀ, ਸਮਾਜਿਕ, ਵਾਤਾਵਰਨ ਅਤੇ ਸਰਕਾਰੀ ਪ੍ਰਭਾਵਾਂ 'ਤੇ ਜ਼ੋਰ ਦੇਣ ਦਾ ਸਮਰਥਨ ਕਰਨਾ, ਭਾਰਤ ਅਤੇ ਯੂਰਪ ਦਰਮਿਆਨ ਵਪਾਰ ਨੂੰ 40 ਫ਼ੀਸਦੀ ਤੱਕ ਵਧਾਉਣ ਦੀ ਸਮਰੱਥਾ ਪੈਦਾ ਕਰਨਾ ਅਤੇ ਇਜ਼ਰਾਈਲ ਅਤੇ ਮੱਧ-ਪੂਰਬੀ ਖਾੜੀ ਦੇਸ਼ਾਂ ਦਰਮਿਆਨ ਤਣਾਅਪੂਰਨ ਸੰਬੰਧਾਂ ਨੂੰ ਆਮ ਵਰਗੇ ਬਣਾਉਣ 'ਚ ਮਦਦ ਕਰਨਾ ਆਦਿ। ਇਸ ਕੋਰੀਡੋਰ ਪ੍ਰਾਜੈਕਟ ਦੇ ਪੂਰਾ ਹੋਣ ਨਾਲ ਆਉਣ ਵਾਲੇ ਸਮੇਂ ਵਿਚ ਭਾਰਤ ਦੇ ਅੰਤਰਰਾਸ਼ਟਰੀ ਵਪਾਰ ਦੇ ਹੋਰ ਵਧਣ ਦੀ ਸੰਭਾਵਨਾ ਹੈ, ਕਿਉਂ ਕਿ ਸਾਲ 2021-22 ਦੌਰਾਨ ਭਾਰਤ ਦਾ ਇਸ ਖੇਤਰ ਦੇ ਦੇਸ਼ਾਂ ਨਾਲ ਵਪਾਰ 3,75,132 ਮਿਲੀਅਨ ਅਮਰੀਕੀ ਡਾਲਰ ਸੀ, ਜੋ ਕਿ ਦੇਸ਼ ਦੇ ਕੁਲ ਵਪਾਰ ਮੁੱਲ 10,35,056 ਮਿਲੀਅਨ ਅਮਰੀਕੀ ਡਾਲਰ ਦਾ 36.2 ਫ਼ੀਸਦੀ ਬਣਦਾ ਹੈ। ਇਸ ਪਹਿਲਕਦਮੀ ਦੇ ਸਮਰਥਨ 'ਚ, ਹਿੱਸੇਦਾਰ ਦੇਸ਼ਾਂ ਨੇ ਇਨ੍ਹਾਂ ਦੋ ਨਵੇਂ ਟਰਾਂਜ਼ਿਟ ਰੂਟਾਂ ਦੇ ਸਾਰੇ ਤੱਤਾਂ ਨੂੰ ਪ੍ਰਬੰਧਿਤ ਅਤੇ ਲਾਗੂ ਕਰਨ ਲਈ ਸਮੂਹਿਕ ਤੌਰ 'ਤੇ ਤੇਜ਼ੀ ਨਾਲ ਕੰਮ ਕਰਨ ਵਾਸਤੇ ਅਤੇ ਰੈਗੂਲੇਟਰੀ ਮਿਆਰ, ਤਕਨੀਕੀ, ਡਿਜ਼ਾਈਨ, ਵਿੱਤੀ, ਕਾਨੂੰਨੀ ਅਤੇ ਹੋਰ ਮਸਲਿਆਂ ਨੂੰ ਹੱਲ ਕਰਨ ਲਈ ਤਾਲਮੇਲ ਵਾਲੀਆਂ ਸੰਸਥਾਵਾਂ ਦੀ ਸਥਾਪਨਾ ਕਰਨ ਦਾ ਫ਼ੈਸਲਾ ਵੀ ਕੀਤਾ ਹੈ। ਇਹ ਪ੍ਰਾਜੈਕਟ ਸ਼ੁਰੂਆਤੀ ਸਲਾਹ-ਮਸ਼ਵਰੇ ਦਾ ਨਤੀਜਾ ਹੈ, ਜੋ ਕਿ ਹਿੱਸੇਦਾਰ ਦੇਸ਼ਾਂ ਦੀਆਂ ਰਾਜਨੀਤਿਕ ਵਚਨ-ਬੱਧਤਾਵਾਂ ਨੂੰ ਤਾਂ ਨਿਰਧਾਰਿਤ ਕਰੇਗਾ ਪ੍ਰੰਤੂ ਪ੍ਰਚੱਲਿਤ ਅੰਤਰਰਾਸ਼ਟਰੀ ਕਾਨੂੰਨ ਦੇ ਅਧੀਨ ਅਧਿਕਾਰ ਜਾਂ ਜ਼ਿੰਮੇਵਾਰੀਆਂ ਤਹਿ ਨਹੀਂ ਕਰ ਸਕੇਗਾ। ਸੰਬੰਧਿਤ ਸਮਾਂ-ਸਾਰਣੀ ਦੇ ਨਾਲ ਇਕ ਕਾਰਜ ਯੋਜਨਾ ਨੂੰ ਵਿਕਸਿਤ ਅਤੇ ਪ੍ਰਤੀਬੱਧ ਕਰਨ ਲਈ ਹਿੱਸੇਦਾਰ ਦੇਸ਼ ਅਗਲੇ ਕੁਝ ਮਹੀਨਿਆਂ ਵਿਚ ਦੁਬਾਰਾ ਮਿਲਣ ਦਾ ਇਰਾਦਾ ਰੱਖਦੇ ਸਨ, ਪਰ ਹੁਣ ਜੰਗ ਕਾਰਨ ਇਸ ਸੰਬੰਧੀ ਕੁਝ ਨਹੀਂ ਕਿਹਾ ਜਾ ਸਕਦਾ।

**ਚੀਨ ਦੇ ਪ੍ਰਾਜੈਕਟ ਨਾਲ ਤੁਲਨਾ**

ਉਦੇਸ਼ਾਂ ਦੇ ਲਿਹਾਜ਼ ਨਾਲ ਦੋਵੇਂ ਮੈਗਾ ਟਰਾਂਸਨੈਸ਼ਨਲ ਪ੍ਰਾਜੈਕਟ ਲਗਭਗ ਇਕੋ ਜਿਹੇ ਪ੍ਰਤੀਤ ਹੁੰਦੇ ਹਨ। ਪ੍ਰਾਜੈਕਟ ਦਸਤਾਵੇਜ਼ 'ਤੇ 2013 ਵਿੱਚ ਚੀਨ ਸਮੇਤ 150 ਤੋਂ ਵੱਧ ਦੇਸ਼ਾਂ ਅਤੇ 30 ਤੋਂ ਵੱਧ ਅੰਤਰਰਾਸ਼ਟਰੀ ਸੰਸਥਾਵਾਂ ਦੇ ਸਹਿਯੋਗ ਨਾਲ ਹਸਤਾਖਰ ਕੀਤੇ ਗਏ ਸਨ, ਲਗਭਗ 1 ਟ੍ਰਿਲੀਅਨ ਅਮਰੀਕੀ ਡਾਲਰ ਇਕੱਠੇ ਕਰ ਕੇ 3000 ਤੋਂ ਵੀ ਵੱਧ ਪ੍ਰਾਜੈਕਟ ਬਣਾਏ ਗਏ ਹਨ। **(ਬਾਕੀ ਸਫ਼ਾ 31 'ਤੇ)**

# ਪੰਜਾਬੀਆਂ ਦਾ ਪ੍ਰਵਾਸ ਦੁਖਾਂਤ ਹੈ ਜਾਂ ਚੜ੍ਹਦੀਕਲਾ

**ਬ੍ਰਹਮਜਗਦੀਸ਼ ਸਿੰਘ**



ਮਨੁੱਖ ਜਗਤ ਦੀ ਸਭ ਤੋਂ ਸੂਝਵਾਨ ਅਤੇ ਸੰਵੇਦਨਸ਼ੀਲ ਜਾਤੀ ਹੈ। ਰੁੱਖਾਂ-ਬੂਟਿਆਂ ਵਾਂਗ ਉਸ ਨੂੰ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਹੀ ਸਕੂਨ ਅਤੇ ਸ਼ਨਾਖ਼ਤ ਹਾਸਿਲ ਹੁੰਦੀ ਹੈ। ਪਿਛਲੀਆਂ ਇੱਕ-ਦੋ ਸਦੀਆਂ ਵਿੱਚ ਜਦੋਂ ਤੋਂ ਪੰਜਾਬੀਆਂ ਨੇ ਪ੍ਰਵਾਸ ਹੰਢਾਉਣਾ ਸ਼ੁਰੂ ਕੀਤਾ ਹੈ ਤਾਂ ਸਾਡੇ ਲੋਕਾਂ ਨੂੰ ਸਭ ਤੋਂ ਵੱਡਾ ਹੇਰਵਾ ਅਤੇ ਸੰਤਾਪ ਆਪਣੀਆਂ ਜੜ੍ਹਾਂ ਤੋਂ ਟੁੱਟ ਜਾਣ ਦਾ ਹੋਇਆ ਹੈ।

ਜੜ੍ਹਾਂ ਤੋਂ ਭਾਵ ਮਨੁੱਖ ਦਾ ਆਪਣੇ ਪਰਿਵਾਰ, ਪਿੰਡ, ਦੇਸ਼ ਅਤੇ ਸੱਭਿਆਚਾਰ ਤੋਂ ਵੱਖ ਹੋ ਜਾਣਾ। ਜਿਵੇਂ ਕੋਈ ਰੁੱਖ-ਬੂਟਾ ਆਪਣੀਆਂ ਜੜ੍ਹਾਂ ਤੋਂ ਟੁੱਟ ਕੇ ਬਹੁਤੀ ਦੇਰ ਤਕ ਤਰੋ-ਤਾਜ਼ਾ ਨਹੀਂ ਰਹਿ ਸਕਦਾ ਕੁਮਲਾ ਜਾਂਦਾ ਹੈ ਅਤੇ ਬਹੁਤੀ ਵਾਰ ਪੂਰੀ ਤਰ੍ਹਾਂ ਸੜ-ਸੁੱਕ ਹੀ ਜਾਂਦਾ ਹੈ। ਇਸੇ ਪ੍ਰਕਾਰ ਮਨੁੱਖ ਵੀ ਆਪਣੇ ਭੂਗੋਲਿਕ ਅਤੇ ਸੱਭਿਆਚਾਰਕ ਪਰਿਵੇਸ਼ ਤੋਂ ਜੁਦਾ ਹੋ ਕੇ ਪੂਰੀ ਤਰ੍ਹਾਂ ਪ੍ਰਸੰਨ ਅਤੇ ਪ੍ਰਫੁੱਲਿਤ ਨਹੀਂ ਰਹਿ ਪਾਉਂਦਾ। ਸਾਡੇ ਬਹੁਤ ਸਾਰੇ ਕਵੀਆਂ ਅਤੇ ਕਲਾਕਾਰਾਂ ਨੇ ਪ੍ਰਵਾਸੀ ਬਣ ਕੇ ਆਪਣੀਆਂ ਜੜ੍ਹਾਂ ਤੋਂ ਟੁੱਟ ਜਾਣ ਦੇ ਹੇਰਵੇ ਨੂੰ ਬੜੀ ਸ਼ਿੱਦਤ ਨਾਲ ਰੂਪਮਾਨ ਕੀਤਾ ਹੈ।ਪਰ ਜਦੋਂ ਅਸੀਂ ਆਪਣੇ ਆਸ-ਪਾਸ ਦੇ ਵਿਕਸਿਤ ਅਤੇ ਰੂਪਾਂਤਰਿਤ ਹੋ ਰਹੇ ਜਗਤ ਉੱਪਰ ਝਾਤੀ ਮਾਰਦੇ ਹਾਂ ਤਾਂ ਕੁਦਰਤ ਵਿੱਚ ਜੜ੍ਹਾਂ ਨਾਲ ਜੁੜੇ ਰਹਿਣ ਦਾ ਸੰਦਰਭ ਕਾਫੀ ਬਦਲਿਆ ਹੋਇਆ ਨਜ਼ਰ ਆਉਂਦਾ ਹੈ। ਹੁਣ ਅਸੀਂ (ਕਈ) ਫ਼ਸਲਾਂ ਧਰਤੀ ਵਿੱਚ ਬੀਜ ਕੇ ਪੈਦਾ ਨਹੀਂ ਕਰਦੇ ਬਲਕਿ ਉਨ੍ਹਾਂ ਦੀ ਪਨੀਰੀ ਲਗਾਉਂਦੇ ਹਾਂ। ਝੋਨੇ ਦੀ ਪਨੀਰੀ ਦੇ ਨਾਲ-ਨਾਲ ਬਹੁਤ ਸਾਰੀਆਂ ਸਬਜ਼ੀਆਂ (ਮਿਰਚਾਂ, ਕੱਦੂ, ਵੈਂਗਣ, ਪਿਆਜ਼, ਲਸਣ ਆਦਿਕ) ਦੀ ਵੀ ਪਨੀਰੀ ਲਗਾਈ ਜਾਂਦੀ ਹੈ। ਇਸ ਵਿਧੀ ਨਾਲ ਬੀਜੀਆਂ ਫਸਲਾਂ ਨੂੰ ਜਨਮ-ਭੋਇੰ ਨਾਲੋਂ ਵਿਯੋਗ ਦੇ ਓਪਰੀ ਧਰਤੀ ਵਿੱਚ ਆਰੋਪਿਤ ਕੀਤਾ ਜਾਂਦਾ ਹੈ ਅਤੇ ਨਤੀਜੇ ਬਹੁਤ ਚੰਗੇ ਨਿਕਲਦੇ ਹਨ। ਓਪਰੀਆਂ ਧਰਤੀਆਂ ਵਿੱਚ ਫਲਣ-ਫੁੱਲਣ ਵਾਸਤੇ ਪੌਦਿਆਂ ਨੂੰ ਆਪਣੇ-ਆਪ ਵਿੱਚ ਨਵੀਆਂ ਸੰਭਾਵਨਾਵਾਂ ਪੈਦਾ ਕਰਨੀਆਂ ਪੈਂਦੀਆਂ ਹਨ, ਉਲਟ ਸਥਿਤੀਆਂ ਨਾਲ ਜੂਝਣਾ ਪੈਂਦਾ ਹੈ। ਸਿੱਟੇ ਵਜੋਂ ਅਜਿਹੀਆਂ ਫਸਲਾਂ ਦਾ ਝਾੜ ਜਾਂ ਮਿਕਦਾਰ ਵਧੇਰੇ ਹਾਸਿਲ ਹੁੰਦੀ ਹੈ।

ਇਹੀ ਹਾਲ ਮਨੁੱਖਾਂ ਦਾ ਹੈ। ਅੱਜ ਤੋਂ ਸੈਂਕੜੇ ਵਰ੍ਹੇ ਪਹਿਲਾਂ ਜਦੋਂ ਲੋਕਾਂ ਦੀਆਂ ਕਈ-ਕਈ ਪੀੜ੍ਹੀਆਂ ਇਕੋ ਪਿੰਡ ਜਾਂ ਕਸਬੇ ਵਿੱਚ ਬਿਤਾ ਕੇ, ਮਰ-ਮੁੱਕ ਜਾਂਦੀਆਂ ਸਨ ਤਾਂ ਪ੍ਰਗਤੀ ਦੀ ਰਫ਼ਤਾਰ ਬਹੁਤ ਧੀਮੀ ਸੀ। ਏਨੀ ਧੀਮੀ ਕਿ ਪ੍ਰਗਤੀ ਨਜ਼ਰ ਹੀ ਨਹੀਂ ਸੀ ਆਉਂਦੀ ਪਰ ਜਦੋਂ ਤੋਂ ਆਧੁਨਿਕ ਯੁੱਗ ਵਿੱਚ ਪਿੰਡਾਂ ਦੇ ਲੋਕ ਸ਼ਹਿਰਾਂ, ਮਹਾਨਗਰਾਂ ਜਾਂ ਵਿਦੇਸ਼ਾਂ ਵਿੱਚ ਜਾ ਕੇ ਵਸਣ ਲੱਗੇ ਤਾਂ ਉਨ੍ਹਾਂ ਨੇ ਹੈਰਾਨੀਜਨਕ ਤਰੱਕੀ ਕੀਤੀ। ਕੋਈ ਵੱਡਾ ਵਪਾਰੀ ਬਣ ਗਿਆ, ਕੋਈ ਕਾਰਖਾਨੇਦਾਰ, ਕੋਈ ਉੱਚਾ ਅਫ਼ਸਰ ਅਤੇ ਕੋਈ ਮੰਤਰੀ-ਮੁੱਖ ਮੰਤਰੀ। ਜੇ ਇਹ ਲੋਕ ਪਿੰਡਾਂ ਵਿੱਚ ਹੀ ਬੈਠੇ ਰਹਿੰਦੇ ਤਾਂ ਪਿਤਾਪੁਰਖੀ ਧੰਦੇ ਵਿੱਚ ਪੈ ਕੇ ਉਨ੍ਹਾਂ ਨੇ ਔਸਤ ਦਰਜੇ ਦੇ ਇਨਸਾਨ ਹੀ ਬਣੇ ਰਹਿਣਾ ਸੀ। ਵਿਦੇਸ਼ਾਂ ਵਿੱਚ ਜਾ ਕੇ ਤਾਂ ਸਾਡੇ ਲੋਕ ਸੰਸਦ ਮੈਂਬਰ ਅਤੇ ਪ੍ਰਧਾਨ ਮੰਤਰੀ ਦੇ ਰੁਤਬੇ ਤੱਕ ਜਾ ਪਹੁੰਚੇ ਹਨ। ਜੇ ਉਹ ਇਥੇ ਹੀ ਬੈਠੇ ਰਹਿੰਦੇ ਤਾਂ ਉਨ੍ਹਾਂ ਏਨੀ ਪ੍ਰਗਤੀ ਦਾ ਸੁਪਨਾ ਵੀ ਨਹੀਂ ਲੈ ਸਕਣਾ ਸੀ।

ਬਾਹਰ ਜਾ ਕੇ ਵਿਅਕਤੀ ਆਪਣੇ ਸੁਰੱਖਿਅਤ ਜ਼ੋਨ (ਸੇਫ਼ਟੀ ਜ਼ੋਨ) ਵਿਚੋਂ ਬਾਹਰ ਆ ਜਾਂਦਾ ਹੈ। ਫਿਰ ਉਸ ਨੂੰ ਆਪਣੇ ਅੰਦਰੋਂ ਨਵੀਆਂ ਸੰਭਾਵਨਾਵਾਂ ਪੈਦਾ ਕਰਨੀਆਂ ਪੈਂਦੀਆਂ ਹਨ, ਉਲਟ ਸਥਿਤੀਆਂ ਨਾਲ ਜੂਝਣਾ ਪੈਂਦਾ ਹੈ। ਉਸ ਦਾ ਰੂਪਾਂਤਰਨ ਹੋ ਜਾਂਦਾ ਹੈ। ਅਜਿਹਾ ਰੂਪਾਂਤਰਨ ਹੀ ਕਿਸੇ ਵਿਅਕਤੀ ਦੀ ਪ੍ਰਗਤੀ ਅਤੇ ਉਭਾਰ ਦਾ ਜ਼ਾਮਨ ਬਣਦਾ ਹੈ। ਮਹਾਂਪੁਰਖ ਅਤੇ ਸਤਿਗੁਰੂ ਇਸੇ ਪ੍ਰਕਾਰ ਨਵੀਆਂ ਕੌਮਾਂ ਦੀ ਸਿਰਜਣਾ ਕਰਦੇ ਹਨ। ਉਹ ਆਪਣੇ ਸਮਾਜ ਅਤੇ ਸੱਭਿਆਚਾਰ ਦੀ ਜੜ੍ਹਤਾ ਨੂੰ ਤੋੜਦੇ ਹਨ।

ਨਖ਼ਾਲਸ ਕੌਮਾਂ ਵਿਚੋਂ 'ਖ਼ਾਲਸ' ਸੰਪਰਦਾਵਾਂ ਪੈਦਾ ਕਰਦੇ ਹਨ। ਜਿਵੇਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਗੁਰੂ ਸਾਹਿਬਾਨ ਨੇ ਕੀਤਾ।

ਪੰਜਾਬੀ ਬੋਲੀ ਵਿੱਚ ਬਹੁਤ ਸਾਰੇ ਪ੍ਰਸੰਗ ਅਤੇ ਹਵਾਲੇ ਇਸ ਪ੍ਰਕਾਰ ਦੇ ਵੀ ਮਿਲਦੇ ਹਨ, ਜਿਥੇ ਜੜ੍ਹਤਾ ਨੂੰ ਖੜੋਤ ਕਿਹਾ ਗਿਆ ਹੈ। ਜੜ੍ਹਾਂ ਨਾਲ ਜੁੜੇ ਰਹਿਣਾ ਵੀ ਜੜ੍ਹਤਾ ਹੀ ਹੈ। ਇਸ ਜੜ੍ਹਤਾ ਨੂੰ ਮਿਹਨਤ-ਮੁਸ਼ੱਕਤ ਨਾਲ ਤੋੜਨਾ ਪੈਂਦਾ ਹੈ, ਜਿਵੇਂ ਇਕ ਕਥਨ ਹੈ, 'ਕਰਤ-ਕਰਤ ਅਭਿਆਸ ਕੋ, ਜੜ੍ਹ ਮਤ ਹੋਤ ਸੁਜਾਨ' ਅਤੇ ਜਿਵੇਂ ਅਸੀਂ ਕਿਸੇ ਕਾਰਜ ਨੂੰ ਵਾਰ-ਵਾਰ ਕਰਕੇ ਉਸ ਵਿੱਚ ਨਿਪੁੰਨ/ਪਾਰੰਗਤ ਹੋ ਜਾਂਦੇ ਹਾਂ, ਇਸੇ ਤਰ੍ਹਾਂ ਸੂਝਵਾਨ ਲੋਕ, ਅਭਿਆਸ ਦੁਆਰਾ ਆਪਣੇ ਮਿਸ਼ਨ ਵਿੱਚ ਸਫ਼ਲਤਾ ਹਾਸਿਲ ਕਰ ਲੈਂਦੇ ਹਨ। ਉਹ ਆਪਣੀ ਸਫ਼ਲਤਾ ਲਈ ਸਮਾਜਿਕ-ਸੱਭਿਆਚਾਰਕ ਜੜ੍ਹਾਂ ਦਾ ਆਸਰਾ ਨਹੀਂ ਲੈਂਦੇ।

ਆਧੁਨਿਕ ਯੁੱਗ ਮਿਥਾਂ ਦੇ ਸਿਮਰਨ ਦਾ ਨਹੀਂ ਬਲਕਿ ਮਿਥਾਂ ਦੇ ਭੰਜਨ ਦਾ ਯੁੱਗ ਹੈ। ਗੁਰੂ ਨਾਨਕ ਸਾਹਿਬ ਨੇ ਭਾਰਤੀ ਸਮਾਜ ਅਤੇ ਸੱਭਿਆਚਾਰ ਵਿੱਚ ਪ੍ਰਚਲਿਤ ਅਨੇਕ ਮਿਥਾਂ ਨੂੰ ਤੋੜਿਆ। ਉਨ੍ਹਾਂ ਨੇ ਇੱਕ ਮਿਥਭੰਜਕ ਅਤੇ ਕ੍ਰਾਂਤੀਕਾਰੀ ਕੌਮ ਦੀ ਨੀਂਹ ਰੱਖੀ। ਉਨ੍ਹਾਂ ਦੀ ਇਕ ਕੇਂਦਰੀ ਬਾਣੀ 'ਵਾਰ ਆਸਾ ਕੀ' ਵਿੱਚ ਭਾਰਤੀ ਸੱਭਿਆਚਾਰ ਦੀਆਂ ਅਨੇਕ ਮਿਥਾਂ ਦਾ ਭੰਜਨ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 'ਦੁਰਗਾ ਦੀ ਮਿਥ' ਦਾ ਭੰਜਨ ਕਰਕੇ ਇੱਕ ਨਿਰਭੈ ਅਤੇ ਆਤਮ-ਵਿਸ਼ਵਾਸੀ 'ਖ਼ਾਲਸਾ ਪੰਥ' ਦੀ ਸਿਰਜਣਾ ਕੀਤੀ। ਸਾਨੂੰ ਪੰਜਾਬੀਆਂ ਨੂੰ ਅਰਥਹੀਣ ਅਤੇ ਅਪ੍ਰਾਸੰਗਿਕ ਕਪੋਲ ਕਲਪਨਾਵਾਂ ਅਤੇ ਮਿਥਾਂ ਤੋਂ ਪਰੇ ਹਟਣ ਦੀ ਜ਼ਰੂਰਤ ਹੈ। ਮਿਥਾਂ ਦਾ ਅੰਧ-ਅਨੁਕਰਨ ਕਰਦੇ ਰਹਿਣ ਦੀ ਸੂਰਤ ਵਿੱਚ ਅਸੀਂ ਆਪਣੇ ਟੀਚੇ ਤੋਂ ਭਟਕ ਜਾਵਾਂਗੇ ਅਤੇ ਆਪਣੇ ਮਿਸ਼ਨ ਦੀ ਪੂਰਤੀ ਨਹੀਂ ਕਰ ਸਕਾਂਗੇ। ਅਜੋਕੇ ਦੌਰ ਵਿੱਚ ਜੜ੍ਹਾਂ ਵੀ ਇਕ ਪ੍ਰਕਾਰ ਦਾ ਬੰਧਨ ਹਨ। ਇਨ੍ਹਾਂ ਤੋਂ ਬਚੋ, ਮੋਹ ਨਾ ਕਰੋ। ਤੁਸੀਂ ਜਿਥੇ ਵੀ ਜਾਉਗੇ, ਉਥੇ ਹੀ ਜੜ੍ਹਾਂ ਲੱਗ ਜਾਣਗੀਆਂ।

ਅਜੋਕਾ ਜੀਵਨ ਕਿਸੇ ਇਕ ਜਗ੍ਹਾ 'ਤੇ ਰੁਕ ਜਾਂ ਟਿਕ ਜਾਣ ਦਾ ਨਾਂਅ ਨਹੀਂ। ਅਜੇ ਤਾਂ ਅਸੀਂ ਪੁਲਾੜ (ਸਪੇਸ) ਅਤੇ ਹੋਰ ਗ੍ਰਹਿਆਂ ਵਿੱਚ ਘਰ ਬਣਾਉਣੇ ਹਨ। ਬ੍ਰਹਿਮੰਡ ਵਿੱਚ ਆਪਣੇ ਵਰਗੀਆਂ ਹੋਰ ਸ੍ਰਿਸ਼ਟੀਆਂ ਨੂੰ ਲੱਭਣਾ ਹੈ। ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈ।

# ਦੋ-ਪਾਰਟੀ ਸਿਸਟਮ ਵੱਲ ਵਧੀ ਸਿਆਸਤ

ਅਲਪਿਊ ਸਿੰਘ

- ➢ ਬਹੁ-ਪਾਰਟੀ ਸਿਸਟਮ ਅਤੇ ਖਿਚੜੀ ਸਰਕਾਰਾਂ ਦੇ ਦੌਰ ਤੋਂ ਬਾਹਰ ਆਈ ਭਾਰਤ ਦੀ ਰਾਜਨੀਤੀ
- ➢ ਵਿਧਾਨ ਸਭਾ ਚੋਣਾਂ ਦੌਰਾਨ ਮੁੱਖ ਮੁਕਾਬਲਾ ਕਾਂਗਰਸ ਅਤੇ ਭਾਜਪਾ ਵਿਚਾਲੇ ਹੀ ਹੋਇਆ
- ➢ ਛੋਟੀਆਂ ਸਿਆਸੀ ਪਾਰਟੀਆਂ ਨੂੰ ਵੋਟਰਾਂ ਨੇ ਨਹੀਂ ਭਰਿਆ ਹੁੰਗਾਰਾ

ਤਿੰਨ ਉੱਤਰੀ ਭਾਰਤੀ ਰਾਜਾਂ ਦੇ ਨਤੀਜੇ ਦੇਸ਼ ਦੀ ਰਾਜਨੀਤੀ ਵਿੱਚ ਇੱਕ ਨਵੀਂ ਕਿਸਮ ਦੇ ਬਦਲਾਅ ਦੇ ਸੰਕੇਤ ਦੇ ਰਹੇ ਹਨ। ਇਹ ਦੱਸ ਰਹੇ ਹਨ ਕਿ ਬਹੁ-ਪਾਰਟੀ ਸਿਸਟਮ ਅਤੇ ਖਿਚੜੀ ਸਰਕਾਰਾਂ ਦੇ ਦੌਰ ਤੋਂ ਬਾਹਰ ਆਉਣ ਤੋਂ ਬਾਅਦ ਸਿਆਸਤ ਹੁਣ ਸਪੱਸ਼ਟ ਤੌਰ ’ਤੇ ਦੋ-ਪਾਰਟੀ ਸਿਸਟਮ ਵੱਲ ਵਧ ਰਹੀ ਹੈ। ਜਿਸ ਤਰ੍ਹਾਂ ਇਨ੍ਹਾਂ ਰਾਜਾਂ ਵਿੱਚ ਕਾਂਗਰਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ, ਉਸ ਨੇ ਦੋ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇੱਕ ਇਹ ਕਿ ਗਲਤੀਆਂ ਕਿੱਥੇ ਹੋਈਆਂ ਅਤੇ ਦੂਜਾ ਇਹ ਕਿ ਮੋਦੀ ਲਹਿਰ ਵਿੱਚ ਕਾਂਗਰਸ ਦੇ ਸਾਹਮਣੇ ਕਿਹੜੀਆਂ ਚੁਨੌਤੀਆਂ ਹਨ।

ਉੱਤਰੀ ਭਾਰਤ ਦੇ ਤਿੰਨ ਵਿੱਚੋਂ ਦੋ ਰਾਜਾਂ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਚੋਣ ਨਤੀਜਿਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਵੋਟਰਾਂ ਨੇ ਸਿਰਫ਼ ਦੋ ਰਾਸ਼ਟਰੀ ਪਾਰਟੀਆਂ ਨੂੰ ਹੀ ਵੋਟ ਦਿੱਤੀ ਹੈ। ਦੋਵਾਂ ਰਾਜਾਂ ਵਿੱਚ ਸਪਾ, ਬਸਪਾ, ਜੇਡੀਯੂ ਅਤੇ ਆਮ ਆਦਮੀ ਪਾਰਟੀ (ਆਪ) ਦੇ ਖਾਤੇ ਵੀ ਨਹੀਂ ਖੁੱਲ੍ਹੇ।

ਮੱਧ ਪ੍ਰਦੇਸ਼ ’ਚ ‘ਆਪ’ ਨੂੰ 0.54 ਫੀਸਦੀ, ਬਸਪਾ ਨੂੰ 3.40 ਫੀਸਦੀ, ਜੇਡੀਯੂ ਨੂੰ 0.02 ਫੀਸਦੀ ਅਤੇ ਸਪਾ ਨੂੰ 0.46 ਫੀਸਦੀ ਵੋਟਾਂ ਮਿਲੀਆਂ ਹਨ। ਛੱਤੀਸਗੜ੍ਹ ’ਚ ‘ਆਪ’ ਨੂੰ 0.93 ਫੀਸਦੀ, ਬਸਪਾ ਨੂੰ 2.05 ਫੀਸਦੀ ਅਤੇ ਸਪਾ ਨੂੰ 0.04 ਫੀਸਦੀ ਵੋਟਾਂ ਮਿਲੀਆਂ ਹਨ। ਹਾਲਾਂ ਕਿ, ਰਾਜਸਥਾਨ ਵਿੱਚ ਇੰਡੀਅਨ ਨੈਸ਼ਨਲ ਲੋਕ ਦਲ ਨੇ 1 ਸੀਟ ਅਤੇ ਭਾਰਤ ਆਦਿਵਾਸੀ ਪਾਰਟੀ ਨੇ 3 ਸੀਟਾਂ ਜਿੱਤੀਆਂ ਹਨ। ਬਸਪਾ ਨੂੰ ਵੀ 2 ਸੀਟਾਂ ਮਿਲੀਆਂ ਹਨ। ਪਰ ਇੱਥੇ ਵੀ ਮੁੱਖ ਮੁਕਾਬਲਾ ਦੋ ਕੌਮੀ ਪਾਰਟੀਆਂ ਵਿਚਕਾਰ ਸੀ।

ਧਿਆਨ ਰਹੇ ਕਿ ‘ਆਪ’ ਨੇ ਮੱਧ ਪ੍ਰਦੇਸ਼ ’ਚ 70 ਤੋਂ ਵੱਧ ਉਮੀਦਵਾਰ ਖੜ੍ਹੇ ਕੀਤੇ ਸਨ ਅਤੇ ਉਥੇ ਸਪਾ ਨੇ ਵੀ 46 ਸੀਟਾਂ ’ਤੇ ਚੋਣ ਲੜੀ ਸੀ। ਦੱਸਿਆ ਜਾ ਰਿਹਾ ਹੈ ਕਿ ਕਈ ਨਜ਼ਦੀਕੀ ਮੁਕਾਬਲੇ ਵਾਲੀਆਂ ਸੀਟਾਂ ’ਤੇ ਸਪਾ ਨੂੰ ਜਿੱਤ ਜਾਂ ਹਾਰ ਦੇ ਫਰਕ ਤੋਂ ਵੱਧ ਵੋਟਾਂ ਮਿਲੀਆਂ ਹਨ। ਬਸਪਾ, ਸਪਾ ਅਤੇ ‘ਆਪ’ ਵਰਗੀਆਂ ਪਾਰਟੀਆਂ ਦੇ ਚੋਣ ਮੈਦਾਨ ’ਚ ਆਉਣ ਨਾਲ ਵਿਰੋਧੀ ਵੋਟਾਂ ਬਿਖਰ ਗਈਆਂ, ਜਿਸ ਦਾ ਸਿੱਧਾ ਫਾਇਦਾ ਭਾਜਪਾ ਨੂੰ ਹੋਇਆ। ਅਜਿਹੇ ’ਚ ਜੇਕਰ ਕਾਂਗਰਸ ਨੂੰ ਮੱਧ ਪ੍ਰਦੇਸ਼ ’ਚ ਸਪਾ ਅਤੇ ਰਾਜਸਥਾਨ ’ਚ ਭਾਰਤ ਆਦਿਵਾਸੀ ਪਾਰਟੀ ਵਰਗੀਆਂ ਪਾਰਟੀਆਂ ਦਾ ਸਮਰਥਨ ਮਿਲਦਾ ਤਾਂ ਇਸ ਦਾ ਫਾਇਦਾ ਹੋਣਾ ਸੀ। ਇਹੀ ਕਾਰਨ ਹੈ ਕਿ ਚੋਣ ਨਤੀਜਿਆਂ ਤੋਂ ਬਾਅਦ ਸਪਾ ਨੇ ਕਿਹਾ ਕਿ ਕਾਂਗਰਸ ਆਪਣੇ ਹੰਕਾਰ ਨਾਲ ਡੁੱਬ ਗਈ ਹੈ। ਜੇਡੀਯੂ ਇਹ ਵੀ ਕਹਿ ਰਹੀ ਹੈ ਕਿ ਕਾਂਗਰਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਉਹ ਇਕੱਲੇ ਨਹੀਂ ਜਿੱਤ ਸਕਦੀ।

ਚੋਣਾਂ ਦੌਰਾਨ ਕਾਂਗਰਸ ਭਾਜਪਾ ਵੱਲੋਂ ਤਿਆਰ ਕੀਤੀ ਪਿਚ ’ਤੇ ਖੇਡਦੀ ਨਜ਼ਰ ਆਈ। ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਨੇ ਭਾਜਪਾ ਦੀ ਹਿੰਦੂਤਵ ਪਿੱਚ ’ਤੇ ਖੇਡਣ ਦੀ ਕੋਸ਼ਿਸ਼ ਕੀਤੀ। ਕਮਲਨਾਥ ਅਤੇ ਭੁਪੇਸ਼ ਬਘੇਲ ਨੇ ਨਰਮ ਹਿੰਦੂਤਵ ਰਾਹੀਂ ਭਾਜਪਾ ਨੂੰ ਆਪਣੀ ਖੇਡ ਵਿੱਚ ਹਰਾਉਣ ਦੀ ਕੋਸ਼ਿਸ਼ ਕੀਤੀ। ਪਰ ਜਨਤਾ ਨੇ ਉਸ ਨੂੰ ਇਸ ਖੇਡ ਦਾ ਪ੍ਰੌਕਸੀ ਖਿਡਾਰੀ ਮੰਨ ਕੇ ਰੱਦ ਕਰ ਦਿੱਤਾ। ਲੰਬੇ ਸਮੇਂ ਤੱਕ ਕਾਂਗਰਸ ਵਿੱਚ ਰਹੇ ਗੁਲਾਮ ਨਬੀ ਆਜ਼ਾਦ ਨੇ ਨਤੀਜਿਆਂ ਤੋਂ ਬਾਅਦ ਬਿਆਨ ਦਿੱਤਾ ਹੈ ਕਿ ਕਾਂਗਰਸ ਆਪਣੇ ਆਪ ਨੂੰ ਘੱਟ ਗਿਣਤੀਆਂ ਦੀ ਚੈਂਪੀਅਨ ਦੱਸਦੀ ਰਹੀ, ਪਰ ਘੱਟ ਗਿਣਤੀਆਂ ਦੇ ਮੁੱਦੇ ਉਸ ਦੇ ਏਜੰਡੇ ਵਿੱਚੋਂ ਗਾਇਬ ਰਹੇ।




ਰਾਜਸਥਾਨ ਦੀ ਸਮਾਜਿਕ ਸੁਰੱਖਿਆ ਅਤੇ ਪੁਰਾਣੀ ਪੈਨਸ਼ਨ ਦੇ ਨਾਲ-ਨਾਲ ਛੱਤੀਸਗੜ੍ਹ ਦੀ ਗ੍ਰਹਿ ਲਕਸ਼ਮੀ ਅਤੇ 200 ਯੂਨਿਟ ਮੁਫ਼ਤ ਬਿਜਲੀ ਸਕੀਮ ਵੀ ਕੰਮ ਨਹੀਂ ਆਈ। ਪਰ ਭਾਜਪਾ ਦਾ ‘ਲਾਡਲੀ ਬਹਿਨਾ’ ਨਿਕਲ ਗਿਆ। ਜਾਤੀ ਜਨਗਣਨਾ ਨੂੰ ਲੈ ਕੇ ਕਾਂਗਰਸ ਦੀ ਬਾਜ਼ੀ ਨਹੀਂ ਨਿਕਲੀ। ਮੱਧ ਪ੍ਰਦੇਸ਼ ਵਿੱਚ ਰਵਾਇਤੀ ਉੱਚ ਜਾਤੀ ਵੋਟ ਬੈਂਕ ਵੀ ਭਾਜਪਾ ਦੇ ਪੱਖ ਵਿੱਚ ਚਲਾ ਗਿਆ।

ਜੇਕਰ ਅਸੀਂ ਮੱਧ ਪ੍ਰਦੇਸ਼ ਦੀਆਂ ਪਿਛਲੀਆਂ ਚੋਣਾਂ ’ਤੇ ਨਜ਼ਰ ਮਾਰੀਏ ਤਾਂ ਕਾਂਗਰਸ ਦੇ ਵੋਟ ਸ਼ੇਅਰ ’ਚ ਬਹੁਤ ਹੀ ਮਾਮੂਲੀ ਗਿਰਾਵਟ ਦੇਖਣ ਨੂੰ ਮਿਲੀ ਹੈ। ਇਸ ਵਾਰ ਕਾਂਗਰਸ ਨੂੰ 40.40 ਫੀਸਦੀ ਵੋਟਾਂ ਮਿਲੀਆਂ ਹਨ ਜਦਕਿ ਪਿਛਲੀ ਵਾਰ 40.89 ਫੀਸਦੀ ਵੋਟਾਂ ਮਿਲੀਆਂ ਸਨ। ਭਾਵ ਵੋਟ ਪ੍ਰਤੀਸ਼ਤ ਸਿਰਫ਼ 0.49 ਫੀਸਦੀ ਘਟੀ ਹੈ। ਪਰ ਇਸ ਵਾਰ ਭਾਜਪਾ ਨੂੰ 48.55 ਫੀਸਦੀ ਵੋਟਾਂ ਮਿਲੀਆਂ ਹਨ ਜੋ ਪਿਛਲੀ ਵਾਰ ਨਾਲੋਂ 7 ਫੀਸਦੀ ਵੱਧ ਹਨ।

ਪਿਛਲੀ ਵਾਰ ਛੱਤੀਸਗੜ੍ਹ ਵਿੱਚ ਕਾਂਗਰਸ ਦਾ ਵੋਟ ਸ਼ੇਅਰ 43.90 ਫ਼ੀਸਦੀ ਸੀ, ਇਸ ਵਾਰ ਉਸ ਨੂੰ 42.23 ਫ਼ੀਸਦੀ ਵੋਟਾਂ ਮਿਲੀਆਂ ਹਨ। ਪਰ ਇਸ ਵਾਰ ਭਾਜਪਾ ਨੂੰ 46.27 ਫੀਸਦੀ ਵੋਟਾਂ ਮਿਲੀਆਂ। ਕਾਬਿਲੇਗੌਰ ਹੈ ਕਿ ਇਸ ਦਾ ਵੋਟ ਸ਼ੇਅਰ 13 ਫੀਸਦੀ ਤੋਂ ਵੱਧ ਵਧਿਆ ਹੈ।

ਰਾਜਸਥਾਨ ’ਚ ਭਾਜਪਾ ਨੂੰ 41.69 ਫੀਸਦੀ ਵੋਟਾਂ ਮਿਲੀਆਂ, ਜਦਕਿ ਕਾਂਗਰਸ ਨੂੰ 39.53 ਫੀਸਦੀ ਵੋਟਾਂ ਮਿਲੀਆਂ। ਭਾਵੇਂ ਪਿਛਲੀ ਵਾਰ ਕਾਂਗਰਸ ਨੇ ਜਿੱਤ ਹਾਸਲ ਕੀਤੀ ਸੀ ਪਰ ਦੋਵਾਂ ਪਾਰਟੀਆਂ ਦੀ ਵੋਟ ਹਿੱਸੇਦਾਰੀ ਦਾ ਫਰਕ ਸਿਰਫ਼ 0.5 ਫੀਸਦੀ ਸੀ। ਹਾਲਾਂ ਕਿ ਇਸ ਵਾਰ ਭਾਜਪਾ ਦੀ ਵੋਟ ਪ੍ਰਤੀਸ਼ਤਤਾ ਵਿੱਚ 2.92 ਫੀਸਦੀ ਦਾ ਸੁਧਾਰ ਹੋਇਆ ਹੈ, ਜਿਸ ਦਾ ਫਾਇਦਾ ਹੋਇਆ ਹੈ।

ਜ਼ਾਹਿਰ ਹੈ ਕਿ ਉੱਤਰੀ ਭਾਰਤ ਵਿੱਚ ਭਾਰੀ ਹਾਰ ਝੱਲਣ ਵਾਲੀ ਕਾਂਗਰਸ ਨੂੰ ਤੇਲੰਗਾਨਾ ਵਿੱਚ ਅਚਾਨਕ ਹੋਈ ਜਿੱਤ ਦਾ ਬਹੁਤ ਹੀ ਧਿਆਨ ਨਾਲ ਅਧਿਐਨ ਕਰਨਾ ਚਾਹੀਦਾ ਹੈ। ਉੱਤਰੀ ਭਾਰਤ ਵਿੱਚ ਕਾਂਗਰਸ ਨੇ ਥੱਕੇ ਚਿਹਰੇ ਨਾਲ ਚੋਣਾਂ ਲੜੀਆਂ। ਇਹੀ ਲੋਕ ਮੁਹਿੰਮ ਦੀ ਅਗਵਾਈ ਕਰਦੇ ਵੀ ਨਜ਼ਰ ਆਏ। ਇਸ ਦੇ ਉਲਟ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਭਾਜਪਾ ਦਾ ਸਸਪੈਂਸ ਕੰਮ ਕਰ ਗਿਆ।

ਇਹ ਸੱਚ ਹੈ ਕਿ 2018 ਵਿੱਚ ਭਾਜਪਾ ਇਨ੍ਹਾਂ ਚਾਰ ਰਾਜਾਂ ਵਿੱਚ ਚੋਣਾਂ ਹਾਰ ਗਈ ਸੀ। ਪਰ ਕੁਝ ਮਹੀਨਿਆਂ ਬਾਅਦ ਹੀ ਲੋਕ ਸਭਾ ਚੋਣਾਂ ਹੋਈਆਂ ਅਤੇ ਭਾਜਪਾ ਨੇ ਇਨ੍ਹਾਂ ਸਾਰੇ ਰਾਜਾਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਭਾਵ ਵਿਧਾਨ ਸਭਾ ਚੋਣਾਂ ਦਾ ਲੋਕ ਸਭਾ ਚੋਣਾਂ ਦੇ ਨਤੀਜਿਆਂ ’ਤੇ ਕੋਈ ਅਸਰ ਨਹੀਂ ਪਿਆ। ਪਰ ਇਸ ਵਾਰ ਭਾਜਪਾ ਉੱਤਰ ਭਾਰਤੀ ਰਾਜਾਂ ਦੀ ਇਸ ਜਿੱਤ ਦਾ ਪੂਰਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇ ਰਹੀ ਹੈ। ਇਸ ਜਿੱਤ ਨੂੰ ਮੋਦੀ ਦੀ ਜਿੱਤ ਦੱਸਿਆ ਜਾ ਰਿਹਾ ਹੈ। ਖੁਦ ਪੀਐਮ ਮੋਦੀ ਨੇ ਇਸ ਜਿੱਤ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਹੈਟ੍ਰਿਕ ਦੀ ਗਾਰੰਟੀ ਕਰਾਰ ਦਿੱਤਾ ਹੈ। ਇਹ ਦਾਅਵੇ ਆਪਣੀ ਜਗ੍ਹਾ ਹਨ, ਪਰ ਇਹ ਤੈਅ ਹੈ ਕਿ ਜੇਕਰ ਇਹ ਮੋਦੀ ਲਹਿਰ ਜਾਰੀ ਰਹੀ ਤਾਂ ਘੱਟੋ-ਘੱਟ ਉੱਤਰੀ ਭਾਰਤ ਵਿੱਚ ਵਿਰੋਧ ਦਾ ਰਾਹ ਮੁਸ਼ਕਿਲਾਂ ਨਾਲ ਭਰਿਆ ਹੋਵੇਗਾ। ਇਨ੍ਹਾਂ ਨਤੀਜਿਆਂ ਤੋਂ ਬਾਅਦ ਬੀਜੇਪੀ ਪਲੱਸ ਨੇ 16 ਰਾਜਾਂ ਵਿੱਚ ਸਰਕਾਰਾਂ ਬਣਾਈਆਂ ਹਨ ਜਦਕਿ ਕਾਂਗਰਸ ਪਲੱਸ ਸਿਰਫ਼ 5 ਤੱਕ ਹੀ ਸੀਮਤ ਰਹਿ ਗਈ ਹੈ।

# ਐਗਜ਼ਿਟ ਪੋਲ ਦੀ ਭਰੋਸੇਯੋਗਤਾ ’ਤੇ ਅਕਸਰ ਉੱਠਦੇ ਹਨ ਸਵਾਲ

ਯੋਗੇਸ਼ ਕੁਮਾਰ ਗੋਇਲ

## ਹਮੇਸ਼ਾ ਸਹੀ ਸਾਬਤ ਨਹੀਂ ਹੁੰਦੇ ਐਗਜ਼ਿਟ ਪੋਲ ਅੰਦਾਜ਼ੇ

ਸਾਰੀਆਂ ਸਰਵੇਖਣ ਏਜੰਸੀਆਂ ਨੇ ਪੰਜ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਸਬੰਧੀ ਆਪਣੇ ਐਗਜ਼ਿਟ ਪੋਲ ਪ੍ਰਸਾਰਿਤ ਕੀਤੇ ਸਨ। ਮਿਜ਼ੋਰਮ ਵਿੱਚ 7 ਨਵੰਬਰ, ਛੱਤੀਸਗੜ੍ਹ ਵਿੱਚ 7 ਅਤੇ 17 ਨਵੰਬਰ, ਮੱਧ ਪ੍ਰਦੇਸ਼ ਵਿੱਚ 17 ਨਵੰਬਰ, ਰਾਜਸਥਾਨ ਵਿੱਚ 25 ਨਵੰਬਰ ਅਤੇ ਤੇਲੰਗਾਨਾ ਵਿੱਚ 30 ਨਵੰਬਰ ਨੂੰ ਵੋਟਾਂ ਪਈਆਂ ਸਨ। ਜ਼ਿਆਦਾਤਰ ਐਗਜ਼ਿਟ ਪੋਲਾਂ ਨੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਸੱਤਾ ਲਈ ਨਜ਼ਦੀਕੀ ਮੁਕਾਬਲੇ ਦੀ ਭਵਿੱਖਬਾਣੀ ਕੀਤੀ ਸੀ, ਪਰ ਕੁਝ ਐਗਜ਼ਿਟ ਪੋਲ ਅਜਿਹੇ ਸਨ ਜਿਨ੍ਹਾਂ ਵਿੱਚ ਕੁਝ ਨੇ ਕਾਂਗਰਸ ਅਤੇ ਕੁਝ ਭਾਜਪਾ ਦੀ ਇੱਕਤਰਫ਼ਾ ਜਿੱਤ ਦੀ ਭਵਿੱਖਬਾਣੀ ਕੀਤੀ ਸੀ। ਰਾਜਸਥਾਨ ’ਚ ‘ਆਜ ਤੱਕ-ਐਕਸਿਸ ਮਾਈ ਇੰਡੀਆ’ ਦੇ ਐਗਜ਼ਿਟ ਪੋਲ ’ਚ ਕਾਂਗਰਸ ਨੂੰ 86-106 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਸੀ, ਜਦਕਿ ਭਾਜਪਾ ਨੂੰ 80-100 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਸੀ, ਜਦਕਿ ਜਨ ਕੀ ਬਾਤ ਦੇ ਐਗਜ਼ਿਟ ਪੋਲ ਮੁਤਾਬਕ ਕਾਂਗਰਸ ਨੂੰ 86-106 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਸੀ। ਸਿਰਫ਼ 62-85 ਸੀਟਾਂ ਜਿੱਤੀਆਂ ਅਤੇ ਭਾਜਪਾ 100। ਅੰਦਾਜ਼ਾ ਲਗਾਇਆ ਗਿਆ ਸੀ ਕਿ 122 ਸੀਟਾਂ ਮਿਲਣਗੀਆਂ। ਇੰਡੀਆ ਟੀਵੀ-ਸੀਐਨਐਕਸ ਦੇ ਐਗਜ਼ਿਟ ਪੋਲ ਮੁਤਾਬਕ ਕਾਂਗਰਸ ਨੂੰ 94-104 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਸੀ, ਜਦਕਿ ਭਾਜਪਾ ਨੂੰ ਸਿਰਫ਼ 80-90 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਸੀ, ਜਦਕਿ ਦੈਨਿਕ ਭਾਸਕਰ ਦੇ



ਐਗਜ਼ਿਟ ਪੋਲ ਮੁਤਾਬਕ ਭਾਜਪਾ ਨੂੰ 95-115 ਅਤੇ ਕਾਂਗਰਸ ਨੂੰ 105 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਸੀ। -105. ਨੂੰ 120 ਸੀਟਾਂ ਮਿਲਣ ਦੀ ਸੰਭਾਵਨਾ ਪ੍ਰਗਟਾਈ ਗਈ ਸੀ।

ਜਨ ਕੀ ਬਾਤ ਦੇ ਐਗਜ਼ਿਟ ਪੋਲ ’ਚ ਭਾਜਪਾ ਨੂੰ 100-123 ਅਤੇ ਕਾਂਗਰਸ ਨੂੰ 102-125 ਸੀਟਾਂ ਮਿਲਣ ਦੀ ਉਮੀਦ ਸੀ। ਟੀਵੀ-9 ਪੋਲਸਟ੍ਰੇਟ ਦੇ ਐਗਜ਼ਿਟ ਪੋਲ ਨੇ ਕਿਹਾ ਸੀ ਕਿ ਭਾਜਪਾ ਨੂੰ 106 ਅਤੇ ਕਾਂਗਰਸ ਨੂੰ 111-121 ਸੀਟਾਂ ਮਿਲ ਸਕਦੀਆਂ ਹਨ। ਛੱਤੀਸਗੜ੍ਹ ’ਚ ਲਗਭਗ ਸਾਰੇ ਐਗਜ਼ਿਟ ਪੋਲ ਨੇ ਕਿਹਾ ਸੀ ਕਿ ਕਾਂਗਰਸ ਨੂੰ ਪੂਰਨ ਬਹੁਮਤ ਮਿਲੇਗਾ। ਨਿਊਜ਼ 24-ਰਾਜਸਥਾਨ ਵਿੱਚ ਅੱਜ ਦੇ ਚਾਣਕਿਆ ਨੇ ਭਾਜਪਾ ਨੂੰ 77-101 ਸੀਟਾਂ, ਕਾਂਗਰਸ ਨੂੰ 89-113 ਅਤੇ ਹੋਰਨਾਂ ਨੂੰ 2-16 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਸੀ। ਇਸੇ ਤਰ੍ਹਾਂ, ਭਾਜਪਾ, ਕਾਂਗਰਸ ਅਤੇ ਹੋਰਾਂ ਨੂੰ ਇੰਡੀਆ ਟੂਡੇ-ਐਕਸਿਸ ਮਾਈ ਇੰਡੀਆ ਦੁਆਰਾ ਕ੍ਰਮਵਾਰ 80-100, 86-106 ਅਤੇ 9-18, ਟੀਵੀ9-ਪੋਲਸਟਾਰ ਦੁਆਰਾ 100-110, 90-100 ਅਤੇ 5-15, ਦੈਨਿਕ ਦੁਆਰਾ 95-115 ਦਿੱਤੇ ਗਏ। ਭਾਸਕਰ ਨੇ 105-120 ਅਤੇ 0-15 ਸੀਟਾਂ ਮਿਲਣ ਦੀ ਸੰਭਾਵਨਾ ਜਤਾਈ ਸੀ। ਜਦੋਂ ਕਿ ਏਬੀਪੀ-ਸੀ ਵੋਟਰਾਂ ਨੇ ਭਵਿੱਖਬਾਣੀ ਕੀਤੀ ਸੀ ਕਿ ਭਾਜਪਾ, ਕਾਂਗਰਸ ਅਤੇ ਹੋਰਾਂ ਨੂੰ ਕ੍ਰਮਵਾਰ 94-114, 71-91 ਸੀਟਾਂ ਮਿਲਣਗੀਆਂ। ਜੇਕਰ ਚੋਣ ਨਤੀਜਿਆਂ ’ਤੇ ਨਜ਼ਰ ਮਾਰੀਏ ਤਾਂ ਰਾਜਸਥਾਨ ’ਚ ਭਾਜਪਾ ਨੂੰ 115, ਕਾਂਗਰਸ ਨੂੰ 69 ਅਤੇ ਹੋਰਨਾਂ ਨੂੰ 15 ਸੀਟਾਂ ਮਿਲੀਆਂ ਹਨ, ਜਦਕਿ ਮੱਧ ਪ੍ਰਦੇਸ਼ ’ਚ ਭਾਜਪਾ ਨੂੰ 164, ਕਾਂਗਰਸ ਨੂੰ 65 ਅਤੇ ਹੋਰਨਾਂ ਨੂੰ 1 ਸੀਟ ਮਿਲੀ ਹੈ, ਜਦਕਿ ਛੱਤੀਸਗੜ੍ਹ ’ਚ ਵੀ ਭਾਜਪਾ ਨੂੰ 15 ਸੀਟਾਂ ਮਿਲੀਆਂ ਹਨ। ਸਾਰੇ ਐਗਜ਼ਿਟ ਪੋਲ ਦੇ ਅੰਦਾਜ਼ੇ ਮੁਤਾਬਕ ਪਾਰੇ 54 ਸੀਟਾਂ ਹਾਸਲ ਕਰਕੇ ਪੂਰਨ ਬਹੁਮਤ ਹਾਸਲ ਕਰਨ ’ਚ ਸਫਲ ਰਹੇ ਹਨ। ਵੱਖ-ਵੱਖ ਐਗਜ਼ਿਟ ਪੋਲ ਦੇ ਅਨੁਸਾਰ, ਮਿਜ਼ੋਰਮ ਵਿੱਚ ਐਮਐਨਐਫ ਨੂੰ 14 ਤੋਂ 18 ਸੀਟਾਂ, ਕਾਂਗਰਸ ਨੂੰ 8 ਤੋਂ 10, ਜੇਪੀਐਮ ਨੂੰ 12 ਤੋਂ 16 ਸੀਟਾਂ ਮਿਲਣ ਦੀ ਉਮੀਦ ਸੀ ਅਤੇ ਇੱਕ ਤ੍ਰਿਸ਼ੂਲ ਵਿਧਾਨ ਸਭਾ ਦੀ ਭਵਿੱਖਬਾਣੀ ਕੀਤੀ ਗਈ ਸੀ। ਹਾਲਾਂ ਕਿ, ਚੋਣ ਨਤੀਜਿਆਂ ਵਿੱਚ ਜੇਪੀਐਮ ਨੂੰ ਪੂਰਨ ਬਹੁਮਤ ਨਾਲ 27 ਸੀਟਾਂ ਮਿਲੀਆਂ, ਜਦੋਂ ਕਿ ਐਮਐਨਐਫ ਨੂੰ 10, ਬੀਜੇਪੀ ਨੂੰ 2 ਅਤੇ ਕਾਂਗਰਸ ਨੂੰ ਸਿਰਫ਼ 1 ਸੀਟ ਮਿਲੀ, ਯਾਨੀ ਮਿਜ਼ੋਰਮ ਵਿੱਚ ਸਾਰੇ ਐਗਜ਼ਿਟ ਪੋਲ ਵੀ ਫਲਾਪ ਹੋ ਗਏ।

ਦੇਖਣ ਵਾਲੀ ਗੱਲ ਇਹ ਹੈ ਕਿ ਕਈ ਐਗਜ਼ਿਟ ਪੋਲ ਦੇ ਅੰਕੜਿਆਂ ’ਚ ਵੱਡਾ ਫਰਕ ਸੀ ਅਤੇ ਇਸ ਦੇ ਨਾਲ ਹੀ ਉਨ੍ਹਾਂ ’ਚ ਪਲੱਸ-ਮਾਇਨਸ ਦੀ ਵੱਡੀ ਖੇਡ ਹਮੇਸ਼ਾ ਸ਼ਾਮਲ ਹੁੰਦੀ ਹੈ। ਇਹੀ ਕਾਰਨ ਹੈ ਕਿ ਐਗਜ਼ਿਟ ਪੋਲਾਂ ਵਿੱਚ ਕੀਤੇ ਗਏ ਦਾਅਵਿਆਂ ’ਤੇ ਹੁਣ ਅੱਖਾਂ ਬੰਦ ਕਰਕੇ ਭਰੋਸਾ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਸਿਰਫ਼ ਚੋਣ ਨਤੀਜਿਆਂ ਦੀਆਂ ਭਵਿੱਖਬਾਣੀਆਂ ਹਨ ਅਤੇ ਹੁਣ ਤੱਕ ਕਈ ਵਾਰ ਅਜਿਹਾ ਹੋਇਆ ਹੈ ਜਦੋਂ ਵੱਖ-ਵੱਖ ਐਗਜ਼ਿਟ ਪੋਲਾਂ ਵਿੱਚ ਕੀਤੀਆਂ ਗਈਆਂ ਭਵਿੱਖਬਾਣੀਆਂ ਨੇ ਚੋਣ ਨਤੀਜਿਆਂ ਦੇ ਬਿਲਕੁਲ ਉਲਟ ਕੀਤਾ ਹੈ। . ਹਾਲਾਂ ਕਿ ਚੋਣ ਸਰਵੇਖਣ ਕਰਵਾਉਣ ਦਾ ਇਤਿਹਾਸ ਬਹੁਤ ਪੁਰਾਣਾ ਹੈ ਅਤੇ ਅਜਿਹੇ ਸਰਵੇਖਣ ਦੁਨੀਆ ਦੇ ਕਈ ਦੇਸ਼ਾਂ ਵਿੱਚ ਕਰਵਾਏ ਜਾਂਦੇ ਹਨ। ਚੋਣ ਪ੍ਰਕਿਰਿਆ ਦੇ ਦੌਰਾਨ, ਅੰਤਿਮ ਵੋਟ ਪਾਉਣ ਤੱਕ ਐਗਜ਼ਿਟ ਪੋਲ ਕਿਸੇ ਵੀ ਰੂਪ ਵਿੱਚ ਪ੍ਰਕਾਸ਼ਿਤ ਜਾਂ ਪ੍ਰਸਾਰਿਤ ਨਹੀਂ ਕੀਤੇ ਜਾ ਸਕਦੇ ਹਨ। ਇਸ ਲਈ ਵੋਟਿੰਗ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਹੀ ਐਗਜ਼ਿਟ ਪੋਲ ਦਿਖਾਏ ਜਾਂਦੇ ਹਨ। ਪੋਲਿੰਗ ਖਤਮ ਹੋਣ ਤੋਂ ਘੱਟੋ-ਘੱਟ ਅੱਧੇ ਘੰਟੇ ਬਾਅਦ ਐਗਜ਼ਿਟ ਪੋਲ ਦਾ ਪ੍ਰਸਾਰਣ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੂੰ ਉਦੋਂ ਹੀ ਪ੍ਰਸਾਰਿਤ ਕੀਤਾ ਜਾ ਸਕਦਾ ਹੈ ਜਦੋਂ ਚੋਣਾਂ ਵਿੱਚ ਆਖਰੀ ਗੇੜ ਦੀ ਵੋਟਿੰਗ ਖਤਮ ਹੋ ਜਾਂਦੀ ਹੈ। ਇਸ ਨਿਯਮ ਨੂੰ ਤੋੜਨ ’ਤੇ ਦੋ ਸਾਲ ਦੀ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਭਾਵੇਂ ਇੱਕ ਚੋਣ ਕਈ ਪੜਾਵਾਂ ਵਿੱਚ ਕਰਵਾਈ ਜਾਂਦੀ ਹੈ, ਐਗਜ਼ਿਟ ਪੋਲ ਵੋਟਿੰਗ ਦੇ ਆਖਰੀ ਪੜਾਅ ਤੋਂ ਬਾਅਦ ਹੀ ਪ੍ਰਸਾਰਿਤ ਕੀਤਾ ਜਾ ਸਕਦਾ ਹੈ, ਪਰ ਇਸ ਤੋਂ ਪਹਿਲਾਂ, ਹਰੇਕ ਪੜਾਅ ਲਈ ਵੋਟਿੰਗ ਵਾਲੇ ਦਿਨ ਡਾਟਾ ਇਕੱਠਾ ਕੀਤਾ ਜਾਂਦਾ ਹੈ।

ਐਗਜ਼ਿਟ ਪੋਲ ਤੋਂ ਪਹਿਲਾਂ ਚੋਣ ਸਰਵੇਖਣ ਕਰਵਾਏ ਜਾਂਦੇ ਹਨ ਅਤੇ ਸਰਵੇਖਣ ਵਿੱਚ ਕਈ ਪੋਲਿੰਗ ਹਲਕਿਆਂ ਵਿੱਚ ਵੋਟ ਪਾਉਣ ਆਏ ਵੋਟਰਾਂ ਨਾਲ ਗੱਲਬਾਤ ਕਰਕੇ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਦੀ ਜਿੱਤ ਜਾਂ ਹਾਰ ਦਾ ਮੁਲਾਂਕਣ ਕੀਤਾ ਜਾਂਦਾ ਹੈ।

ਜ਼ਿਆਦਾਤਰ ਮੀਡੀਆ ਸੰਸਥਾਵਾਂ ਕੁਝ ਪੇਸ਼ੇਵਰ ਏਜੰਸੀਆਂ ਦੇ ਸਹਿਯੋਗ ਨਾਲ ਐਗਜ਼ਿਟ ਪੋਲ ਕਰਵਾਉਂਦੀਆਂ ਹਨ। ਇਹ ਏਜੰਸੀਆਂ ਵੋਟ ਪਾਉਣ ਤੋਂ ਤੁਰੰਤ ਬਾਅਦ ਵੋਟਰਾਂ ਤੋਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਦੀਆਂ ਹਨ ਕਿ ਉਨ੍ਹਾਂ ਨੇ ਆਪਣੀ ਵੋਟ ਕਿਸ ਲਈ ਪਾਈ ਹੈ।



# ਅਮਰੀਕੀ ਧਰਤੀ 'ਤੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ !



ਰਣਜੀਤ ਸਿੰਘ ਕੁੱਕੀ ਗਿੱਲ

ਇੱਕ ਰਿਪੋਰਟ ਦੇ ਅਨੁਸਾਰ, ਬਿਡੇਨ ਪ੍ਰਸ਼ਾਸਨ ਨੇ ਅਮਰੀਕੀ ਧਰਤੀ ਉੱਤੇ ਇੱਕ ਸਿੱਖ ਵੱਖਵਾਦੀ ਨੇਤਾ ਨੂੰ ਮਾਰਨ ਦੀ ਸਾਜ਼ਿਸ਼ ਵਿੱਚ ਉਸਦੀ ਸੰਭਾਵਤ ਸ਼ਮੂਲੀਅਤ ਨੂੰ ਲੈ ਕੇ ਭਾਰਤ ਸਰਕਾਰ ਨੂੰ ਚਿਤਾਵਨੀ ਜਾਰੀ ਕੀਤੀ ਹੈ।

ਫਾਈਨੈਂਸ਼ੀਅਲ ਟਾਈਮਜ਼ ਨੇ ਬੁੱਧਵਾਰ, 27 ਨਵੰਬਰ ਨੂੰ ਕੇਸ ਨਾਲ ਜਾਣੂੰ ਕਈ ਲੋਕਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ ਕਿ ਨਿਊਯਾਰਕ-ਅਧਾਰਤ ਵਕੀਲ ਗੁਰਪਤਵੰਤ ਸਿੰਘ ਪੰਨੂ ਨੂੰ ਨਿਸ਼ਾਨਾ ਬਣਾਉਣ ਵਾਲੀ ਕਥਿਤ ਸਾਜ਼ਿਸ਼ ਨੂੰ ਅਮਰੀਕੀ ਅਧਿਕਾਰੀਆਂ ਦੇ ਦਖਲ ਤੋਂ ਬਾਅਦ ਨਾਕਾਮ ਕਰ ਦਿੱਤਾ ਗਿਆ। ਇਹ ਰਿਪੋਰਟ ਸਿਰਫ਼ ਦੋ ਮਹੀਨੇ ਬਾਅਦ ਆਈ ਹੈ ਜਦੋਂ ਕੈਨੇਡਾ ਨੇ ਨਵੀਂ ਦਿੱਲੀ 'ਤੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਸਿੱਖ ਵੱਖਵਾਦੀ ਅੰਦੋਲਨ ਨਾਲ ਜੁੜੇ ਇੱਕ ਕੈਨੇਡੀਅਨ ਨਾਗਰਿਕ ਦੀ ਹੱਤਿਆ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਪਿਛਲੇ ਬੁੱਧਵਾਰ ਨੂੰ ਕਿਹਾ ਕਿ ਭਾਰਤ-ਅਮਰੀਕਾ ਸੁਰੱਖਿਆ ਸਹਿਯੋਗ 'ਤੇ ਹਾਲ ਹੀ ਦੀ ਚਰਚਾ ਦੇ ਦੌਰਾਨ, ਯੂ. ਐਸ. ਪੱਖ ਨੇ ਸੰਗਠਿਤ ਅਪਰਾਧੀਆਂ, ਬੰਦੂਕ ਚਲਾਉਣ ਵਾਲਿਆਂ,

ਅੱਤਵਾਦੀਆਂ ਅਤੇ ਹੋਰਾਂ ਵਿਚਕਾਰ ਗਠਜੋੜ ਨਾਲ ਸਬੰਧਤ ਕੁਝ ਜਾਣਕਾਰੀਆਂ ਸਾਂਝੀਆਂ ਕੀਤੀਆਂ। ਸ੍ਰੀ ਬਾਗਚੀ ਨੇ ਕਿਹਾ ਕਿ ਭਾਰਤ ਅਜਿਹੇ ਇਨਪੁਟਸ ਨੂੰ ਗੰਭੀਰਤਾ ਨਾਲ ਲੈਂਦਾ ਹੈ ਕਿਉਂਕਿ ਇਹ ਸਾਡੇ ਆਪਣੇ ਰਾਸ਼ਟਰੀ ਸੁਰੱਖਿਆ ਹਿੱਤਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਫਾਈਨੈਂਸ਼ੀਅਲ ਟਾਈਮਜ਼ ਦੀ ਨਵੀਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਹ ਅਸਪਸ਼ਟ ਹੈ ਕਿ ਕੀ ਵਾਸ਼ਿੰਗਟਨ ਦੇ ਦਖਲ ਤੋਂ ਬਾਅਦ ਸ੍ਰੀ ਪੰਨੂ ਦੀ ਜ਼ਿੰਦਗੀ ਵਿਰੁੱਧ ਕਥਿਤ ਸਾਜ਼ਿਸ਼ ਛੱਡ ਦਿੱਤੀ ਗਈ ਸੀ ਜਾਂ ਨਹੀਂ।

ਵ੍ਹਾਈਟ ਹਾਊਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਭਾਰਤੀ ਅਧਿਕਾਰੀਆਂ ਨੇ ਇਸ ਘਟਨਾ ਬਾਰੇ ਜਾਣਕਾਰੀ ਦਿੱਤੇ ਜਾਣ 'ਤੇ ਹੈਰਾਨੀ ਅਤੇ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਅਮਰੀਕੀ ਅਧਿਕਾਰੀ ਇਸ ਮੁੱਦੇ ਨੂੰ ਬਹੁਤ ਗੰਭੀਰਤਾ ਨਾਲ ਵਰਤ ਰਹੇ ਹਨ। ਬੁਲਾਰੇ ਐਡਰਿਏਨ ਵਾਟਸਨ ਨੇ ਕਿਹਾ ਕਿ ਵਾਸ਼ਿੰਗਟਨ ਨੇ ਭਾਰਤ ਸਰਕਾਰ ਕੋਲ ਇਹ ਮੁੱਦਾ ਉਠਾਇਆ ਹੈ, ਜਿਸ ਵਿੱਚ ਸਭ ਤੋਂ ਸੀਨੀਅਰ ਪੱਧਰ ਵੀ ਸ਼ਾਮਲ ਹਨ। ਉਹਨਾਂ ਨੇ ਕਿਹਾ ਕਿ ਇਸ ਪ੍ਰਕਾਰ ਦੀ ਗਤੀਵਿਧੀ ਉਹਨਾਂ ਦੀ ਨੀਤੀ ਨਹੀਂ ਸੀ ... ਅਸੀਂ ਸਮਝਦੇ ਹਾਂ ਕਿ ਭਾਰਤ ਸਰਕਾਰ ਇਸ ਮੁੱਦੇ ਦੀ ਹੋਰ ਜਾਂਚ ਕਰ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਬਾਰੇ ਹੋਰ ਕਹਿਣਾ ਹੋਵੇਗਾ। ਉਸਨੇ ਕਿਹਾ ਕਿ ਅਸੀਂ ਆਪਣੀ ਉਮੀਦ ਪ੍ਰਗਟ ਕੀਤੀ ਹੈ ਕਿ ਇਸ ਲਈ ਜ਼ਿੰਮੇਵਾਰ ਕਿਸੇ ਵੀ ਵਿਅਕਤੀ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਵਾਸ਼ਿੰਗਟਨ ਨੇ ਕਥਿਤ ਤੌਰ 'ਤੇ ਮਿਸਟਰ ਟਰੂਡੋ ਦੇ ਸਤੰਬਰ ਦੇ ਬਿਆਨ ਤੋਂ ਬਾਅਦ ਸ਼੍ਰੀ ਪੰਨੂ ਦੇ ਖਿਲਾਫ ਕੋਸ਼ਿਸ਼ਾਂ ਦੇ ਵਿਆਪਕ ਸਹਿਯੋਗੀ ਸਮੂਹ ਨੂੰ ਸੂਚਿਤ ਕੀਤਾ।

ਉਹਨਾਂ ਕਿਹਾ ਕਿ ਸ੍ਰੀ ਪੰਨੂ ਸਿੱਖਸ ਫਾਰ ਜਸਟਿਸ ਦੇ ਜਨਰਲ ਵਕੀਲ ਹਨ, ਇੱਕ ਕਾਰਕੁੰਨ ਸਮੂਹ ਜੋ ਕਿ ਭਾਰਤ ਦੇ ਪੰਜਾਬ ਤੋਂ ਵੱਖ ਕੀਤੇ ਜਾਣ ਵਾਲੇ ਖ਼ਾਲਿਸਤਾਨ ਵਜੋਂ ਜਾਣੇ ਜਾਂਦੇ ਵੱਖਰੇ ਸਿੱਖ ਰਾਜ ਦੀ ਲਹਿਰ ਨਾਲ ਜੁੜਿਆ ਹੋਇਆ ਹੈ।



ਉਹਨਾਂ ਕਿਹਾ ਕਿ ਉਹ ਭਾਰਤ ਸਰਕਾਰ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਸੋਸ਼ਲ ਮੀਡੀਆ ਪੋਸਟਾਂ ਦੀ ਇੱਕ ਲੜੀ ਲਈ ਜਾਂਚ ਦੇ ਘੇਰੇ ਵਿੱਚ ਆਇਆ ਹੈ। ਸ੍ਰੀ ਪੰਨੂ ਨੇ ਐਫ. ਟੀ. ਨੂੰ ਕਿਹਾ ਕਿ ਉਹ ਵਾਸ਼ਿੰਗਟਨ ਨੂੰ ਭਾਰਤੀ ਕਾਰਕੁੰਨਾਂ ਤੋਂ ਅਮਰੀਕੀ ਧਰਤੀ 'ਤੇ ਮੇਰੀ ਜਾਨ ਨੂੰ ਖਤਰੇ ਦੇ ਮੁੱਦੇ ਦਾ ਜਵਾਬ ਦੇਣਗੇ। ਅਮਰੀਕੀ ਧਰਤੀ 'ਤੇ ਇੱਕ ਅਮਰੀਕੀ ਨਾਗਰਿਕ ਲਈ ਖ਼ਤਰਾ ਅਮਰੀਕਾ ਦੀ ਪ੍ਰਭੂਸੱਤਾ ਲਈ ਇੱਕ ਚੁਣੌਤੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਕਿ ਬਿਡੇਨ ਪ੍ਰਸ਼ਾਸਨ ਅਜਿਹੀ ਕਿਸੇ ਵੀ ਚੁਣੌਤੀ ਨਾਲ ਨਜਿੱਠਣ ਦੇ ਸਮਰੱਥ ਹੈ। ਰਿਪੋਰਟ ਦੇ ਅਨੁਸਾਰ,

ਵਾਸ਼ਿੰਗਟਨ ਦੁਆਰਾ ਭਾਰਤ ਸਰਕਾਰ ਨੂੰ ਭੇਜੀ ਗਈ ਚਿਤਾਵਨੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੂਨ ਵਿੱਚ ਵਾਸ਼ਿੰਗਟਨ ਦੇ ਰਾਜ ਦੌਰੇ ਤੋਂ ਬਾਅਦ ਆਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸੰਘੀ ਵਕੀਲਾਂ ਨੇ ਸਾਜ਼ਿਸ਼ ਵਿੱਚ ਸ਼ਾਮਲ ਘੱਟੋ-ਘੱਟ ਇੱਕ ਸ਼ੱਕੀ ਵਿਰੁੱਧ ਨਿਊਯਾਰਕ ਦੀ ਜ਼ਿਲ੍ਹਾ ਅਦਾਲਤ ਵਿੱਚ ਵੱਖਰੇ ਤੌਰ 'ਤੇ ਸੀਲਬੰਦ ਦੋਸ਼ ਦਾਇਰ ਕੀਤਾ ਹੈ। ਖੁਫੀਆ ਦਸਤਾਵੇਜ਼ਾਂ ਵਿੱਚ ਰਾਅ ਤੋਂ ਪਾਕਿਸਤਾਨ ਵਿੱਚ ਰਹਿਣ ਵਾਲੇ ਲੋਕਾਂ ਵਿਰੁੱਧ ਧਮਕੀਆਂ ਦੀ ਇੱਕ ਲੜੀ ਦੀ ਪਛਾਣ ਕੀਤੀ ਗਈ ਹੈ, ਜੋ ਪਾਕਿਸਤਾਨੀ ਸੁਰੱਖਿਆ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਤਲੇਆਮ ਅਤੇ ਹੋਰ ਹਮਲਿਆਂ ਨੂੰ ਅੰਜਾਮ ਦੇਣ ਲਈ ਸਥਾਨਕ ਅਪਰਾਧਿਕ ਅਤੇ ਅਸੰਤੁਸ਼ਟ ਨੈੱਟਵਰਕਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ।

ਦਸਤਾਵੇਜ਼ਾਂ ਦੇ ਅਨੁਸਾਰ, ਰਾਅ ਕਸ਼ਮੀਰ ਦੇ ਵਿਵਾਦਿਤ ਖੇਤਰ ਵਿੱਚ ਇੱਕ ਹਥਿਆਰਬੰਦ ਬਗਾਵਤ ਦਾ ਸਮਰਥਨ ਕਰਨ ਲਈ ਕਥਿਤ ਤੌਰ 'ਤੇ ਵਿਅਕਤੀਆਂ ਅਤੇ ਧਾਰਮਿਕ ਸੰਸਥਾਵਾਂ ਦੇ ਨਾਲ-ਨਾਲ ਪਾਕਿਸਤਾਨ ਵਿੱਚ ਰਹਿ ਰਹੇ ਅਤੇ ਭਾਰਤ ਸਰਕਾਰ ਨੂੰ ਲੋੜੀਂਦੇ ਅੱਤਵਾਦੀ ਸਿੱਖ ਕਾਰਕੁੰਨਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਦਸਤਾਵੇਜ਼ ਇਸ ਸਨਸਨੀਖੇਜ਼ ਦਾਅਵੇ ਲਈ ਮਜਬੂਰ ਕਰਨ ਵਾਲੇ ਸਬੂਤ ਪੇਸ਼ ਕਰਦੇ ਹਨ ਕਿ ਭਾਰਤ ਆਪਣੇ ਰਾਜਨੀਤਿਕ ਦੁਸ਼ਮਣਾਂ ਵਿਰੁੱਧ ਇੱਕ ਅੰਤਰਰਾਸ਼ਟਰੀ ਕਤਲੇਆਮ ਦਾ ਪ੍ਰੋਗਰਾਮ ਚਲਾ ਰਿਹਾ ਹੈ। ਕੈਨੇਡੀਅਨ ਸਰਕਾਰ ਨੇ ਪਹਿਲੀ ਵਾਰ ਸਤੰਬਰ ਵਿੱਚ ਇਹ ਦੋਸ਼ ਲਾਇਆ ਸੀ ਕਿ ਭਾਰਤੀ ਖੁਫੀਆ ਏਜੰਟਾਂ ਨੇ ਕੈਨੇਡੀਅਨ ਧਰਤੀ 'ਤੇ ਸਿੱਖ ਕੈਨੇਡੀਅਨ ਕਾਰਕੁੰਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ। ਨਿੱਝਰ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇਸ ਗਰਮੀਆਂ ਵਿੱਚ ਇੱਕ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਬਰਤਾਨੀਆ ਵਿੱਚ ਅਕਤੂਬਰ ਵਿੱਚ, ਕਾਰਕੁੰਨ ਅਵਤਾਰ ਸਿੰਘ ਖੰਡਾ ਦੇ ਪਰਿਵਾਰ ਨੇ ਉਸਦੀ ਅਚਾਨਕ ਮੌਤ ਦੀ ਜਾਂਚ ਦੀ ਮੰਗ

ਕੀਤੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਕਈ ਜਨਤਕ ਧਮਕੀਆਂ ਦੇ ਬਾਅਦ ਭਾਰਤੀ ਖੁਫੀਆ ਏਜੰਟਾਂ ਦੁਆਰਾ ਉਸਨੂੰ ਜ਼ਹਿਰ ਦਿੱਤਾ ਗਿਆ ਸੀ।

ਸਤੰਬਰ ਵਿੱਚ, ਦ ਇੰਟਰਸੈਪਟ ਨੇ ਅਮਰੀਕਾ ਵਿੱਚ ਸਿੱਖ ਕਾਰਕੁੰਨਾਂ ਨੂੰ ਧਮਕੀਆਂ ਬਾਰੇ ਰਿਪੋਰਟ ਕੀਤੀ ਸੀ ਜਦੋਂ ਐਫ.ਬੀ.ਆਈ. ਨੇ ਕਈ ਸਿੱਖ ਅਮਰੀਕੀਆਂ ਨੂੰ ਖੁਫੀਆ ਜਾਣਕਾਰੀ ਬਾਰੇ ਚਿਤਾਵਨੀ ਦਿੱਤੀ ਸੀ ਕਿ ਨਿੱਝਰ ਦੀ ਹੱਤਿਆ ਤੋਂ ਬਾਅਦ ਉਨ੍ਹਾਂ ਦੀਆਂ ਜਾਨਾਂ ਨੂੰ ਖ਼ਤਰਾ ਹੈ। 2022 ਵਿੱਚ, ਰਿਪੁਦਮਨ ਸਿੰਘ ਮਲਿਕ ਨਾਂ ਦੇ ਇੱਕ 75 ਸਾਲਾ ਸਿੱਖ ਕੈਨੇਡੀਅਨ ਵਿਅਕਤੀ, ਜੋ ਕਿ 1985 ਵਿੱਚ ਏਅਰ ਇੰਡੀਆ ਦੀ ਇੱਕ ਉਡਾਣ ਵਿੱਚ ਹੋਏ ਘਾਤਕ ਬੰਬ ਧਮਾਕੇ ਵਿੱਚ ਸ਼ਾਮਲ ਹੋਣ ਤੋਂ ਬਰੀ ਹੋ ਗਿਆ ਸੀ, ਨੂੰ ਕੈਨੇਡਾ ਵਿੱਚ ਉਸ ਦੇ ਪਰਿਵਾਰਕ ਕਾਰੋਬਾਰ ਦੇ ਸਾਹਮਣੇ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਇਸ ਬਾਰੇ ਵੀ ਸਥਿਤੀ ਅਜੇ ਅਸਪਸ਼ਟ ਹੈ। ਅੰਤਰਰਾਸ਼ਟਰੀ ਕਤਲੇਆਮ ਵਿੱਚ ਸ਼ਾਮਲ ਹੋਣ ਦੇ ਇਹਨਾਂ ਦੋਸ਼ਾਂ ਦੇ ਬਾਵਜੂਦ, ਜਿਸ ਨਾਲ ਭਾਰਤ ਦੇ ਵਿਦੇਸ਼ੀ ਸਬੰਧਾਂ ਵਿੱਚ ਝਗੜਾ

ਵਧਿਆ ਹੋਇਆ ਹੈ, ਹੁਣ ਤੱਕ ਬਹੁਤ ਘੱਟ ਖੁਫੀਆ ਜਾਣਕਾਰੀ - ਕੈਨੇਡੀਅਨ, ਪਾਕਿਸਤਾਨੀ, ਅਮਰੀਕਨ, ਜਾਂ ਹੋਰ - ਇਹਨਾਂ ਹੱਤਿਆਵਾਂ ਬਾਰੇ ਜਨਤਕ ਤੌਰ 'ਤੇ ਉਪਲਬਧ ਕਰਵਾਈ ਗਈ ਹੈ। ਪਾਕਿਸਤਾਨੀ ਖੁਫੀਆ ਮੁਲਾਂਕਣ ਦੇ ਅਨੁਸਾਰ, ਇਸ ਗਰਮੀਆਂ ਵਿੱਚ ਰਾਅ ਨੇ ਲਾਹੌਰ ਅਤੇ ਇਸਲਾਮਾਬਾਦ ਦੇ ਸ਼ਹਿਰਾਂ ਵਿੱਚ ਕਤਲੇਆਮ ਲਈ ਪਾਕਿਸਤਾਨ ਵਿੱਚ ਦੋ ਸਿੱਖ ਕਾਰਕੁੰਨਾਂ ਨੂੰ ਵੀ ਨਿਸ਼ਾਨਾ ਬਣਾਇਆ ਸੀ।

ਇਸਲਾਮਾਬਾਦ ਵਿੱਚ ਇੱਕ ਕਥਿਤ ਨਿਸ਼ਾਨਾ ਬੇਨਾਮ ਹੈ, ਜਦਕਿ ਦੂਜਾ ਲਖਬੀਰ ਸਿੰਘ ਰੋਡੇ ਹੈ, ਜੋ ਕਿ 1990 ਦੇ ਦਹਾਕੇ ਤੋਂ ਪਾਕਿਸਤਾਨ ਵਿੱਚ ਰਹਿ ਰਿਹਾ ਇੱਕ ਪ੍ਰਮੁੱਖ ਸਿੱਖ ਵੱਖਵਾਦੀ ਨੇਤਾ ਹੈ, ਜਿਸ ਉੱਤੇ ਭਾਰਤ ਦੀ ਸਰਕਾਰ ਦੁਆਰਾ ਲੰਬੇ ਸਮੇਂ ਤੋਂ ਅੱਤਵਾਦ ਦਾ ਦੋਸ਼ ਲਗਾਇਆ ਗਿਆ ਹੈ। ਰੋਡੇ ਇੱਕ ਅੰਦੋਲਨ ਵਿੱਚ ਸ਼ਾਮਲ ਸੀ ਜਿਸਦਾ ਉਦੇਸ਼ 1980 ਅਤੇ 90 ਦੇ ਦਹਾਕੇ ਵਿੱਚ ਖਾਲਿਸਤਾਨ ਵਜੋਂ ਜਾਣੇ ਜਾਂਦੇ ਪੰਜਾਬ ਦੇ ਖੇਤਰ ਵਿੱਚ ਇੱਕ ਸੁਤੰਤਰ ਰਾਸ਼ਟਰ ਬਣਾਉਣਾ ਸੀ। ਉਸ ਮੁਹਿੰਮ ਨੂੰ ਇੱਕ ਬੇਰਹਿਮ ਵਿਰੋਧੀ ਬਗਾਵਤ ਦੁਆਰਾ ਕੁਚਲ ਦਿੱਤਾ ਗਿਆ

ਸੀ ਜਿਸ ਨੇ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਲਈਆਂ ਸਨ, ਜਦੋਂ ਕਿ ਬਹੁਤ ਸਾਰੇ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਲਈ ਮਜਬੂਰ ਕੀਤਾ ਸੀ। ਰਾਜਨੀਤਿਕ ਅਸੰਤੁਸ਼ਟਾਂ ਅਤੇ ਖਾੜਕੂਆਂ ਦੋਵਾਂ ਦੀਆਂ ਸ਼ੱਕੀ ਹੱਤਿਆਵਾਂ ਵੱਲ ਧਿਆਨ ਦੀ ਘਾਟ ਨੇ ਇਸ ਦੇ ਡਾਇਸਪੋਰਾ ਦੇ ਕੁਝ ਮੈਂਬਰਾਂ ਤੋਂ ਭਾਰਤ 'ਤੇ ਹੋਰ ਦਬਾਅ ਬਣਾਉਣ ਲਈ ਕਿਹਾ ਹੈ।

ਗੁਪਤ ਦਸਤਾਵੇਜ਼, ਜੋ ਕਿ ਪਾਕਿਸਤਾਨ ਦੇ ਇੰਟੈਲੀਜੈਂਸ ਬਿਊਰੋ ਦੁਆਰਾ ਤਿਆਰ ਕੀਤੇ ਗਏ ਸਨ, ਜੋ ਕਿ ਇੱਕ ਨਾਗਰਿਕ-ਨਿਯੰਤਰਿਤ ਸੁਰੱਖਿਆ ਏਜੰਸੀ ਐਫਬੀਆਈ ਦੇ ਸਮਾਨ ਹੈ, ਗੰਭੀਰ ਚਿੰਤਾ ਜ਼ਾਹਰ ਕਰਦੇ ਹਨ ਕਿ ਭਾਰਤੀ ਖੁਫੀਆ ਏਜੰਸੀ ਭਵਿੱਖ ਵਿੱਚ ਇਸਦੀ ਧਰਤੀ 'ਤੇ ਹੋਰ ਹੱਤਿਆਵਾਂ ਨੂੰ ਅੰਜਾਮ ਦੇਵੇਗੀ। ਆਮ ਤੌਰ 'ਤੇ, ਇਨ੍ਹਾਂ ਚੀਜ਼ਾਂ ਦੀ ਸੱਚਾਈ ਦਹਾਕਿਆਂ ਬਾਅਦ ਹੀ ਪੂਰੀ ਤਰ੍ਹਾਂ ਪਤਾ ਲੱਗ ਜਾਂਦੀ ਹੈ, ਪਰ ਭਾਰਤ ਵਿੱਚ ਇਸ ਤਰ੍ਹਾਂ ਦੀਆਂ ਕਾਰਵਾਈਆਂ ਦਾ ਲੰਮਾ ਇਤਿਹਾਸ ਹੈ।





# ਪੰਜਾਬੀਆਂ ਦੀ ਸਿਆਸੀ ਅਤੇ ਆਰਥਿਕ ਹਾੜ੍ਹੀ ਸਾਉਣੀ

## ਕੀ ਪੰਜਾਬ 'ਚ ਸਫ਼ਲ ਰਿਹੈ ਤੀਜਾ ਸਿਆਸੀ ਬਦਲ?




ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ, ਜਿਥੋਂ ਦੇ ਵੱਡੀ ਗਿਣਤੀ ਵਸਨੀਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਇਸ ਨਾਲ ਜੁੜੇ ਸਹਾਇਕ ਧੰਦੇ ਹਨ। ਇਹੀ ਕਾਰਨ ਹੈ ਕਿ ਖੇਤੀਬਾੜੀ ਵਿੱਚ ਵਰਤੀਆਂ ਜਾਂਦੀਆਂ ਤਕਨੀਕਾਂ ਦੀ ਵਰਤੋ ਅਕਸਰ ਪੰਜਾਬੀ ਪੰਜਾਬ ਦੇ ਸਿਆਸਤੀ ਖੇਤਰ ਵਿੱਚ ਵੀ ਕਰ ਦਿੰਦੇ ਹਨ।

ਪੰਜਾਬ ਵਿੱਚ ਇਸ ਸਮੇਂ ਕਣਕ ਦੀ ਬਿਜਾਈ ਕੀਤੀ ਹੋਈ ਹੈ, ਜੋ ਕਿ ਮਾਰਚ ਅਪ੍ਰੈਲ ਦੇ ਮਹੀਨਿਆਂ ਦੌਰਾਨ ਪੂਰੀ ਤਰਾਂ ਪੱਕ ਜਾਵੇਗੀ। ਉਸ ਤੋਂ ਬਾਅਦ ਪੰਜਾਬੀਆਂ ਵੱਲੋਂ ਮੁੜ ਝੋਨੇ ਦੀ ਪਨੀਰੀ ਲਗਾ ਦਿੱਤੀ ਜਾਣੀ ਹੈ। ਅਸਲ ਵਿੱਚ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਵਿੱਚ ਕਿਸਾਨਾਂ ਵੱਲੋਂ ਇੱਕ ਵਾਰ ਝੋਨਾ ਅਤੇ ਇੱਕ ਵਾਰ ਕਣਕ ਦੀ ਫ਼ਸਲ ਬੀਜੀ ਜਾਂਦੀ ਹੈ। ਹੋਰਨਾਂ ਫ਼ਸਲਾਂ ਦੀ ਬਹੁਤ ਘੱਟ ਕਾਸ਼ਤ ਕਿਸਾਨਾਂ ਵੱਲੋਂ ਕੀਤੀ ਜਾਂਦੀ ਹੈ। ਪੰਜਾਬੀ ਇਹ ਫ਼ਾਰਮੂਲਾ ਪੰਜਾਬ ਦੀ ਸਿਆਸਤ ਵਿੱਚ ਲੰਬਾ ਸਮਾਂ ਵਰਤਦੇ ਆਏ ਹਨ। ਕਣਕ ਝੋਨੇ ਦੇ ਫ਼ਸਲੀ ਚੱਕਰ ਵਾਂਗੂ ਹੀ ਪੰਜਾਬ ਵਿੱਚ ਲੰਬਾ ਸਮਾਂ ਇੱਕ ਵਾਰੀ ਕਾਂਗਰਸ ਦੀ ਸਰਕਾਰ ਬਣਦੀ ਰਹੀ ਅਤੇ ਦੂਜੀ ਵਾਰ ਅਕਾਲੀ ਦਲ ਦੀ ਸਰਕਾਰ ਬਣਦੀ ਰਹੀ। ਹੁਣ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਜ਼ਰੂਰ ਪੰਜਾਬੀਆਂ ਨੇ ਕ੍ਰਾਂਤੀਕਾਰੀ ਕਦਮ ਚੁੱਕਦਿਆਂ ਪੰਜਾਬ ਵਿੱਚ ਰਵਾਇਤੀ ਸਿਆਸੀ ਪਾਰਟੀਆਂ ਨੂੰ ਨੁਕਰੇ ਲਗਾ ਕੇ ਆਮ ਆਦਮੀ ਪਾਰਟੀ ਨੂੰ ਭਰਪੂਰ ਹੁੰਗਾਰਾ ਭਰਿਆ ਅਤੇ ਇਸ ਸਮੇਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ ਕਰ ਰਹੀ ਹੈ। ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਤੀਜੇ ਸਿਆਸੀ ਬਦਲ ਵਜੋਂ ਵੇਖਿਆ ਜਾਂਦਾ ਹੈ।



ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਪੰਜਾਬ ਵਿੱਚ ਤੀਜਾ ਰਾਜਸੀ ਬਦਲ ਕਾਮਯਾਬ ਰਿਹਾ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਦੇ ਆਗੂ ਦਿਨ ਰਾਤ ਆਪਣੀ ਸਰਕਾਰ ਦੇ ਸੋਹਲੇ ਗਾ ਰਹੇ ਹਨ, ਦੂਜੇ ਪਾਸੇ ਅਕਾਲੀ ਦਲ ਅਤੇ ਕਾਂਗਰਸ ਦੇ ਆਗੂ 'ਆਪ' ਸਰਕਾਰ ਦੀ ਹਰ ਗੱਲ ਉਪਰ ਨਿਖੇਧੀ ਕਰਦੇ ਆ ਰਹੇ ਹਨ। ਕਈ ਵਿਰੋਧੀ ਆਗੂ ਤਾਂ ਇਹ ਵੀ ਕਹਿੰਦੇ ਹਨ ਕਿ ਆਮ ਆਦਮੀ ਪਾਰਟੀ ਨੂੰ ਰਾਜ ਕਰਨਾ ਨਹੀਂ ਆਉਂਦਾ। ਵਿਰੋਧੀ ਆਗੂ ਤਾਂ ਇਹ ਵੀ ਕਹਿੰਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ ਹੈ। ਇਸ ਦਾ ਜਵਾਬ ਦਿੰਦਿਆਂ ਆਮ ਆਦਮੀ ਪਾਰਟੀ ਦੇ ਆਗੂ ਕਹਿੰਦੇ ਹਨ ਕਿ ਉਹਨਾਂ ਨੇ ਆਮ ਲੋਕਾਂ ਉਪਰ ਕੋਈ ਨਵੇਂ ਟੈਕਸ ਤਾਂ ਨਹੀਂ ਲਗਾਏ। ਆਮ ਆਦਮੀ ਪਾਰਟੀ ਦੇ ਆਗੂ ਇਹ ਵੀ ਕਹਿੰਦੇ ਹਨ ਕਿ ਪੰਜਾਬ ਵਿੱਚ 300ਯੂਨਿਟ ਪ੍ਰਤੀ ਮਹੀਨਾ ਦੀ ਮੁਫ਼ਤ ਸਹੂਲਤ ਦੇ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਵਾਅਦੇ ਪੂਰੇ ਕਰਨੇ ਆਰੰਭ ਦਿੱਤੇ ਹਨ।









ਪੰਜਾਬ ਦੀ ਸਿਆਸਤ ਇਸ ਸਮੇਂ ਠੰਡ ਦੇ ਮੌਸਮ ਵਾਂਗ ਹੀ ਠੰਡੀ ਪਈ ਹੈ। ਏਨਾ ਜ਼ਰੂਰ ਹੈ ਕਿ ਸਰਕਾਰ ਆਪਣੀਆਂ ਪ੍ਰਾਪਤੀਆਂ ਦਸ ਰਹੀ ਹੈ, ਜਦੋਂ ਕਿ ਵਿਰੋਧੀ ਧਿਰ ਸਰਕਾਰ ਦੀ ਆਲੋਚਨਾ ਕਰ ਰਹੀ ਹੈ। ਇਸ ਵਿਚਾਲੇ ਆਮ ਲੋਕਾਂ ਦੇ ਮੁੱਖ ਮਸਲੇ ਗੌਣ ਹੋ ਕੇ ਰਹਿ ਗਏ ਹਨ। ਆਮ ਲੋਕਾਂ ਨੂੰ ਸਮਝ ਨਹੀਂ ਲੱਗਦੀ ਕਿ ਉਹ ਆਪਣੇ ਮਸਲੇ ਅਤੇ ਸਮੱਸਿਆਵਾਂ ਦੇ ਹੱਲ ਲਈ ਕਿਹੜੇ ਪਾਸੇ ਜਾਣ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਉਪਰਾਲੇ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਜਦੋਂਕਿ ਅਸਲੀਅਤ ਇਹ ਹੈ ਕਿ ਕਈ ਖੇਤਰਾਂ ਵਿੱਚ ਅਜੇ ਵੀ ਆਮ ਲੋਕਾਂ ਦੇ ਜ਼ਰੂਰੀ ਕੰਮ ਨਹੀਂ ਹੋ ਰਹੇ ਅਤੇ ਕੁੱਝ ਰਿਸ਼ਵਤਖੋਰ ਮੁਲਾਜ਼ਮ ਕਿਸੇ ਨਾ ਕਿਸੇ ਰੂਪ ਵਿੱਚ ਰਿਸ਼ਵਤ ਮੰਗ ਰਹੇ ਦਸੇ ਜਾਂਦੇ ਹਨ, ਜਿਸ ਦਾ ਸਬੂਤ ਕੁਝ ਦਿਨਾਂ ਬਾਅਦ ਹੀ ਕਿਸੇ ਨਾ ਕਿਸੇ ਸਰਕਾਰੀ ਮੁਲਾਜ਼ਮ ਦੇ ਰਿਸ਼ਵਤ ਲੈਂਦਿਆਂ ਫੜੇ ਜਾਣ ਤੋਂ ਮਿਲ ਜਾਂਦਾ ਹੈ। ਏਨਾ ਜ਼ਰੂਰ ਹੋਇਆ ਹੈ ਕਿ ਸਰਕਾਰੀ ਦਫ਼ਤਰਾਂ ਵਿੱਚ ਹੁਣ ਰਿਸ਼ਵਤ ਘੱਟ ਜ਼ਰੂਰ ਗਈ ਹੈ ਕਿਉਂਕਿ ਸਰਕਾਰੀ ਦਫ਼ਤਰਾਂ ਵਿੱਚ ਹੁਣ ਸਰਕਾਰੀ ਡੰਡੇ ਦਾ ਵੀ ਡਰ ਪਾਇਆ ਜਾ ਰਿਹਾ ਹੈ, ਪਰ ਰਿਸ਼ਵਤ ਤਾਂ ਹੁਣ ਪ੍ਰਾਈਵੇਟ ਅਦਾਰਿਆਂ ਵਿੱਚ ਵੀ ਚੱਲ ਰਹੀ ਦਸੀ ਜਾਂਦੀ ਹੈ।

ਵਿਰੋਧੀ ਆਗੂ ਦੋਸ਼ ਲਗਾ ਰਹੇ ਹਨ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨਵੇਂ ਨਵੇਂ ਤਜਰਬੇ ਕਰ ਰਹੀ ਹੈ। ਵਿਰੋਧੀ ਆਗੂ ਤਾਂ ਇਹ ਵੀ ਕਹਿੰਦੇ ਹਨ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫ਼ਰੰਟ 'ਤੇ ਫੇਲ੍ਹ ਹੋ ਗਈ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਆਗੂ ਕਹਿ ਰਹੇ ਹਨ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਹਰ ਵਰਗ ਸੰਤੁਸ਼ਟ ਹੈ ਅਤੇ ਸਰਕਾਰ ਨੂੰ ਪੰਜਾਬੀਆਂ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ।

ਪੰਜਾਬ ਦੀ ਸਿਆਸਤ ਦਾ ਮਾੜਾ ਰੁਝਾਨ ਇਹ ਹੈ ਕਿ ਸਿਆਸਤ ਵਿੱਚ ਸਿਆਸੀ ਆਗੂਆਂ ਵੱਲੋਂ ਨਿੱਜੀ ਦੂਸ਼ਣ ਬਾਜੀ ਭਾਰੂ ਹੋ ਗਈ ਹੈ। ਅਕਸਰ ਸੱਤਾਧਾਰੀ ਆਗੂ ਅਤੇ ਵਿਰੋਧੀ ਆਗੂ ਇਕ ਦੂਜੇ ਦੀ ਆਲੋਚਨਾ ਕਰਦੇ ਸਮੇਂ ਨਿੱਜੀ ਦੂਸ਼ਣ ਬਾਜੀ 'ਤੇ ਉੱਤਰ ਆਉਂਦੇ ਹਨ।

ਪੰਜਾਬ ਵਿੱਚ ਹਰ ਦਿਨ ਵਾਂਗ ਹੀ ਵੱਖ-ਵੱਖ ਜਥੇਬੰਦੀਆਂ ਵੱਲੋਂ ਲਗਾਏ ਜਾਂਦੇ ਧਰਨਿਆਂ ਅਤੇ ਆਵਾਜਾਈ ਠੱਪ ਕਰਨ ਦੇ ਨਾਲ ਸਿਰਫ਼ ਆਮ ਲੋਕ ਪਰੇਸ਼ਾਨ ਹੋ ਰਹੇ ਹਨ। ਕਈ ਜਥੇਬੰਦੀਆਂ ਦੇ ਵਰਕਰ ਕਦੇ ਰੇਲ ਗੱਡੀਆਂ ਦਾ ਰਸਤਾ ਰੋਕ ਲੈਂਦੇ ਹਨ ਅਤੇ ਕਦੇ ਸੜਕਾਂ 'ਤੇ ਧਰਨੇ ਲਗਾ ਕੇ ਆਵਾਜਾਈ ਠੱਪ ਕਰ ਦਿੰਦੇ ਹਨ। ਅਜਿਹੇ ਧਰਨਿਆਂ ਕਾਰਨ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ ਪਰ ਆਮ ਲੋਕ ਜ਼ਰੂਰ ਖੱਜਲ ਖੁਆਰ ਹੁੰਦੇ ਹਨ। ਇਸ ਕਰਕੇ ਵੱਖ ਵੱਖ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਧਰਨੇ ਲਗਾ ਕੇ ਆਵਾਜਾਈ ਠੱਪ ਕਰਨ ਤੋਂ ਗੁਰੇਜ਼ ਕਰਨ ਤਾਂ ਕਿ ਆਮ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ।

ਇਸ ਸਮੇਂ ਪੰਜਾਬ ਵਿੱਚ ਵਿਚਰ ਰਹੀਆਂ ਸਿਆਸੀ ਪਾਰਟੀਆਂ ਅਗਲੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਰੁੱਝੀਆਂ ਹੋਈਆਂ ਹਨ ਅਤੇ ਅਗਲੀਆਂ ਚੋਣਾਂ ਜਿੱਤਣ ਲਈ ਹੁਣੇ ਤੋਂ ਪੱਬਾਂ ਭਾਰ ਹੋ ਗਈਆਂ ਹਨ। ਚਾਹੀਦਾ ਤਾਂ ਇਹ ਹੈ ਕਿ ਪੰਜਾਬ ਦੇ ਸਿਆਸੀ ਆਗੂ ਬਿਆਨਬਾਜ਼ੀ ਕਰਦਿਆਂ ਮਰਿਆਦਾ ਦਾ ਖ਼ਿਆਲ ਰੱਖਣ।

# ਮੁਫ਼ਤ ਰਿਓੜੀਆਂ ਵੰਡਣ ਦਾ ਮੰਦਭਾਗਾ ਰੁਝਾਨ



**ਦਰਬਾਰਾ ਸਿੰਘ ਕਾਹਲੋਂ**
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)




ਵਿਸ਼ਵ ਵਿੱਚ ਪਿਛਲੀਆਂ 4-5 ਪੀੜ੍ਹੀਆਂ ਤੋਂ ਅਸੀਂ ਲੋਕਤੰਤਰ ਦੇ ਵਿਕਾਸ ਦੀ ਥਾਂ ਇਸ ਦਾ ਲਗਾਤਾਰ ਪਤਨ ਹੁੰਦਾ ਵੇਖ ਰਹੇ ਹਾਂ। ਪਰ ਕੋਈ ਦੇਸ਼, ਰਾਜਨੀਤਕ ਪਾਰਟੀਆਂ ਜਾਂ ਆਗੂ ਸਬਕ ਸਿੱਖਣ ਲਈ ਤਿਆਰ ਨਹੀਂ ਲੱਗਦੇ ਜਿੰਨਾ ਚਿਰ ਸਬੰਧਿਤ ਦੇਸ਼ ਪਾਕਿਸਤਾਨ, ਮੀਆਂਮਾਰ, ਅਫ਼ਰੀਕੀ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਵਾਂਗ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪਤਨ ਦੇ ਦਹਾਨੇ ’ਤੇ ਨਹੀਂ ਪਹੁੰਚਦਾ। ਹਕੀਕਤ ਇਹ ਵੀ ਹੈ ਕਿ ਵਿਸ਼ਵ ਦੇ ਸਭ ਤੋਂ ਤਾਕਤਵਰ ਲੋਕਤੰਤਰ ਦਾ ਦਾਅਵਾ ਕਰਨ ਵਾਲੇ ਅਮਰੀਕਾ ਅੰਦਰ ਲੋਕਤੰਤਰ ਦੀ ਬਹਾਲੀ ਅਤੇ ਬਰਬਾਦੀ ਵਿੱਚ ਸਿਰਫ਼ ਇੰਚ ਭਰ ਦਾ ਫ਼ਰਕ ਉਦੋਂ ਵੇਖਣ ਨੂੰ ਮਿਲਿਆ ਜਦੋਂ ਦੇਸ਼ ਦੇ 45ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਨ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਹਾਰ ਦੇ ਦੋ ਮਹੀਨੇ ਬਾਅਦ 6 ਜਨਵਰੀ 2021 ਨੂੰ ਆਪਣੇ ਹੁੜਦੰਗ ਮਚਾਉਣ ਵਾਲੇ ਹਿੰਸਕ ਅਨੁਯਾਈਆਂ ਨੂੰ ਵਾਸ਼ਿੰਗਟਨ ਡੀਸੀ ਵਿਖੇ ਕੈਪੀਟਲ ਹਿਲ ਬਿਲਡਿੰਗ ’ਤੇ ਹਮਲਾ ਕਰਨ ਲਈ ਸ਼ਰੇਆਮ ਉਕਸਾਇਆ। ਉਹ ਟਰੰਪ ਅੱਜ ਵੀ ਲੋਕਤੰਤਰ ਲਈ ਚੁਣੌਤੀ ਬਣਿਆ ਪਿਆ ਹੈ ਅਤੇ ਅਗਲੀਆਂ ਰਾਸ਼ਟਰਪਤੀ ਚੋਣਾਂ ਲੜਨ ਲਈ ਬਜ਼ਿਦ ਹੈ। ਕਿੰਨਾ ਖੋਖਲਾ ਹੈ ਅਮਰੀਕੀ ਲੋਕਤੰਤਰ।

ਭਾਰਤੀ ਲੋਕਤੰਤਰ, ਜੋ ਵਿਸ਼ਵ ਦਾ ਸਭ ਤੋਂ ਵਿਸ਼ਾਲ ਲੋਕਤੰਤਰ ਹੈ, ਉਸ ਨੂੰ ਬਚਾਉਣ ਲਈ ਲੋਕ-ਲੁਭਾਊ ਚੋਣ ਮਨੋਰਥ ਪੱਤਰਾਂ ਤੋਂ ਸੁਰੱਖਿਆ ਦੀ ਨੀਅਤ ਨਾਲ ਇੱਕ ਵਕੀਲ ਅਸ਼ਵਨੀ ਉਪਾਧਿਆਏ ਨੇ ਸੁਪ੍ਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਖ਼ਲ ਕੀਤੀ, ਜਿਸ ’ਚ ਮੰਗ ਕੀਤੀ ਗਈ ਕਿ ਹਰ ਕਿਸਮ ਦੀਆਂ ਲੋਕਤੰਤਰੀ ਚੋਣਾਂ ਅਰਥਾਤ ਕੇਂਦਰ, ਰਾਜਾਂ ਜਾਂ ਸਥਾਨਕ ਸਰਕਾਰਾਂ ਸਬੰਧੀ ਚੋਣਾਂ ਵੇਲੇ ਵੋਟਰਾਂ ਨੂੰ ਭਰਮਾਉਣ ਲਈ ਸਿਆਸੀ ਪਾਰਟੀਆਂ ਤੇ ਨੇਤਾਵਾਂ ਵੱਲੋਂ ਕੀਤੇ ਜਾਂਦੇ ਲੋਕ-ਲੁਭਾਊ ਐਲਾਨਾਂ, ਵਾਅਦਿਆਂ, ਗਰੰਟੀਆਂ ’ਤੇ ਰੋਕ ਲਗਾਈ ਜਾਵੇ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਰਤੀ ਵੋਟਰ ਇਸ ਗੱਲ ਤੋਂ ਚੇਤੰਨ ਹੈ ਕਿ ਜੋ ਲੋਕ-ਲੁਭਾਊ ਨਾਅਰਿਆਂ, ਵਾਅਦਿਆਂ, ਐਲਾਨਾਂ, ਗਰੰਟੀਆਂ ਰਾਹੀਂ ਪ੍ਰਚਾਰਿਆ ਜਾਂਦਾ ਹੈ ਉਹ ਉਨ੍ਹਾਂ ਦੀਆਂ ਜੇਬਾਂ ’ਚੋਂ ਹੀ ਕੱਢਿਆ ਜਾਂਦਾ ਹੈ। ਫਿਰ ਵੀ ਇਹ ਫਰਾਡ ਪ੍ਰਚਾਰ ਦੇ ਮਾਹਰ ਜਾਦੂਗਰ ਉਨ੍ਹਾਂ ਨੂੰ ਸੰਮੋਹਿਤ ਕਰਨ ਵਿੱਚ ਸਫਲ ਹੋ ਜਾਂਦੇ ਹਨ। ਇਸ ਪਟੀਸ਼ਨ ਦੀ ਸੁਣਵਾਈ ਸੁਪ੍ਰੀਮ ਕੋਰਟ ਵਿੱਚ ਸ਼ੁਰੂ ਹੋ ਗਈ ਹੈ। ਬਾਈ ਨਵੰਬਰ 2023 ਨੂੰ ਪਟੀਸ਼ਨਰ ਵੱਲੋਂ ਇਹ ਮੰਗ ਕੀਤੀ ਗਈ ਕਿ ਰਾਜਨੀਤਕ ਪਾਰਟੀਆਂ ਵੱਲੋਂ ਕੀਤੇ ਜਾਣ ਵਾਲੇ ਮੁਫ਼ਤ ਰਿਓੜੀਆਂ ਸਬੰਧੀ ਐਲਾਨਾਂ, ਗਰੰਟੀਆਂ, ਵਾਅਦਿਆਂ ਨੂੰ ਭਾਰਤੀ ਜਨਪ੍ਰਤੀਨਿਧ ਕਾਨੂੰਨ 1951 ਦੀ ਧਾਰਾ 123 ਤਹਿਤ ਭ੍ਰਿਸ਼ਟ ਆਚਰਣ, ਭ੍ਰਿਸ਼ਟਾਚਾਰ, ਵੋਟਰਾਂ ਨੂੰ ਰਿਸ਼ਵਤ ਦੇਣਾ ਮੰਨਿਆ ਜਾਣਾ ਚਾਹੀਦਾ ਹੈ। ਚੋਣ ਕਮਿਸ਼ਨ ਨੂੰ ਰਾਜਨੀਤਕ ਪਾਰਟੀਆਂ ਦੀ ਇਸ ਆਧਾਰ ’ਤੇ ਮਾਨਤਾ ਰੱਦ ਕਰਨ ਦਾ ਅਧਿਕਾਰ ਸੰਵਿਧਾਨਕ ਅਤੇ ਕਾਨੂੰਨੀ ਤੌਰ ’ਤੇ ਧਾਰਾ 100 (1) ਬੀ ਤਹਿਤ ਸੌਂਪਿਆ ਜਾਣਾ ਚਾਹੀਦਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਅਜੋਕੇ ਚੋਣ ਕਮਿਸ਼ਨ ਨੂੰ ਕੇਂਦਰ ਸਰਕਾਰਾਂ ਦੇ ਪਿੰਜਰੇ ਤੋਂ ਆਜ਼ਾਦ ਕਰਾਉਣਾ ਵੀ ਅਤਿ ਜ਼ਰੂਰੀ ਹੈ। ਕੇਂਦਰ ਸਰਕਾਰ ਸਬੰਧਿਤ ਸੰਸਥਾਵਾਂ ਜਿਵੇਂ ਕਿ ਸੁਪ੍ਰੀਮ ਕੋਰਟ, ਹਾਈ ਕੋਰਟ ਆਦਿ ਦੀ ਆਜ਼ਾਦਾਨਾ-ਮੁਨਸਫਨਾ ਬਣਤਰ ਦੇ ਨਿਯਮਾਂ ਨੂੰ ਤੋੜਨ-ਮਰੋੜਨ ਦੇ ਯਤਨਾਂ ਵਿਚ ਹੈ ਤਾਂ ਕਿ ਇਸ ਨੂੰ ਵੀ ਸੀ.ਬੀ.ਆਈ., ਈ.ਡੀ. ਜਾਂ ਐੱਨ.ਆਈ.ਏ. ਆਦਿ ਵਾਂਗ ਪਿੰਜਰੇ ਦਾ ਤੋਤਾ ਬਣਾਇਆ ਜਾ ਸਕੇ।

ਪਰ ਕਦੇ ‘ਆਪ’ ਦੇ ਵੱਡੇ ਅਤੇ ਮੁੱਢਲੇ ਸੰਸਥਾਪਕ ਅਤੇ ਵਿਚਾਰਧਾਰਕ ਰਹੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸੁਪ੍ਰੀਮ ਕੋਰਟ ਦੇ ਬੈਂਚ, ਜੋ ਮੁੱਖ ਜੱਜ ਡੀਵਾਈ ਚੰਦਰਚੂੜ ਦੀ ਪ੍ਰਧਾਨਗੀ ਹੇਠ ਸੁਣਵਾਈ ਲਈ ਗਠਿਤ ਕੀਤਾ ਗਿਆ ਹੈ, ਅੱਗੇ ਜ਼ਿਕ੍ਰ ਕਰਦੇ ਹੋਏ ਭਲੀਭਾਂਤ ਦਰਸਾਇਆ ਕਿ ਕਿਵੇਂ ਮੁਫ਼ਤ ਦੀਆਂ ਰਿਓੜੀਆਂ ਅਤੇ ਲੋਕ ਭਲਾਈ ਸਕੀਮਾਂ ਵਿੱਚ ਫ਼ਰਕ ਹੁੰਦਾ ਹੈ। ਉਨ੍ਹਾਂ ਮਿਸਾਲ ਦਿੱਤੀ ਕਿ ਕਿਵੇਂ ਕਰਜ਼ਾ ਮਾਫ਼ ਕਰਨਾ ਜਾਂ ਕਿਸੇ ਖ਼ਾਸ ਧਰਮ ਨਾਲ ਜੁੜੀਆਂ ਵਸਤਾਂ ਨੂੰ ਮੁਫ਼ਤ ਵੰਡਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਜਨਤਕ ਫੰਡਾਂ ’ਚੋਂ ਦਿੱਤੀਆਂ ਜਾਣ ਵਾਲੀਆਂ ਮੁਫ਼ਤ ਰਿਓੜੀਆਂ ਆਜ਼ਾਦਾਨਾ-ਮੁਨਸਫਾਨਾ ਲੋਕਤੰਤਰੀ ਚੋਣਾਂ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੰਦੀਆਂ ਹਨ। ਚੋਣਾਂ ਦੀ ਪਵਿੱਤਰਤਾ ਨੂੰ ਗੰਧਲਾ ਤੇ ਵਿਗਾੜ ਕੇ ਰੱਖ ਦਿੰਦੀਆਂ ਹਨ। ਪਟੀਸ਼ਨ ’ਚ ਸੁਪ੍ਰੀਮ ਕੋਰਟ ਦੇ ਐੱਸ. ਸੁਬਰਾਮਨੀਅਮ ਬਾਲਾ ਦੇ 2013 ਦੇ ਫ਼ੈਸਲੇ ’ਤੇ ਨਜ਼ਰਸਾਨੀ ਕਰਨ ਦਾ ਮੁੱਦਾ ਵੀ ਉਠਾਇਆ ਗਿਆ ਜਿਸ ਅਨੁਸਾਰ ਲੋਕ ਲੁਭਾਊ ਐਲਾਨਾਂ ਨੂੰ ਧਾਰਾ 123 ਅਧੀਨ ਭ੍ਰਿਸ਼ਟ ਆਚਰਣ ਨਹੀਂ ਮੰਨਿਆ ਗਿਆ। ਤੇਈ ਨਵੰਬਰ ਨੂੰ ਇਸ ਪਟੀਸ਼ਨ ਦੀ ਸੁਣਵਾਈ ਦੌਰਾਨ ਪਟੀਸ਼ਨਕਰਤਾ ਵੱਲੋਂ ਪੇਸ਼ ਵਕੀਲ ਵਿਜੇ ਹੰਸਾਰੀਆ ਨੇ ਕੋਰਟ ਦਾ ਧਿਆਨ ਜਨਰਲ ਕਲਾਸੇਜ਼ ਐਕਟ ਦੀ ਧਾਰਾ 3 ਦੀ ਉਪਧਾਰਾ 42 ’ਤੇ ਜ਼ਿਕ੍ਰ ਕੇਂਦਰਤ ਕਰਦੇ ਹੋਏ ਸਪਸ਼ਟ ਕੀਤਾ ਕਿ ਰਾਜਨੀਤਕ ਪਾਰਟੀ ਨਿੱਜੀ ਵਿਅਕਤੀਆਂ ਦਾ ਸਮੂਹ ਅਖਵਾਉਂਦੀ ਹੈ। ਇਸ ਦਾ ਭਾਵ ਹੈ ਕਿ ਬਾਡੀ ਆਫ਼ ਪਰਸਨ ਅਤੇ ਕੰਪਨੀ। ਜੇਕਰ ਪਰਸਨ ਤੋਂ ਬਾਡੀ ਆਫ਼ ਪਰਸਨ ਨੂੰ ਕੱਢ ਦਿਆਂਗੇ ਤਾਂ ਕੋਈ ਵੀ ਨਕਲੀ ਕੰਪਨੀ ਗਠਿਤ ਕਰ ਕੇ ਵੋਟ ਹਾਸਲ ਕਰਨ ਲਈ ਲਾਲਚ ਅਤੇ ਤੋਹਫ਼ੇ ਜਾਂ ਰਿਓੜੀਆਂ ਰਿਸ਼ਵਤ ਵਿੱਚ ਵੰਡੇਗਾ। ਜਦੋਂ ਮੁੱਖ ਜੱਜ ਨੇ ਸਵਾਲ ਕੀਤਾ ਕਿ ਕੀ ਮਿਕਸੀ ਜਾਂ ਗਰਾਈਂਡਰ ਦੇਣ ਨੂੰ ਭ੍ਰਿਸ਼ਟਾਚਾਰ ਮੰਨਿਆ ਜਾਵੇਗਾ ਤਾਂ ਸੀਨੀਅਰ ਵਕੀਲ ਹੰਸਾਰੀਆ ਨੇ ਸਾਫ਼ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਮੰਨਿਆ ਜਾ ਸਕਦਾ ਕਿ ਇਹ ਰਿਸ਼ਵਤ ਨਹੀਂ ਹੈ।

ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਰਿਓੜੀ ਵੰਡ ਦੇ ਆਧਾਰ ਨੂੰ ਰਿਸ਼ਵਤ ਮੰਨਦਿਆਂ ਪਾਰਟੀਆਂ ਦੀ ਮਾਨਤਾ ਰੱਦ ਕਰਨ ਦੀ ਸ਼ਕਤੀ ਪ੍ਰਦਾਨ ਕਰਨ ਦੀ ਮੰਗ ਕੀਤੀ। ਚੋਣਵੀਆਂ ਮਿਸਾਲਾਂ (1) ਭਾਜਪਾ ਨੇ ਰਾਜਸਥਾਨ ਵਿੱਚ 12ਵੀਂ ਪਾਸ ਵਿਦਿਆਰਥਣਾਂ ਨੂੰ ਸਕੂਟੀ, 450 ਰੁਪਏ ਗੈਸ ਸਿਲੰਡਰ, ਕੇਜੀ ਤੋਂ ਪੀਜੀ ਤੱਕ ਮੁਫ਼ਤ ਸਿੱਖਿਆ, ਪੀਐੱਮ ਕਿਸਾਨ ਸਨਮਾਨ ਨਿਧੀ 6 ਤੋਂ 12 ਹਜ਼ਾਰ ਸਾਲਾਨਾ ਕਰਨ, ਲਾਡੋ ਪ੍ਰੋਤਸਾਹਨ ਯੋਜਨਾ ਤਹਿਤ ਲੜਕੀ ਪੈਦਾ ਹੋਣ ’ਤੇ 2 ਲੱਖ ਰੁਪਏ ਦਾ ਬਾਂਡ, ਆਈਆਈਟੀ ਵਾਂਗ ਆਈਐੱਮਸੀ ਮੈਡੀਕਲ ਸੰਸਥਾਵਾਂ, 2.5 ਲੱਖ ਨੌਕਰੀਆਂ, 2700 ਰੁਪਏ ਕੁਇੰਟਲ ਕਣਕ ਦਾ ਭਾਅ, 40000 ਕਰੋੜ ਨਿਵੇਸ਼ ਭਾਮਾਸ਼ਾਹ ਹੈਲਥ ਸਿਸਟਮ ਲਈ, ਕਾਂਗਰਸ ਦੇ ਘੁਟਾਲਿਆਂ ਦੀ ਜਾਂਚ ਆਦਿ ਦੇ ਵਾਅਦੇ ਕੀਤੇ ਸਨ। ਤੇਲੰਗਾਨਾ ਵਿੱਚ ਕਾਂਗਰਸ ਪਾਰਟੀ ਵੱਲੋਂ 200 ਯੂਨਿਟ ਬਿਜਲੀ ਮੁਫ਼ਤ, ਕਿਸਾਨ ਨੂੰ ਪ੍ਰਤੀ ਸਾਲ 15000, ਖੇਤ ਮਜ਼ਦੂਰ ਨੂੰ 12000, ਔਰਤਾਂ ਨੂੰ ਮੁਫ਼ਤ ਬੱਸ ਸੇਵਾ, 2 ਲੱਖ ਨੌਕਰੀਆਂ, ਤੇਲੰਗਾਨਾ ਅੰਦੋਲਨਕਾਰੀਆਂ ਨੂੰ 250 ਗਜ਼ ਦਾ ਮਕਾਨ, ਚੇਯੁਥਾ ਯੋਜਨਾ ਤਹਿਤ ਬਜ਼ੁਰਗਾਂ, ਵਿਕਲਾਂਗਾਂ, ਵਿਧਵਾਵਾਂ, ਬਿਮਾਰੀ, ਬੀੜੀ, ਬੁਣਕਰ ਕਾਮਿਆਂ ਆਦਿ ਨੂੰ 4000 ਰੁਪਏ ਮਾਸਿਕ ਪੈਨਸ਼ਨ, 10 ਲੱਖ ਦੀ ਸਿਹਤ ਬੀਮਾ ਯੋਜਨਾ ਦੇ ਚੋਣ ਵਾਅਦੇ ਕੀਤੇ। ਸੰਨ 2018 ਦੇ ਮੁਕਾਬਲੇ 20 ਨਵੰਬਰ 2023 ਤੱਕ ਚੋਣ ਕਮਿਸ਼ਨ ਨੇ 7 ਗੁਣਾ ਵੱਧ ਰਿਸ਼ਵਤੀ ਧੰਨ ਪਕੜਿਆ। ਸਭ ਤੋਂ ਵੱਧ ਛੋਟੇ ਜਿਹੇ ਤੇਲੰਗਾਨਾ ਵਿੱਚੋਂ 659 ਕਰੋੜ, ਰਾਜਸਥਾਨ ’ਚੋਂ 651 ਕਰੋੜ, ਮੱਧ ਪ੍ਰਦੇਸ਼ ’ਚੋਂ 323 ਕਰੋੜ, ਛੱਤੀਸਗੜ੍ਹ ’ਚੋਂ 77 ਕਰੋੜ ਅਤੇ ਮਿਜ਼ੋਰਮ ’ਚੋਂ 49.6 ਕਰੋੜ ਰੁਪਏ ਜ਼ਬਤ ਕੀਤੇ ਗਏ। ਸੱਤਾ ਖ਼ਾਤਰ ਚੋਣਾਂ ਵੇਲੇ ਕੀਤੇ ਵਾਅਦੇ ਵਫ਼ਾ ਕਰਨ ਲਈ ਸਾਡੀ ਅਰਥ ਵਿਵਸਥਾ ਵਿੱਚ ਸਮਰੱਥਾ ਨਹੀਂ ਹੈ।

# ਭਾਰਤ ਦੇ ਲੋਕਤੰਤਰ ਲਈ ਨੁਕਸਾਨਦੇਹ ਕਿਉਂ ਹਨ ਇੱਕੋ ਸਮੇਂ ਚੋਣਾਂ ?

**ਡਾ. ਸਤਿਆਵਾਨ ਸੌਰਭ**



ਇੱਕੋ ਸਮੇਂ ਦੀਆਂ ਚੋਣਾਂ ਦਾ ਮਤਲਬ ਇਹ ਹੈ ਕਿ ਪੂਰੇ ਭਾਰਤ ਵਿੱਚ ਲੋਕ ਸਭਾ ਅਤੇ ਸਾਰੀਆਂ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਹੋਣਗੀਆਂ, ਸੰਭਵ ਤੌਰ ’ਤੇ ਇੱਕੋ ਸਮੇਂ ਦੇ ਆਸਪਾਸ ਵੋਟਿੰਗ ਹੋਵੇਗੀ। ਇੱਕੋ ਸਮੇਂ ਚੋਣਾਂ, ਜਾਂ ‘ਇੱਕ ਰਾਸ਼ਟਰ, ਇੱਕ ਚੋਣ’ ਦਾ ਵਿਚਾਰ ਪਹਿਲੀ ਵਾਰ ਰਸਮੀ ਤੌਰ ’ਤੇ ਭਾਰਤੀ ਚੋਣ ਕਮਿਸ਼ਨ ਦੁਆਰਾ 1983 ਦੀ ਇੱਕ ਰਿਪੋਰਟ ਵਿੱਚ ਪ੍ਰਸਤਾਵਿਤ ਕੀਤਾ ਗਿਆ ਸੀ। ਨਾਲੋ-ਨਾਲ ਚੋਣਾਂ ਕਰਵਾਉਣ ਦੇ ਕੁਝ ਸੰਭਾਵੀ ਫਾਇਦਿਆਂ ਦੇ ਨਾਲ-ਨਾਲ ਕੁਝ ਕਮੀਆਂ ਵੀ ਹਨ, ਜੋ ਸਵਾਲ ਪੈਦਾ ਕਰਦੀਆਂ ਹਨ: ਕੀ ਇੱਕੋ ਸਮੇਂ ਚੋਣਾਂ ਕਰਵਾਉਣਾ ਭਾਰਤ ਦੇ ਲੋਕਤੰਤਰ ਲਈ ਨੁਕਸਾਨਦੇਹ ਹੈ?

ਇੱਕ ਦੇਸ਼ ਇੱਕ ਚੋਣ ਦੇ ਖ਼ਿਲਾਫ਼ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਸੰਵਿਧਾਨ ਨੇ ਸਾਨੂੰ ਇੱਕ ਸੰਸਦੀ ਮਾਡਲ ਪ੍ਰਦਾਨ ਕੀਤਾ ਹੈ ਜਿਸ ਤਹਿਤ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਚੋਣ ਪੰਜ ਸਾਲਾਂ ਲਈ ਹੁੰਦੀ ਹੈ, ਪਰ ਸਾਡਾ ਸੰਵਿਧਾਨ ਇੱਕੋ ਸਮੇਂ ਚੋਣਾਂ ਕਰਵਾਉਣ ਦੇ ਮੁੱਦੇ ’ਤੇ ਚੁੱਪ ਹੈ। ਸੰਵਿਧਾਨ ਵਿੱਚ ਕਈ ਵਿਵਸਥਾਵਾਂ ਹਨ ਜੋ ਇਸ ਵਿਚਾਰ ਦੇ ਪੂਰੀ ਤਰ੍ਹਾਂ ਉਲਟ ਜਾਪਦੀਆਂ ਹਨ। ਉਦਾਹਰਨ ਲਈ, ਆਰਟੀਕਲ 2 ਦੇ ਤਹਿਤ, ਸੰਸਦ ਭਾਰਤੀ ਸੰਘ ਵਿੱਚ ਇੱਕ ਨਵਾਂ ਰਾਜ ਸ਼ਾਮਲ ਕਰ ਸਕਦੀ ਹੈ ਅਤੇ ਧਾਰਾ 3 ਦੇ ਤਹਿਤ, ਸੰਸਦ ਇੱਕ ਨਵਾਂ ਰਾਜ ਬਣਾ ਸਕਦੀ ਹੈ, ਜਿੱਥੇ ਵੱਖਰੀਆਂ ਚੋਣਾਂ ਕਰਵਾਉਣੀਆਂ ਪੈ ਸਕਦੀਆਂ ਹਨ। ਇਸੇ ਤਰ੍ਹਾਂ ਧਾਰਾ 85(2)(ਬੀ) ਅਨੁਸਾਰ ਰਾਸ਼ਟਰਪਤੀ ਲੋਕ ਸਭਾ ਨੂੰ ਭੰਗ ਕਰ ਸਕਦਾ ਹੈ ਅਤੇ ਧਾਰਾ 174(2)(ਬੀ) ਅਨੁਸਾਰ ਰਾਜਪਾਲ ਪੰਜ ਸਾਲ ਪਹਿਲਾਂ ਵੀ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ। ਧਾਰਾ 352 ਦੇ ਤਹਿਤ ਲੋਕ ਸਭਾ ਦਾ ਕਾਰਜਕਾਲ ਯੁੱਧ, ਬਾਹਰੀ ਹਮਲੇ ਜਾਂ ਹਥਿਆਰਬੰਦ ਵਿਦਰੋਹ ਦੀ ਸਥਿਤੀ ਵਿਚ ਰਾਸ਼ਟਰੀ ਐਮਰਜੈਂਸੀ ਲਗਾ ਕੇ ਵਧਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਧਾਰਾ 356 ਤਹਿਤ ਰਾਜਾਂ ਵਿੱਚ ਰਾਸ਼ਟਰਪਤੀ ਸ਼ਾਸਨ ਲਗਾਇਆ ਜਾ ਸਕਦਾ ਹੈ ਅਤੇ ਅਜਿਹੀ ਸਥਿਤੀ ਵਿੱਚ ਸਬੰਧਿਤ ਰਾਜ ਦੇ ਸਿਆਸੀ ਸਮੀਕਰਨ ਵਿੱਚ ਅਚਾਨਕ ਉਲਟ ਫੇਰ ਕਰਕੇ ਮੁੜ ਚੋਣਾਂ ਦੀ ਸੰਭਾਵਨਾ ਵੱਧ ਜਾਂਦੀ ਹੈ। ਇਹ ਸਾਰੇ ਹਾਲਾਤ ਇੱਕ ਦੇਸ਼ ਇੱਕ ਚੋਣ ਦੇ ਬਿਲਕੁਲ ਉਲਟ ਹਨ।

ਇੱਕੋ ਸਮੇਂ ਚੋਣਾਂ ਕਰਵਾਉਣ ਲਈ ਰਾਜ ਵਿਧਾਨ ਸਭਾਵਾਂ ਦੀਆਂ ਸ਼ਰਤਾਂ ਨੂੰ ਲੋਕ ਸਭਾ ਦੀਆਂ ਸ਼ਰਤਾਂ ਨਾਲ ਤਾਲਮੇਲ ਕਰਨ ਲਈ ਸੰਵਿਧਾਨਕ ਸੋਧ ਦੀ ਲੋੜ ਹੋਵੇਗੀ। ਇਸ ਤੋਂ ਇਲਾਵਾ, ਲੋਕ ਪ੍ਰਤੀਨਿਧਤਾ ਐਕਟ ਦੇ ਨਾਲ-ਨਾਲ ਹੋਰ ਸੰਸਦੀ ਪ੍ਰਕਿਰਿਆਵਾਂ ਵਿੱਚ ਸੋਧਾਂ ਦੀ ਲੋੜ ਹੋਵੇਗੀ। ਨਾਲੋ-ਨਾਲ ਚੋਣਾਂ ਨੂੰ ਲੈ ਕੇ ਖੇਤਰੀ ਪਾਰਟੀਆਂ ਦਾ ਮੁੱਖ ਡਰ ਇਹ ਹੈ ਕਿ ਉਹ ਆਪਣੇ ਸਥਾਨਕ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਨਹੀਂ ਉਠਾ ਸਕਣਗੀਆਂ, ਕਿਉਂਕਿ ਰਾਸ਼ਟਰੀ ਮੁੱਦੇ ਕੇਂਦਰ ਦੀ ਸਟੇਜ ਲੈ ਲੈਣਗੇ। ਇਸ ਤੋਂ ਇਲਾਵਾ, ਉਹ ਚੋਣ ਖਰਚ ਅਤੇ ਚੋਣ ਰਣਨੀਤੀ ਦੇ ਮਾਮਲੇ ਵਿੱਚ ਰਾਸ਼ਟਰੀ ਪਾਰਟੀਆਂ ਨਾਲ ਮੁਕਾਬਲਾ ਨਹੀਂ ਕਰ ਸਕਣਗੇ।

ਨਾਲੋ-ਨਾਲ ਚੋਣਾਂ ਕਰਾਉਣ ਨਾਲ ਦੇਸ਼ ਦੇ ਸੰਘਵਾਦ ਨੂੰ ਚੁਣੌਤੀ ਦਿੱਤੇ ਜਾਣ ਦੀ ਵੀ ਸੰਭਾਵਨਾ ਹੈ। ਇਨ੍ਹਾਂ ਖਾਸ ਪਲੇਟਫਾਰਮਾਂ ਅਤੇ ਜਮਹੂਰੀਅਤ ਦੇ ਖੇਤਰਾਂ ਨੂੰ ਧੁੰਦਲਾ ਕਰਨ ਦੇ ਨਾਲ-ਨਾਲ ਚੋਣਾਂ ਦਾ ਖਤਰਾ ਵੀ ਹੈ, ਨਾਲ ਹੀ ਇਹ ਖਤਰਾ ਵੀ ਹੈ ਕਿ ਰਾਜ ਪੱਧਰੀ ਮੁੱਦੇ ਰਾਸ਼ਟਰੀ ਮੁੱਦਿਆਂ ਵਿੱਚ ਸ਼ਾਮਲ ਹੋ ਜਾਂਦੇ ਹਨ।

ਵੋਟਰਾਂ ਨੂੰ ਮਾੜੀ ਕਾਰਗੁਜ਼ਾਰੀ ਲਈ ਸਰਕਾਰਾਂ ਨੂੰ ਜਵਾਬਦੇਹ ਠਹਿਰਾਉਣ ਜਾਂ ਚੰਗੀ ਕਾਰਗੁਜ਼ਾਰੀ ਲਈ ਉਨ੍ਹਾਂ ਨੂੰ ਇਨਾਮ ਦੇਣ ਤੋਂ ਰੋਕਦੀ ਹੈ। ਵੱਖ-ਵੱਖ ਪੱਧਰਾਂ ਦੀਆਂ ਸਰਕਾਰਾਂ ਲਈ ਵੱਖਰੀਆਂ ਚੋਣਾਂ ਕਰਵਾਉਣਾ ਵੋਟਰਾਂ ਨੂੰ ਸਪੱਸ਼ਟ ਕਰਦਾ ਹੈ ਕਿ ਕਿਸ ਪੱਧਰ ਦੀ ਸਰਕਾਰ ਕਿਸ ਲਈ ਜ਼ਿੰਮੇਵਾਰ ਹੈ ਅਤੇ ਸਬੰਧਿਤ ਸਰਕਾਰ ਦੀ ਕਾਰਗੁਜ਼ਾਰੀ ’ਤੇ ਧਿਆਨ ਕੇਂਦਰਤ ਕਰਦੀ ਹੈ। ਇਸ ਦਾ ਨਤੀਜਾ ਇਹ ਹੋਵੇਗਾ ਕਿ ਸਰਕਾਰ ਨੂੰ ਢਹਿ ਜਾਣ ਤੋਂ ਬਚਾਉਣ ਲਈ ਜ਼ੋਰਦਾਰ ਕੋਸ਼ਿਸ਼ ਕੀਤੀ ਜਾਏਗੀ, ਭਾਵੇਂ ਇਹ, ਆਮ ਹਾਲਤਾਂ ਵਿੱਚ, ਸਦਨ ਦਾ ਭਰੋਸਾ ਗੁਆ ਬੈਠਦੀ ਹੈ। ਨਾਲੋ-ਨਾਲ ਚੋਣਾਂ ਹੋਣ ’ਤੇ ਘੋੜਿਆਂ ਦੇ ਵਪਾਰ ਦੀ ਵਿਸਫੋਟਕ ਸਥਿਤੀ ਪੈਦਾ ਹੋਣ ਦੀ ਸੰਭਾਵਨਾ ਹੈ।

ਇੱਕ ਰਾਸ਼ਟਰ, ਇੱਕ ਚੋਣ ਦੇਸ਼ ਦੇ ਸੰਘੀ ਢਾਂਚੇ ਦੇ ਉਲਟ ਹੋਵੇਗੀ ਅਤੇ ਸੰਸਦੀ ਲੋਕਤੰਤਰ ਲਈ ਘਾਤਕ ਕਦਮ ਹੋਵੇਗੀ। ਜੇਕਰ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਹੁੰਦੀਆਂ ਹਨ, ਤਾਂ ਕੁਝ ਵਿਧਾਨ ਸਭਾਵਾਂ ਦਾ ਕਾਰਜਕਾਲ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਵਧਾਇਆ ਜਾਂ ਘਟਾਇਆ ਜਾਵੇਗਾ, ਜਿਸ ਨਾਲ ਰਾਜਾਂ ਦੀ ਖ਼ੁਦਮੁਖ਼ਤਿਆਰੀ ਪ੍ਰਭਾਵਿਤ ਹੋ ਸਕਦੀ ਹੈ। ਭਾਰਤ ਦਾ ਸੰਘੀ ਢਾਂਚਾ ਸੰਸਦੀ ਸ਼ਾਸਨ ਪ੍ਰਣਾਲੀ ਤੋਂ ਪ੍ਰੇਰਿਤ ਹੈ ਅਤੇ ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਚੋਣਾਂ ਦੀ ਬਾਰੰਬਾਰਤਾ ਇੱਕ ਅਟੱਲ ਤੱਥ ਹੈ। ਜੇਕਰ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਨਾਲੋ-ਨਾਲ ਕਰਵਾਈਆਂ ਜਾਂਦੀਆਂ ਹਨ ਤਾਂ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਖੇਤਰੀ ਮੁੱਦੇ ਰਾਸ਼ਟਰੀ ਮੁੱਦਿਆਂ ਦੇ ਮੁਕਾਬਲੇ ਸੈਕੰਡਰੀ ਬਣ ਸਕਦੇ ਹਨ ਜਾਂ ਇਸ ਦੇ ਉਲਟ, ਖੇਤਰੀ ਮੁੱਦਿਆਂ ਦੇ ਸਾਹਮਣੇ ਰਾਸ਼ਟਰੀ ਮੁੱਦੇ ਆਪਣੀ ਹੋਂਦ ਗੁਆ ਸਕਦੇ ਹਨ। ਅਸਲ ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਦਾ ਸਰੂਪ ਅਤੇ ਮੁੱਦੇ ਬਿਲਕੁਲ ਵੱਖਰੇ ਹਨ। ਜਦੋਂ ਕਿ ਲੋਕ ਸਭਾ ਚੋਣਾਂ ਰਾਸ਼ਟਰੀ ਸਰਕਾਰ ਬਣਾਉਣ ਲਈ ਹੁੰਦੀਆਂ ਹਨ, ਵਿਧਾਨ ਸਭਾ ਚੋਣਾਂ ਰਾਜ ਸਰਕਾਰ ਬਣਾਉਣ ਲਈ ਹੁੰਦੀਆਂ ਹਨ। ਇਸ ਲਈ ਜਿੱਥੇ ਲੋਕ ਸਭਾ ਵਿੱਚ ਰਾਸ਼ਟਰੀ ਮਹੱਤਵ ਦੇ ਮੁੱਦਿਆਂ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ, ਉੱਥੇ ਵਿਧਾਨ ਸਭਾ ਚੋਣਾਂ ਵਿੱਚ ਖੇਤਰੀ ਮਹੱਤਵ ਦੇ ਮੁੱਦੇ ਸਭ ਤੋਂ ਅੱਗੇ ਰਹਿੰਦੇ ਹਨ।

ਲੋਕਤੰਤਰ ਨੂੰ ਲੋਕਾਂ ਦਾ ਰਾਜ ਕਿਹਾ ਜਾਂਦਾ ਹੈ। ਦੇਸ਼ ਵਿੱਚ ਸੰਸਦੀ ਪ੍ਰਣਾਲੀ ਹੋਣ ਕਾਰਨ ਵੱਖ-ਵੱਖ ਸਮੇਂ ’ਤੇ ਚੋਣਾਂ ਹੁੰਦੀਆਂ ਹਨ ਅਤੇ ਜਨਤਕ ਪ੍ਰਤੀਨਿਧਾਂ ਨੂੰ ਲਗਾਤਾਰ ਜਨਤਾ ਪ੍ਰਤੀ ਜਵਾਬਦੇਹ ਰਹਿਣਾ ਪੈਂਦਾ ਹੈ। ਇਸ ਤੋਂ ਇਲਾਵਾ ਕੋਈ ਵੀ ਪਾਰਟੀ ਜਾਂ ਆਗੂ ਚੋਣ ਜਿੱਤਣ ਤੋਂ ਬਾਅਦ ਤਾਨਾਸ਼ਾਹੀ ਨਹੀਂ ਕਰ ਸਕਦਾ ਕਿਉਂਕਿ ਉਸ ਨੂੰ ਥੋੜ੍ਹੇ-ਥੋੜ੍ਹੇ ਸਮੇਂ ’ਤੇ ਚੋਣਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਦੋਵੇਂ ਚੋਣਾਂ ਇੱਕੋ ਸਮੇਂ ਹੁੰਦੀਆਂ ਹਨ ਤਾਂ ਅਜਿਹਾ ਹੋਣ ਦੀ ਸੰਭਾਵਨਾ ਵੱਧ ਜਾਵੇਗੀ। ਭਾਰਤ ਆਬਾਦੀ ਦੇ ਲਿਹਾਜ਼ ਨਾਲ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਇਸ ਲਈ ਵੱਡੀ ਆਬਾਦੀ ਅਤੇ ਬੁਨਿਆਦੀ ਢਾਂਚੇ ਦੀ ਅਣਹੋਂਦ ਵਿੱਚ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣੀਆਂ ਤਰਕਸੰਗਤ ਨਹੀਂ ਜਾਪਦੀਆਂ।

ਨਾਲੋ-ਨਾਲ ਚੋਣਾਂ ਕਰਵਾਉਣ ਦੇ ਹੱਕ ਵਿੱਚ ਬਹੁਤ ਸਾਰੇ ਠੋਸ ਕਾਰਨ ਹਨ। (ਬਾਕੀ ਸਫ਼ਾ 31 ’ਤੇ)




## ਮਜ਼ਬੂਤ ਅਕਾਲੀ ਦਲ ਹੀ ਕਰ ਸਕਦੈ ਪੰਥ ਤੇ ਪੰਜਾਬ ਦੇ ਹਿਤਾਂ ਦੀ ਰਾਖੀ

ਸਿੱਖਾਂ ਵਲੋਂ ਅਨੇਕਾਂ ਕੁਰਬਾਨੀਆਂ ਦੇਣ ਤੋਂ ਬਾਅਦ ਹੋਂਦ ਵਿੱਚ ਆਏ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੰਬਾ ਸਮਾਂ ਪੰਜਾਬ ਦੇ ਸਿੱਖਾਂ ਦੀ ਨੁਮਾਇੰਦਗੀ ਪੰਥਕ ਪਾਰਟੀ ਵਜੋਂ ਕੀਤੀ ਗਈ ਪਰ ਇਸ ਸਮੇਂ ਅਕਾਲੀ ਦਲ ਦੀ ਜੋ ਸਥਿਤੀ ਪੰਜਾਬ ਵਿੱਚ ਹੈ, ਉਸ ਕਾਰਨ ਸੰਘਰਸ਼ਾਂ ਭਰੇ ਇਤਿਹਾਸ ਦੇ ਵਾਰਿਸ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਹੀ ਖਤਰੇ ਵਿੱਚ ਪੈ ਗਈ ਹੈ। ਕੁਝ ਸਿਆਸੀ ਆਗੂ ਕਹਿੰਦੇ ਹਨ ਕਿ 'ਸ਼੍ਰੋਮਣੀ ਅਕਾਲੀ ਦਲ' ਹੁਣ 'ਅਕਾਲੀ ਦਲ ਬਾਦਲ' ਬਣ ਗਿਆ ਹੈ। ਅਕਾਲੀ ਦਲ ਨੂੰ ਛੱਡ ਕੇ ਹੋਰਨਾਂ ਸਿਆਸੀ ਪਾਰਟੀਆਂ ਵਿੱਚ ਸਰਗਰਮ ਹੋਏ ਆਗੂ ਹੁਣ ਕਹਿ ਰਹੇ ਹਨ ਕਿ ਅਕਾਲੀ ਦਲ ਉੱਪਰ ਬਾਦਲ ਪਰਿਵਾਰ ਦਾ ਕਬਜ਼ਾ ਹੋ ਗਿਆ ਹੈ ਇਸ ਕਾਰਨ ਉਹ ਅਕਾਲੀ ਦਲ ਛੱਡਣ ਲਈ ਮਜ਼ਬੂਰ ਹੋਏ। ਹੁਣ ਸਵਾਲ ਇਹ ਖੜਾ ਹੁੰਦਾ ਹੈ ਕਿ ਆਖਰ ਉਹ ਕਿਹੜੇ ਕਾਰਨ ਹਨ, ਜਿਹਨਾਂ ਕਾਰਨ ਅਕਾਲੀ ਦਲ ਦਾ ਪੰਥਕ ਪਾਰਟੀ ਵਜੋਂ ਰੁਤਬਾ ਖ਼ਤਮ ਹੁੰਦਾ ਜਾ ਰਿਹਾ ਹੈ ?

ਇਹ ਠੀਕ ਹੈ ਕਿ ਸ਼੍ਰੋਮਣੀ ਅਕਾਲੀ ਦਲ ਆਪਣਾ 103ਵਾਂ ਸਥਾਪਨਾ ਦਿਵਸ ਮਨਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਤੇ ਹੋਰ ਆਗੂ ਬੀਤੇ ਦਿਨੀਂ ਸਵੇਰੇ ਦਰਬਾਰ ਸਾਹਿਬ ਨਤਮਸਤਕ ਹੋਏ। ਇੱਥੇ ਸ੍ਰੀ ਅਖੰਡ ਪਾਠ ਆਰੰਭ ਕਰਵਾਇਆ ਗਿਆ। ਇਸ ਤੋਂ ਬਾਅਦ ਸੁਖਬੀਰ ਬਾਦਲ ਨੇ ਜੋੜੇ ਤੇ ਬਰਤਨ ਸਾਫ ਕਰਨ ਦੀ ਸੇਵਾ ਕੀਤੀ। ਭਾਵੇਂ ਕਿ ਸੁਖਬੀਰ ਬਾਦਲ ਅਕਾਲੀ ਦਲ ਨੂੰ ਮੁੜ ਪੰਥਕ ਪਾਰਟੀ ਵਜੋਂ ਮੁੜ ਸੁਰਜੀਤ ਕਰਨ ਦੇ ਯਤਨ ਕਰ ਰਹੇ ਹਨ ਪਰ ਸੁਖਬੀਰ ਬਾਦਲ ਨੂੰ ਆਪਣੇ ਯਤਨਾਂ ਵਿੱਚ ਅਜੇ ਤੱਕ ਕਾਮਯਾਬੀ ਨਹੀਂ ਮਿਲੀ। ਭਾਰਤ ਵਿੱਚ ਭਾਜਪਾ ਵੱਲੋਂ ਕੌਮੀ ਅਤੇ ਖੇਤਰੀ ਪੱਧਰ 'ਤੇ ਅਜਿਹੇ ਫ਼ੈਸਲੇ ਲਏ ਜਾ ਰਹੇ ਹਨ, ਜਿਨ੍ਹਾਂ ਨਾਲ ਦੇਸ਼ ਦੀ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸ਼ਹਿਰੀ ਆਜ਼ਾਦੀਆਂ ਲਈ ਵੱਡੇ ਖ਼ਤਰੇ ਉਤਪੰਨ ਹੋ ਰਹੇ ਹਨ। ਇਸ ਕਾਰਨ ਦੇਸ਼ ਭਰ ਵਿੱਚ ਵੱਡੀ ਗਿਣਤੀ 'ਚ ਲੋਕ ਅਤੇ ਖ਼ਾਸ ਕਰਕੇ ਘੱਟ ਗਿਣਤੀਆਂ ਨਾਲ ਸੰਬੰਧਿਤ ਵਰਗ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਦੂਜੇ ਪਾਸੇ ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਜਿਹੜੀ ਨਵੀਂ ਪਾਰਟੀ 'ਆਪ' ਇਥੇ ਸੱਤਾ ਵਿੱਚ ਆਈ ਹੈ ,ਉਹ ਪੰਜਾਬ ਦੇ ਖੇਤਰੀ ਸਰੋਕਾਰਾਂ ਦੀ ਰੱਖਿਆ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਹੁੰਦੀ ਜਾ ਰਹੀ ਹੈ। ਭਾਖੜਾ ਮੈਨੇਜਮੈਂਟ ਬੋਰਡ ਵਿਚੋਂ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰ ਦਿੱਤੀ ਗਈ ਹੈ। ਦਰਿਆਈ ਪਾਣੀਆਂ ਸੰਬੰਧੀ ਅਜੇ ਤੱਕ ਰਾਜ ਨੂੰ ਇਨਸਾਫ਼ ਨਹੀਂ ਮਿਲਿਆ। ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਰਾਜਧਾਨੀ ਵਜੋਂ ਵਸਾਇਆ ਗਿਆ ਚੰਡੀਗੜ੍ਹ ਰਾਜ ਦੇ ਹਵਾਲੇ ਕਰਨ ਦੀ ਥਾਂ ਇਸ ਵਿੱਚ ਹਰਿਆਣਾ ਨੂੰ ਨਵੀਂ ਵਿਧਾਨ ਸਭਾ ਬਣਾਉਣ ਲਈ ਜ਼ਮੀਨ ਅਲਾਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਸਾਰੇ ਮਸਲਿਆਂ ਦੇ ਸੰਬੰਧ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦ੍ਰਿੜ੍ਹਤਾ ਨਾਲ ਸਟੈਂਡ ਨਹੀਂ ਲੈ ਰਹੀ, ਸਗੋਂ ਆਪਣੀ ਪਾਰਟੀ ਦੇ ਕੌਮੀ ਹਿਤਾਂ ਨੂੰ ਮੁੱਖ ਰੱਖਦਿਆਂ ਹਰਿਆਣਾ ਅਤੇ ਰਾਜਸਥਾਨ ਨੂੰ ਹੋਰ ਪਾਣੀ ਦੇਣ ਦੇ ਵਾਅਦੇ ਕਰ ਰਹੀ ਹੈ। ਇਸ ਤੋਂ ਇਲਾਵਾ ਮਾਨ ਸਰਕਾਰ ਸਿੱਖ ਭਾਈਚਾਰੇ ਦੇ ਧਾਰਮਿਕ ਸਰੋਕਾਰਾਂ ਵਿੱਚ ਵੀ ਦਖ਼ਲਅੰਦਾਜ਼ੀ ਕਰ ਰਹੀ ਹੈ । ਇਸ ਦੀ ਮਿਸਾਲ ਇਸ ਤੋਂ ਦੇਖੀ ਜਾ ਸਕਦੀ ਹੈ ਕਿ ਇਸ ਵੱਲੋਂ ਸਿੱਖ ਗੁਰਦੁਆਰਾ ਐਕਟ ਵਿੱਚ ਗੁਰਬਾਣੀ ਦੇ ਪ੍ਰਸਾਰਨ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨਾਲ ਕੋਈ ਵਿਚਾਰ-ਵਟਾਂਦਰਾ ਕਰਨ ਤੋਂ ਬਿਨਾਂ ਹੀ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਸੋਧ ਕਰ ਦਿੱਤੀ ਗਈ। (ਇਹ ਵੱਖਰੀ ਗੱਲ ਹੈ ਕਿ ਰਾਜ ਦੇ ਗਵਰਨਰ ਨੇ ਵਿਧਾਨ ਸਭਾ ਦੇ 19-20 ਜੂਨ ਨੂੰ ਹੋਏ ਇਸ ਸੈਸ਼ਨ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਹੈ) ਪਰ ਇਸ ਸਰਕਾਰ ਵੱਲੋਂ ਘੱਟ ਨਹੀਂ ਕੀਤੀ ਗਈ। ਮਾਨ ਸਰਕਾਰ ਦਾ ਨਿਸ਼ਾਨਾ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਰਨ ਦਾ ਹੈ, ਤੇ ਇਸ ਮਕਸਦ ਲਈ ਇਹ ਕੋਈ ਸੰਗਠਨ ਬਣਾ ਕੇ ਸ਼੍ਰੋਮਣੀ ਕਮੇਟੀ ਦੀਆਂ ਅਗਾਮੀ ਚੋਣਾਂ ਵੀ ਲੜ ਸਕਦੀ ਹੈ। ਰਾਜ ਵਿੱਚ ਇਸ ਵੇਲੇ ਵਿਰੋਧੀ ਪਾਰਟੀਆਂ ਦੇ ਆਗੂਆਂ ਵਿਰੁੱਧ ਵਿਜੀਲੈਂਸ ਦੀ ਵੀ ਚੋਣਵੇਂ ਰੂਪ ਵਿੱਚ ਬਦਲਾਲਊ ਢੰਗ ਨਾਲ ਵਰਤੋਂ ਕੀਤੀ ਜਾ ਰਹੀ ਹੈ। ਆਜ਼ਾਦ ਤੇ ਨਿਰਪੱਖ ਮੀਡੀਆ ਨੂੰ ਵੀ ਇਸ਼ਤਿਹਾਰਬੰਦੀ ਕਰਕੇ ਜਾਂ ਹੋਰ ਢੰਗਾਂ ਨਾਲ ਦਬਾਇਆ ਜਾ ਰਿਹਾ ਹੈ।

ਜੇਕਰ ਸਮੁੱਚੇ ਤੌਰ 'ਤੇ ਦੇਸ਼ ਵਿੱਚ ਸਿੱਖ ਪੰਥ ਤੇ ਸ਼੍ਰੋਮਣੀ ਅਕਾਲੀ ਦਲ ਦੇ ਰੁਤਬੇ ਨੂੰ ਦੇਖੀਏ ਤਾਂ ਦਿੱਲੀ ਗੁਰਦੁਆਰਾ ਕਮੇਟੀ ਤੇ ਹਰਿਆਣਾ ਵਿੱਚ ਨਵੀਂ ਬਣੀ ਗੁਰਦੁਆਰਾ ਕਮੇਟੀ 'ਤੇ ਭਾਜਪਾ ਦਾ ਪ੍ਰਭਾਵ ਵਧ ਚੁੱਕਾ ਹੈ । ਇਸ ਕਾਰਨ ਦਿੱਲੀ ਅਤੇ ਹਰਿਆਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਬੇਹੱਦ ਕਮਜ਼ੋਰ ਹੋ ਚੁੱਕਾ ਹੈ । ਪੰਜਾਬ ਸਮੇਤ ਦਿੱਲੀ ਅਤੇ ਹਰਿਆਣਾ ਵਿੱਚ ਉਂਝ ਵੀ ਸ਼੍ਰੋਮਣੀ ਅਕਾਲੀ ਦਲ ਕਈ ਧੜਿਆਂ ਵਿੱਚ ਵੰਡਿਆ ਜਾ ਚੁੱਕਾ ਹੈ। ਇਸ ਦਾ ਫਾਇਦਾ ਕੌਮੀ ਪੱਧਰ 'ਤੇ ਅਤੇ ਪੰਜਾਬ ਪੱਧਰ 'ਤੇ ਦੂਜੀਆਂ ਰਾਜਨੀਤਕ ਧਿਰਾਂ ਉਠਾ ਰਹੀਆਂ ਹਨ। ਜੇਕਰ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਪੱਖ ਤੋਂ ਵੀ ਦੇਸ਼ ਦੀ ਰਾਜਨੀਤਕ ਸਥਿਤੀ ਗੱਲ ਕਰੀਏ ਤਾਂ ਇਸ ਸਮੇਂ ਦੇਸ਼ ਦੋ ਗੱਠਜੋੜਾਂ ਵਿੱਚ ਵੰਡਿਆ ਹੋਇਆ ਨਜ਼ਰ ਆ ਰਿਹਾ ਹੈ। ਇੱਕ ਪਾਸੇ ਕਾਂਗਰਸ ਦੀ ਅਗਵਾਈ ਵਿੱਚ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇੰਕਲੂਸਿਵ ਅਲਾਇੰਸ (ਇੰਡੀਆ) ਚੋਣਾਂ ਲੜਨ ਦੀ ਤਿਆਰੀ ਕਰ ਰਿਹਾ ਹੈ, ਦੂਜੇ ਪਾਸੇ ਭਾਜਪਾ ਦੀ ਅਗਵਾਈ ਵਿੱਚ ਲੋਕਤੰਤਰਿਕ ਗੱਠਜੋੜ (ਐਨ.ਡੀ.ਏ.) ਇਨ੍ਹਾਂ ਚੋਣਾਂ ਵਿੱਚ ਜੂਝਣ ਲਈ ਤਿਆਰ ਹੈ। ਲੋਕਤੰਤਰਿਕ ਗੱਠਜੋੜ ਦੇ ਹੋਂਦ ਵਿੱਚ ਆਉਣ ਦੇ ਸਮੇਂ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਇਸ ਦਾ ਭਾਈਵਾਲ ਰਿਹਾ ਹੈ । ਪੰਜਾਬ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੇ ਪਿਛਲੇ ਸਮੇਂ ਵਿਚ 15 ਸਾਲਾਂ ਤੱਕ ਰਾਜ ਕੀਤਾ ਹੈ । ਪਰ ਹੁਣ ਦੀਆਂ ਸਥਿਤੀਆਂ ਵਿੱਚ ਭਾਜਪਾ ਦੀ ਹਾਈਕਮਾਂਡ ਸ਼੍ਰੋਮਣੀ ਅਕਾਲੀ ਦਲ ਨੂੰ ਲੋਕਤੰਤਰਿਕ ਗੱਠਜੋੜ ਦਾ ਹਿੱਸਾ ਬਣਾਉਣ ਲਈ ਤਿਆਰ ਨਹੀਂ ਹੈ । ਕਿਉਂਕਿ ਸਿੱਖ ਕੌਮ ਦੀ ਨਰਾਜ਼ਗੀ ਕਾਰਣ ਅਕਾਲੀ ਦਲ ਦੀ ਹੋਂਦ ਨੂੰ ਖੋਰਾ ਲਗ ਚੁਕਾ ਹੈ। ਇਸੇ ਕਰਕੇ ਭਾਜਪਾ ਦੀ ਹਾਈਕਮਾਨ ਸ਼੍ਰੋਮਣੀ ਅਕਾਲੀ ਦਲ ਨੂੰ 2024 ਦੀਆਂ ਲੋਕ ਸਭਾ ਚੋਣਾਂ ਲਈ ਲੋਕਤੰਤਰਿਕ ਗੱਠਜੋੜ ਦਾ ਭਾਈਵਾਲ ਬਣਾਉਣ ਲਈ ਤਿਆਰ ਨਹੀਂ। ਜੇਕਰ ਪੰਜਾਬ ਦੀ ਰਾਜਨੀਤੀ ਦੀ ਗੱਲ ਕਰੀਏ ਤਾਂ ਇਸ ਸਮੇਂ ਸੱਤਾਧਾਰੀ ਆਮ ਆਦਮੀ ਪਾਰਟੀ ਕੌਮੀ ਪੱਧਰ 'ਤੇ ਇੰਡੀਆ ਗੱਠਜੋੜ ਦਾ ਹਿੱਸਾ ਬਣ ਗਈ ਹੈ। ਇਸ ਕਾਰਨ ਰਾਜ ਵਿੱਚ ਵੀ ਲੋਕਸਭਾ ਚੋਣਾਂ ਲਈ ਦੋਹਾਂ ਪਾਰਟੀਆਂ ਦਾ ਗੱਠਜੋੜ ਬਣਨ ਦੀ ਸੰਭਾਵਨਾ ਹੈ, ਭਾਵੇਂ ਕਿ ਅਜੇ ਪੰਜਾਬ ਕਾਂਗਰਸ ਦੇ ਆਗੂ ਅਜਿਹੇ ਕਿਸੇ ਸੰਭਾਵਤ ਗੱਠਜੋੜ ਦਾ ਵਿਰੋਧ ਕਰ ਰਹੇ ਹਨ । ਉਂਝ ਵੀ ਸ਼੍ਰੋਮਣੀ ਅਕਾਲੀ ਦਲ ਸਾਕਾ ਨੀਲਾ ਤਾਰਾ ਅਤੇ ਸਿੱਖ ਕਤਲੇਆਮ ਵਰਗੀਆਂ 1984 ਵਿੱਚ ਵਾਪਰੀਆਂ ਘਟਨਾਵਾਂ ਤੇ ਇਸ ਤੋਂ ਵੀ ਪਹਿਲਾਂ ਦਹਾਕਿਆਂ ਤੱਕ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਇੱਕ-ਦੂਜੇ ਦੇ ਵਿਰੋਧੀ ਰਹੇ ਹੋਣ ਕਾਰਨ। ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਦਾ ਸ਼੍ਰੋਮਣੀ ਅਕਾਲੀ ਦਲ ਹਿੱਸਾ ਨਹੀਂ ਬਣ ਸਕਦਾ। ਸੋ ਲੋਕ ਸਭਾ ਦੀਆਂ ਚੋਣਾਂ ਦੇ ਸੰਦਰਭ ਵਿੱਚ ਸ਼੍ਰੋਮਣੀ ਅਕਾਲੀ ਦਲ ਕੋਲ ਇਹੀ ਬਦਲ ਬਚਦਾ ਹੈ, ਕਿ ਉਹ ਬਸਪਾ ਨਾਲ ਰਲ ਕੇ ਚੋਣਾਂ ਲੜੇ। ਇਹ ਵੀ ਇਸ ਗੱਲ 'ਤੇ ਨਿਰਭਰ ਹੈ ਕਿ ਉੱਤਰ ਪ੍ਰਦੇਸ਼ ਵਿੱਚ ਬਸਪਾ ਦੀ ਆਗੂ ਮਾਇਆਵਤੀ ਲੋਕ ਸਭਾ ਚੋਣਾਂ ਸੰਬੰਧੀ ਕੀ ਪਹੁੰਚ ਅਖ਼ਤਿਆਰ ਕਰਦੀ ਹੈ। ਅਜੇ ਤੱਕ ਤਾਂ ਉਸ ਨੇ ਵੱਖਰਿਆਂ ਚੋਣਾਂ ਲੜਨ ਦਾ ਐਲਾਨ ਕੀਤਾ ਹੋਇਆ ਹੈ, ਜੇਕਰ ਉਹ ਇਸੇ ਪਹੁੰਚ 'ਤੇ ਕਾਇਮ ਰਹਿੰਦੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ ਬਣੇ ਰਹਿਣ ਦੀ ਸੰਭਾਵਨਾ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਿਤ ਲੀਡਰਸ਼ਿਪ ਦੀ ਇੱਛਾ ਲੋਕਤਾਂਤਰਿਕ ਗੱਠਜੋੜ ਦਾ ਹਿੱਸਾ ਬਣਨ ਦੀ ਹੈ। ਪਰ ਇਸ ਸੰਬੰਧੀ ਭਾਜਪਾ ਬਾਦਲ ਦਲ ਨੂੰ ਟਿਚ ਜਾਣ ਰਹੀ ਹੈ ਜੇਕਰ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਚੋਣਾਂ ਦੇ ਨਤੀਜਿਆਂ ਦੀ ਉਡੀਕ ਵਿੱਚ ਬੈਠਾ ਰਹਿੰਦਾ ਹੈ ਅਤੇ ਲੋਕ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਤਿਆਰੀ ਨਹੀਂ ਕਰਦਾ ਤਾਂ ਰਾਜ ਵਿੱਚ ਉਸ ਲਈ ਆਪਣੀ ਪ੍ਰਸੰਗਕਤਾ ਬਣਾਈ ਰੱਖਣੀ ਮੁਸ਼ਕਿਲ ਹੋ ਜਾਵੇਗੀ ।

ਦੂਜੇ ਪਾਸੇ ਜਿਸ ਤਰ੍ਹਾਂ ਰਾਜ ਵਿੱਚ ਆਪ ਪਾਰਟੀ ਦੀ ਸਰਕਾਰ ਸਿੱਖ ਧਰਮ ਦੇ ਧਾਰਮਿਕ ਮਾਮਲਿਆਂ, ਖ਼ਾਸ ਕਰ ਕੇ ਸ਼੍ਰੋਮਣੀ ਕਮੇਟੀ ਦੇ ਕੰਮ ਕਾਜ ਵਿੱਚ ਦਖ਼ਲਅੰਦਾਜ਼ੀ ਕਰ ਰਹੀ ਹੈ, ਉਸ ਕਾਰਨ ਵੀ ਅਕਾਲੀ ਦਲ ਦਾ ਸਰਗਰਮ ਹੋਣਾ ਬੇਹੱਦ ਜ਼ਰੂਰੀ ਹੋ ਗਿਆ ਹੈ।

ਸੋ, ਦੇਸ਼ ਦੀਆਂ ਰਾਜਨੀਤਕ ਅਤੇ ਧਾਰਮਿਕ ਅਤੇ ਖ਼ਾਸ ਕਰਕੇ ਪੰਜਾਬ ਦੀਆਂ ਸਥਿਤੀਆਂ ਇਹ ਮੰਗ ਕਰਦੀਆਂ ਹਨ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਅਤੇ ਸਿੱਖ ਪੰਥ ਦੇ ਗੌਰਵਸ਼ਾਲੀ ਇਤਿਹਾਸ ਅਤੇ ਵਿਰਸੇ ਤੋਂ ਪ੍ਰੇਰਨਾ ਲੈਂਦਾ ਹੋਇਆ ਇਕ ਵਾਰ ਫਿਰ ਤੋਂ ਦ੍ਰਿੜ੍ਹਤਾ ਨਾਲ ਅੱਗੇ ਵਧੇ। ਆਪਣੀਆਂ ਜਥੇਬੰਦਕ ਕਮਜ਼ੋਰੀਆਂ ਨੂੰ ਦੂਰ ਕਰੇ। ਦੇਸ਼ ਭਰ ਵਿੱਚ ਘੱਟ ਗਿਣਤੀਆਂ ਅਤੇ ਦਲਿਤਾਂ ਦੇ ਖ਼ਿਲਾਫ਼ ਹੁੰਦੇ ਹਮਲਿਆਂ ਅਤੇ ਸ਼ਹਿਰੀ ਆਜ਼ਾਦੀਆਂ ਦੀ ਹੁੰਦੀ ਉਲੰਘਣਾ ਵਿਰੁੱਧ ਜ਼ੋਰਦਾਰ ਢੰਗ ਨਾਲ ਆਪਣੀ ਆਵਾਜ਼ ਬੁਲੰਦ ਕਰੇ। ਖ਼ਾਸ ਕਰਕੇ ਸਿੱਖ ਭਾਈਚਾਰੇ, ਕਿਸਾਨੀ ਅਤੇ ਦਿਹਾਤੀ ਖੇਤਰਾਂ ਦੇ ਲੋਕਾਂ ਦਾ ਮੁੜ ਵਿਸ਼ਵਾਸ ਜਿੱਤਣ ਲਈ ਉਸ ਨੂੰ ਵਿਸ਼ੇਸ਼ ਤੌਰ 'ਤੇ ਰਣਨੀਤੀ ਬਣਾ ਕੇ ਯਤਨ ਆਰੰਭਣੇ ਚਾਹੀਦੇ ਹਨ। ਜੇਕਰ ਅਕਾਲੀ ਦਲ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਲੈ ਕੇ ਦ੍ਰਿੜ੍ਹਤਾ ਨਾਲ ਸੰਘਰਸ਼ ਕਰਦਾ ਹੋਇਆ ਅੱਗੇ ਵਧਦਾ ਹੈ ਤਾਂ ਉਹ ਇਕੱਲਿਆਂ ਵੀ ਬਹੁਤ ਵੱਡਾ ਰੋਲ ਦੇਸ਼ ਤੇ ਪੰਜਾਬ ਦੀ ਰਾਜਨੀਤੀ ਵਿੱਚ ਅਦਾ ਕਰ ਸਕਦਾ ਹੈ । ਇਸ ਮਕਸਦ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਵੱਖ-ਵੱਖ ਅਕਾਲੀ ਧੜਿਆਂ ਅਤੇ ਉਨ੍ਹਾਂ ਸਿੱਖ ਆਗੂਆਂ ਨਾਲ ਵੀ ਮੁੜ ਤੋਂ ਸੰਪਰਕ ਸਾਧਣਾ ਚਾਹੀਦਾ ਹੈ, ਜਿਹੜੇ ਕਿਸੇ ਸਮੇਂ ਵੱਖ-ਵੱਖ ਕਾਰਨਾਂ ਕਰਕੇ ਸ਼੍ਰੋਮਣੀ ਅਕਾਲੀ ਦਲ ਤੋਂ ਦੂਰ ਚਲੇ ਗਏ ਸਨ। ਇੱਕ ਮਜ਼ਬੂਤ ਸ਼੍ਰੋਮਣੀ ਅਕਾਲੀ ਦਲ ਹੀ ਸਿੱਖ ਪੰਥ ਅਤੇ ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਕਰ ਸਕਦਾ ਹੈ।

## ਕੀ ਹੈ ਅਕਾਲੀ ਦਲ ਦਾ ਜੁਝਾਰੂ ਇਤਿਹਾਸ ?

14 ਦਸੰਬਰ, 1920 ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੰਥਕ ਹਸਤੀਆਂ ਦਾ ਇੱਕ ਵਿਸ਼ਾਲ ਇਕੱਠ ਹੋਇਆ, ਜਿਸ ਦਾ ਮੰਤਵ ਸੀ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿੱਚ ਮਹੰਤਾਂ ਦੀਆਂ ਮਨਮਾਨੀਆਂ ਨੂੰ ਰੋਕਣ ਲਈ ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ਕਰਨਾ। ਅੱਗੇ ਇਸੇ ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਹੁੰਦਾ ਹੈ।



ਕਾਂਗਰਸ ਤੋਂ ਬਾਅਦ ਅਕਾਲੀ ਦਲ ਭਾਰਤ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਹੈ ਜਿਸ ਦਾ ਇਤਿਹਾਸ ਮੋਰਚਿਆਂ ਤੇ ਸੰਘਰਸ਼ਾਂ ਨਾਲ ਭਰਿਆ ਪਿਆ ਹੈ। ਭਾਰਤ ਦੀ ਆਜ਼ਾਦੀ ਲਹਿਰ 'ਚ ਪੰਜਾਬ ਦੇ ਮੋਹਰੀ ਯੋਗਦਾਨ ਪਿੱਛੇ ਵੀ ਅਕਾਲੀ ਦਲ ਦੀ ਜਥੇਬੰਦਕ ਪ੍ਰੇਰਣਾ ਦੀ ਮਹੱਤਵਪੂਰਨ ਭੂਮਿਕਾ ਰਹੀ। ਆਜ਼ਾਦੀ ਲਹਿਰ ਵਿੱਚੋਂ ਇਕੱਲੀ ਅਕਾਲੀ ਲਹਿਰ 'ਚ 500 ਅਕਾਲੀ ਕਾਰਕੁੰਨ ਸ਼ਹੀਦ ਹੋਏ ਸੀ।

ਇਤਿਹਾਸ ਦੱਸਦਾ ਹੈ ਕਿ 1920 ਦੇ ਦਹਾਕੇ 'ਚ ਬਹੁਤਾਤ ਇਤਿਹਾਸਕ ਗੁਰਦੁਆਰਾ ਸਾਹਿਬਾਨ 'ਤੇ ਮਹੰਤਾਂ ਦਾ ਕਬਜ਼ਾ ਸੀ। ਗੁਰਦੁਆਰਾ ਸਾਹਿਬਾਨ ਦੀਆਂ ਜਾਇਦਾਦਾਂ ਨੂੰ ਇਨ੍ਹਾਂ ਨੇ ਆਪਣੀ ਐਸ਼ੋ ਇਸ਼ਰਤ ਦਾ ਸਥਾਨ ਬਣਾ ਲਿਆ ਸੀ। ਦਰਸ਼ਨਾਂ ਲਈ ਆਈ ਸੰਗਤ ਨਾਲ ਬਹੁਤ ਵੀ ਦੁਰਵਿਵਹਾਰ ਕਰਦੇ ਸਨ। ਅਜਿਹੇ ਵਿੱਚ ਇਨ੍ਹਾਂ ਪਾਸੋਂ ਗੁਰਦੁਆਰਾ ਸਾਹਿਬਾਨ ਨੂੰ ਆਜ਼ਾਦ ਕਰਵਾਉਣ ਲਈ ਇੱਕ ਸੁਧਾਰਵਾਦੀ ਲਹਿਰ ਦੀ ਸ਼ੁਰੂਆਤ ਸਮੇਂ ਦੀ ਲੋੜ ਸੀ ਜੋ ਉਸ ਸਮੇਂ ਅਕਾਲੀਆਂ ਨੇ ਸ਼ੁਰੂ ਕੀਤੀ। ਮਹੰਤਾ ਦੀ ਪਿੱਠ ਪਿੱਛੇ ਅੰਗਰੇਜ਼ਾਂ ਤੇ ਉਸ ਵੇਲੇ ਦੇ ਪੰਜਾਬ ਪ੍ਰਸ਼ਾਸ਼ਨ ਦਾ ਪੂਰਾ ਹੱਥ ਸੀ ਜਿਵੇਂ ਕਿ ਹੁਣ ਡੇਰਿਆਂ ਦੀ ਹੋਂਦ ਪਿੱਛੇ ਸਰਕਾਰਾਂ ਹਨ। ਅਜਿਹੇ ਵਿੱਚ ਅਕਾਲੀ ਦਲ ਨੇ ਲੰਮੇ ਸਮੇਂ ਤੱਕ ਸ਼ਾਂਤਮਈ ਸੰਘਰਸ਼ ਲੜਿਆ ਤੇ ਗੁਰਦੁਆਰਾ ਸਾਹਿਬਾਨ ਦੀ ਆਜ਼ਾਦੀ ਲਈ ਅਨੇਕਾਂ ਸੰਘਰਸ਼ ਕੀਤੇ ਜਿਨ੍ਹਾਂ ਦੀ ਪ੍ਰਤੱਖ ਮਿਸਾਲ ਗੁਰੂ ਕੇ ਬਾਗ ਦਾ ਮੋਰਚਾ ਤੇ ਚਾਬੀਆਂ ਦਾ ਮੋਰਚਾ ਸੀ ਅਕਾਲੀ ਦਲ ਦੇ ਮੋਹਰੀ ਆਗੂ ਬਾਬਾ ਖੜਕ ਸਿੰਘ ਸ਼੍ਰੋਮਣੀ ਕਮੇਟੀ ਦੇ ਪਹਿਲੇ ਪ੍ਰਧਾਨ ਬਣੇ। ਉਨ੍ਹਾਂ ਵੱਲੋਂ ਕਈ ਮੋਰਚਿਆਂ ਦੀ ਅਗਵਾਈ ਕੀਤੀ ਗਈ ਤੇ ਜਿੱਤ ਹਾਸਲ ਕੀਤੀ ਗਈ। ਉਹ ਇੱਕ ਅਜਿਹੇ ਅਕਾਲੀ ਆਗੂ ਸਨ ਜੋ 15 ਤੋਂ ਵੱਧ ਵਾਰ ਜੇਲ੍ਹ ਗਏ। ਮਾਸਟਰ ਤਾਰਾ ਸਿੰਘ ਜਿਨ੍ਹਾਂ ਭਾਰਤ ਦੀ ਅਜ਼ਾਦੀ 'ਚ ਵਧ-ਚੜ੍ਹ ਕੇ ਯੋਗਦਾਨ ਪਾਇਆ, ਦੇਸ਼ ਦੀ ਵੰਡ ਸਮੇਂ ਸਿੱਖਾਂ ਦੀ ਸੰਵਿਧਾਨਿਕ ਸੁਰੱਖਿਆ ਨੂੰ ਯਕੀਨੀ ਬਣਾਇਆ ਤੇ 1948 ਨੂੰ ਪੰਜਾਬੀ ਸੂਬੇ ਦੀ ਮੰਗ ਕੀਤੀ ਤੇ ਮੋਰਚਾ ਲਾਇਆ।

ਇਸ ਮੋਰਚੇ ਦੀ ਚੜ੍ਹਤ ਦੇਖ ਕਾਂਗਰਸ ਸਰਕਾਰ ਨੇ ਅਕਾਲੀ ਦਲ 'ਚ ਫੁੱਟ ਪਾ ਸਿੱਖ ਲਹਿਰ ਨੂੰ ਖੇਰੂੰ ਖੇਰੂੰ ਕਰ ਦਿੱਤਾ। ਅਕਾਲੀ ਦਲ ਦੇ ਪ੍ਰਧਾਨ ਰਹੇ ਸੰਤ ਫਤਿਹ ਸਿੰਘ ਨੇ ਤਖ਼ਤ ਸ਼੍ਰੀ ਦਮਦਮਾ ਸਾਹਿਬ ਨੂੰ ਸਿੱਖਾਂ ਦੇ ਚੌਥੇ ਤਖ਼ਤ ਵਜੋਂ 1962 ਵਿੱਚ ਮਾਨਤਾ ਦਿਵਾਈ ਤੇ ਪੰਜਾਬੀ ਸੂਬੇ ਦੀ ਮੰਗ ਨੂੰ ਮੰਨਵਾਉਣ ਲਈ ਮਰਨ ਵਰਤ ਰੱਖੇ। ਇਹ ਇੱਕ ਅਜਿਹਾ ਸਮਾਂ ਸੀ ਜਦੋਂ ਅਕਾਲੀ ਦਲ ਬਾਬਾ ਫਤਿਹ ਸਿੰਘ ਤੇ ਮਾਸਟਰ ਤਾਰਾ ਸਿੰਘ ਦੋ ਧੜਿਆਂ ਵਿੱਚ ਵੰਡਿਆ ਗਿਆ।

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 1980 ਦੌਰਾਨ ਪੰਜਾਬ ਦੇ ਸੰਤਾਪ ਦੇ ਦਿਨਾਂ 'ਚ ਅਕਾਲੀ ਦਲ ਨੂੰ ਇਤਿਹਾਸਕ ਅਗਵਾਈ ਦਿੱਤੀ ਤੇ ਅਕਾਲੀ ਦਲ ਦੇ ਹਰ ਸੰਘਰਸ਼ 'ਚ ਅੱਗੇ ਹੋ ਕੇ ਸੇਵਾਵਾਂ ਨਿਭਾਈਆਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਉਹ ਆਗੂ ਸਨ, ਜਿਨ੍ਹਾਂ 1980 ਦੇ ਸੰਕਟ ਤੋਂ ਬਾਅਦ ਅਕਾਲੀ ਦਲ 'ਤੇ ਪੂਰਨ ਤੌਰ 'ਤੇ ਕਬਜ਼ਾ ਕਰ ਲਿਆ ਤੇ ਅਕਾਲੀ ਦਲ ਦੇ ਰਾਜਾਂ ਦੀ ਖੁਦਮੁਖਤਿਆਰੀ ਸਿਧਾਂਤ ਦਾ ਭੋਗ ਪਾਕੇ ਮਨੋਰਥ ਸੱਤਾ ਪ੍ਰਾਪਤੀ ਤੱਕ ਰੱਖਿਆ। ਸਿੱਖ ਪੰਥ ਦੇ ਵਾਜੂਦ ਨੂੰ ਨਕਾਰੀ ਰੱਖਿਆ ਤੇ ਗੁਰੂ ਡੰਮੀ ਬਾਬਿਆਂ ਨੂੰ ਪ੍ਰਮੋਟ ਕੀਤਾ ਤੇ ਸਿੱਖ ਨੌਜਵਾਨਾਂ ਦੇ ਕਾਤਲ ਬੁੱਚੜ ਪੁਲਿਸ ਅਫਸਰਾਂ ਇਜਹਾਰ ਆਲਮ, ਸੁਮੇਧ ਸੈਣੀ ਨੂੰ ਅਹਿਮ ਅਹੁਦੇ ਦਿਤੇ।

ਭਾਰਤ ਦੀ ਅਜ਼ਾਦੀ ਤੋਂ ਲੈ ਕੇ ਹੁਣ ਤੱਕ ਪੰਜਾਬ 'ਚ 9 ਵਾਰ ਸ਼੍ਰੋਮਣੀ ਅਕਾਲੀ ਦਲ ਸੱਤਾ ਵਿੱਚ ਆਇਆ ਪਰ 2012 ਤੋਂ ਲੈ ਕੇ 2022 ਤੱਕ ਅਕਾਲੀ ਦਲ ਦੀ ਸਭ ਤੋਂ ਮਾੜੀ ਕਾਰਗੁਜ਼ਾਰੀ ਰਹੀ। ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਜਥੇਦਾਰ ਮੋਹਨ ਸਿੰਘ ਤੁੜ ਵਰਗੇ ਪੰਥਪ੍ਰਸਤ ਅਕਾਲੀ ਆਗੂਆਂ, ਜਿਨ੍ਹਾਂ ਨੇ ਅਕਾਲੀ ਦਲ ਨੂੰ ਲਹੂ ਪਸੀਨੇ ਨਾਲ ਸਿੰਜਿਆ ਤੇ ਇਸ ਸ਼ਹੀਦਾਂ ਦੀ ਪਾਰਟੀ ਨੂੰ ਪਰਿਵਾਰਵਾਦ ਤੋਂ ਕੋਹਾਂ ਦੂਰ ਰੱਖਿਆ। ਅੱਜ ਉਹੀ ਪਾਰਟੀ ਆਪਣੀ ਹੋਂਦ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ।

# ਗ਼ਰੀਬਾਂ ਨੂੰ ਮੁਫ਼ਤ ਚੀਜ਼ਾਂ ਰੱਜ ਕੇ ਵੰਡੋ ਤੇ ਪੰਜ ਸਾਲ ਰਾਜ ਕਰੋ



ਡੇਜ਼ੀ ਵਾਲੀਆ




ਯੁੱਗ ਬਦਲਦੇ ਰਹੇ, ਅਸੀਂ ਯੁੱਗ ਬਦਲਦੇ ਸੁਣੇ ਸੀ, ਯੁੱਗ ਬਦਲਦੇ ਦੇਖ ਵੀ ਲਏ। ਬੈਲਗੱਡੀ ਤੋਂ ਹਵਾਈ ਜਹਾਜ਼ 'ਤੇ ਪਹੁੰਚ ਗਏ, ਹੱਥਾਂ ਦੇ ਕੰਮ ਮਸ਼ੀਨਾਂ 'ਤੇ ਪਹੁੰਚ ਗਏ। ਇਹਨਾਂ ਮਸ਼ੀਨਾਂ ਨੇ ਰੋਜ਼ਗਾਰ ਤੋਂ ਲੋਕਾਂ ਨੂੰ ਬੇਰੁਜ਼ਗਾਰ ਕਰ ਦਿੱਤਾ। ਇਹਨਾਂ ਮਸ਼ੀਨਾਂ ਨੇ ਲੋਕਾਂ ਨੂੰ ਬੀਮਾਰ ਕਰ ਦਿੱਤਾ। ਮੋਬਾਇਲ ਨੇ ਆ ਕੇ ਇਕੱਠੇ ਬੈਠਣਾ ਖਤਮ ਕਰ ਦਿੱਤਾ। ਸ਼ਾਹੂਕਾਰਾਂ ਤੋਂ ਅਜ਼ਾਦ ਕਰਵਾਕੇ ਬੈਂਕਾਂ ਵਿੱਚ ਡੋਬ ਦਿੱਤਾ। ਕਹਿੰਦੇ ਨੇ ਜ਼ਮਾਨਾ ਬਦਲ ਗਿਆ। ਦੇਸ਼ ਦੀ ਤਰੱਕੀ ਹੋ ਰਹੀ ਰਹੀ ਹੈ, ਪਰ ਆਮ ਲੋਕ ਕੱਲ੍ਹ ਵੀ ਦੁਖੀ ਸੀ, ਅੱਜ ਵੀ ਦੁਖੀ। ਕੱਲ੍ਹ ਉਹ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਅੰਦੋਲਨ ਕਰਦੇ ਸਨ। ਅੱਜ ਆਪਣੀ ਸਰਕਾਰਾਂ ਤੋਂ ਕੰਮ ਕਰਵਾਉਣ ਲਈ ਧਰਨਿਆਂ 'ਤੇ ਬੈਠਨਾ ਪੈਂਦਾ ਹੈ। ਕਿਸਾਨਾਂ ਦਾ ਅੰਦੋਲਨ ਕਿਸ ਨੂੰ ਯਾਦ ਨਹੀਂ ਹੈ। ਆਪਣੇ ਹੀ ਦੇਸ਼ ਵਿੱਚ ਆਪਣਿਆਂ ਤੋਂ ਹੀ ਆਪਣੀਆਂ ਦਿੱਕਤਾਂ ਦਾ ਹੱਲ ਕਰਵਾਉਣ ਵਾਸਤੇ ਅੰਦੋਲਨ ਕਰਨਾ ਪੈਂਦਾ ਹੈ, ਧਰਨਾ ਲਗਾਉਣਾ ਪੈਂਦਾ ਹੈ।

ਮਹਿੰਗਾਈ, ਬੇਰੁਜ਼ਗਾਰੀ ਨੇ ਲੋਕਾਂ ਨੂੰ ਬੇਹਾਲ ਕਰ ਦਿੱਤਾ ਹੈ। ਰਿਸ਼ਵਤਖੋਰੀ ਨੇ ਦੇਸ਼ ਨੂੰ ਕਮਜ਼ੋਰ ਕਰ ਦਿੱਤਾ ਹੈ। ਹਰ ਪਾਰਟੀ ਜਦ ਵੀ ਚੋਣਾਂ ਦਾ ਪ੍ਰਚਾਰ ਕਰਦੀ ਹੈ ਤਾਂ ਇੱਕ ਵਾਅਦਾ ਤਾਂ ਉਹ ਜ਼ਰੂਰ ਕਰਦੀ ਹੈ ਕਿ ਅਸੀਂ ਰਿਸ਼ਵਤਖੋਰੀ ਨੂੰ ਜੜ੍ਹਾਂ ਤੋਂ ਖਤਮ ਕਰ ਦੇਵਾਂਗੇ। ਪਰ ਕੋਈ ਪੁੱਛੇ ਉਹਨਾਂ ਤੋਂ ਕੀ ਮੁਫ਼ਤ ਚੀਜ਼ਾਂ ਵੰਡ ਕੇ ਵੋਟਾਂ ਲੈਣ ਨਾਲ ਤਾਂ ਉਹਨਾਂ ਨੇ ਸਾਰੀ ਜਨਤਾ ਨੂੰ ਰਿਸ਼ਵਤਖੋਰ ਬਣਾ ਦਿੱਤਾ ਹੈ। ਗਰੀਬ ਜਨਤਾ ਦੀ ਸੋਚ ਵੀ ਹੁਣ ਇਹੋ ਹੋ ਗਈ ਹੈ ਕਿ ਜੋ ਮੁਫ਼ਤ ਵਿੱਚ ਦਿੰਦਾ ਹੈ, ਉਸ ਨੂੰ ਵੋਟ ਪਾ ਦੇਵੋ। ਸਾਨੂੰ ਕੀ ਲੈਣਾ ਹੈ ਸਰਕਾਰ ਕੀ ਕਰਦੀ ਹੈ ਕੀ ਨਹੀਂ। ਇਸ ਵਿੱਚ ਮਿਡਲ ਕਲਾਸ ਦਾ ਸਭ ਤੋਂ ਜ਼ਿਆਦਾ ਨੁਕਸਾਨ ਹੈ ਨਾ ਤਾਂ ਉਹ ਮੁਫ਼ਤ ਵਾਲੀ ਕੈਟਾਗਰੀ ਵਿਚ ਆਉਂਦੇਨੇ ਨਾ ਹੀ ਅਮੀਰ ਉਦਯੋਗੀਆਂ ਵਾਲੇ ਬੈਨੀਫਿਟ ਮਿਲਦੇ ਹਨ। ਕੀ ਕੋਈ ਸਰਕਾਰ ਉਹਨਾਂ ਦੇ ਵੀ ਕਰਜ਼ੇ ਮਾਫ ਕਰ ਦੇਵੇਗੀ ? ਉਹ ਵਿਚਾਰੇ ਇਨਕਮ ਟੈਕਸ ਭਰਨ ਵਿੱਚ ਹੀ ਜ਼ਿੰਦਗੀ ਕੱਢ ਦਿੰਦੇ ਹਨ। ਸਿਆਸੀ ਪਾਰਟੀਆਂ ਨੇ ਵੀ ਇਹ ਸੋਚ ਲਿਆ ਹੈ ਕਿ ਜਾਂ ਅਮੀਰ ਲੋਕ ਹੋਣਗੇ ਜਾਂ ਗਰੀਬ। ਵਿੱਚ ਵਾਲਿਆਂ ਨੂੰ ਖਤਮ ਕਰੋ, ਗਰੀਬਾਂ ਨੂੰ ਮੁਫ਼ਤ ਚੀਜ਼ਾਂ ਰੱਜ ਕੇ ਵੰਡੋ ਤੇ ਪੰਜ ਸਾਲ ਰਾਜ ਕਰੋ। ਅਮੀਰਾਂ ਨੂੰ ਹੋਰ ਅਮੀਰ ਕਰੋ। ਗਰੀਬਾਂ ਨੂੰ ਖੁਸ਼ ਕਰੋ ਤੇ ਸਰਕਾਰ ਬਣਾਓ। ਵਿਚਲੀ ਜਨਤਾ ਆਪਣੇ ਘਰਾਂ ਵਿੱਚ ਬੈਠ ਕੇ ਬਸ ਸਿਆਸੀ ਪਾਰਟੀਆਂ ਦੀ ਚਰਚਾ ਕਰਨ ਤੋਂ ਇਲਾਵਾ ਕੁਝ ਵੀ ਨਹੀਂ ਕਰ ਸਕਦੀ, ਕਿਉਂਕਿ ਉਹਨਾਂ ਦੀਆਂ ਵੋਟਾਂ ਨਾਲ ਕਿਸੇ ਨੂੰ ਕੋਈ ਫਰਕ ਨਹੀਂ ਪੈਂਦਾ। ਜਨਤਾ ਨੂੰ ਕੌਣ ਸਮਝਾਏ ਕਿ ਸਰਕਾਰਾਂ ਉਹਨਾਂ ਦੇ ਮੂੰਹ ਬੰਦ ਕਰਵਾਉਂਦੀ ਹੈ। ਜਿਵੇਂ ਮਾਂ ਆਪਣੇ ਰੋਂਦੇ ਬੱਚੇ ਨੂੰ ਚੁੱਪ ਕਰਵਾਉਣ ਲਈ ਲੋਲੀਪੋਪ ਮੂੰਹ ਵਿੱਚ ਪਾ ਕੇ ਮੂੰਹ ਬੰਦ ਕਰਵਾ ਦਿੰਦੀ ਹੈ ਤੇ ਆਪਣਾ ਕੰਮ ਕਰਦੀ ਰਹਿੰਦੀ ਹੈ, ਉਸੇ ਤਰ੍ਹਾਂ ਸਿਆਸੀ ਪਾਰਟੀਆਂ ਵੀ ਮੁਫ਼ਤ ਦੀਆਂ ਯੋਜਨਾ ਦੇ ਕੇ ਜਨਤਾ ਦਾ ਮੂੰਹ ਬੰਦ ਕਰਵਾ ਕੇ ਪੰਜ ਸਾਲ ਆਪਣੀਆਂ ਮਨਮਾਨੀਆਂ ਕਰਦੀਆਂ ਰਹਿੰਦੀਆਂ ਹੈ। ਭਲਾ ਇਹਨਾਂ ਸਿਆਸਤਦਾਨਾਂ ਨੂੰ ਪੁੱਛੇ ਕੋਈ ਇੱਕ ਹਜ਼ਾਰ ਰੁਪਏ, ਪੰਦਰਾਂ ਸੌ ਮਹੀਨੇ ਨਾਲ ਉਹਨਾਂ ਨੂੰ ਕੀ ਲੱਗਦਾ ਹੈ ਉਸ ਵਿੱਚ ਕਿਸੇ ਦਾ ਕੀ ਬਣ ਸਕਦਾ ਹੈ। ਕੀ ਉਹਨਾਂ ਦੀਆਂ ਬੀਵੀਆਂ ਨੂੰ ਜਨਤਾ ਕਹੇ ਅਸੀਂ ਇੱਕ ਹਜ਼ਾਰ, ਪੰਦਰਾ ਸੌ ਤੁਹਾਡੀ ਔਰਤ ਨੂੰ ਦਿੰਦੇ ਹਾਂ, ਉਹ ਦੱਸੇ ਕੀ ਪੰਦਰਾ ਸੌ ਵਿੱਚ ਕੀ ਕਰ ਸਕਦੀ ਹੈ ? ਜਨਤਾ ਦੀ ਸੋਚਣੀ ਇਹਨਾਂ ਨੇ ਖਤਮ ਕਰ ਦਿੱਤੀ ਹੈ। ਜਨਤਾ ਨੂੰ ਰਿਸ਼ਵਤ ਦੀ ਆਦਤ ਪੈ ਗਈ ਹੈ। ਪਾਰਟੀਆਂ ਨੂੰ ਪਤਾ ਚੱਲ ਗਿਆ ਹੈ ਕਿ ਬੱਸ ਮੁਫ਼ਤ ਚੀਜ਼ਾਂ ਦਾ ਲੋਲੀਪੋਪ ਦੇਵੋ ਤੇ ਵੋਟਾਂ ਲੈ ਲਵੋ।

ਦੂਸਰਾ ਸ਼ੋਸ਼ਲ ਮੀਡੀਆ ਨੂੰ ਸਾਰੀ ਸਿਆਸੀ ਪਾਰਟੀਆਂ ਨੇ ਆਪਣਾ ਹਥਿਆਰ ਬਣਾ ਲਿਆ ਹੈ। ਸਭ ਨੂੰ ਯਾਦ ਹੋਵੇਗਾ ਜਦ ਵਿਗਿਆਪਨਾਂ ਦਾ ਦੌਰ ਸ਼ੁਰੂ ਹੋਇਆ ਸੀ ਤਾਂ ਇੱਕ ਵਿਗਿਆਪਣ ਨੇ ਧੂਮ ਮਚਾਈ ਸੀ, 'ਵਾਸ਼ਿੰਗ ਪਾਊਡਰ ਨਿਰਮਾ' ਇਹ ਵਿਗਿਆਪਨ ਇੰਨਾ ਜ਼ਿਆਦਾ ਸੀ ਕਿ ਜਦ ਮਾਰਕੀਟ ਜਾਣਾ, ਕਿਸੀ ਹੋਰ ਵਾਸ਼ਿੰਗ ਪਾਊਡਰ ਦਾ ਨਾਮ ਯਾਦ ਨਹੀਂ ਸੀ ਆਉਂਦਾ।ਬਸ ਨਿਰਮਾ ਹੀ ਸਭ ਦੇ ਮੂੰਹ 'ਤੇ ਚੜ੍ਹ ਗਿਆ ਸੀ। ਪਾਰਟੀਆਂ ਵੀ ਕੁਝ ਸਲੋਗਨ ਚੁਣਦੀਆਂ ਹਨ। ਉਹਨਾਂ ਨੂੰ ਸ਼ੋਸ਼ਲ ਮੀਡੀਆ ਤੇ ਏਨਾ ਘੁਮਾਇਆ ਜਾਂਦਾ ਹੈ ਕਿ ਲੋਕਾਂ ਦੀ ਸੋਚਣੀ ਨੂੰ ਖਤਮ ਕਰ ਦਿੱਤਾ ਜਾਂਦਾ ਹੈ। ਜਿਵੇਂ ਬੀਜੇਪੀ ਦਾ ਇੱਕ ਸਲੋਗਨ ਹੈ, 'ਮੋਦੀ ਹੈ ਤਾਂ ਮੁਮਕਿਨ ਹੈ' ਲੋਕਾਂ ਦੇ ਦਿਮਾਗ ਵਿੱਚ ਠੋਸ ਠੋਸ ਕੇ ਪਾ ਦਿੱਤਾ ਹੈ। ਇਸ ਤੋਂ ਅੱਗੇ ਲੋਕ ਸੋਚ ਹੀ ਨਹੀਂ ਪਾ ਰਹੇ ਹਨ।

ਹਰ ਪਾਰਟੀ ਇੱਕ ਪਹੀਏ ਤੇ ਸਵਾਰ ਹੈ। ਬੀਜੇਪੀ ਹਰ ਉਪਲਬੱਧੀ ਦਾ ਕਰੈਡਿਟ ਮੋਦੀ ਜੀ ਨੂੰ, ਕਾਂਗਰਸ ਵਿੱਚ ਰਾਹੁਲ ਗਾਂਧੀ ਜੀ ਨੂੰ, ਬੰਗਾਲ ਵਿੱਚ ਮਮਤਾ ਜੀ ਨੂੰ, ਅਕਾਲੀਆਂ ਵਿੱਚ ਸੁਖਬੀਰ ਬਾਦਲ ਜੀ ਨੂੰ, ਬੀ. ਐਸ. ਪੀ. ਵਿੱਚ ਅਖਿਲੇਸ਼ ਯਾਦਵ ਜੀ ਨੂੰ, ਆਮ ਆਦਮੀ ਪਾਰਟੀ ਵਿੱਚ ਕੇਜਰੀਵਾਲ ਜੀ ਨੂੰ, ਭਲਾ ਪੁੱਛੇ ਕੋਈ ਜਦ ਕਿਸੀ ਵੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਹਨਾਂ ਦੇ ਬਾਕੀ ਮੰਤਰੀ ਕੀ ਬਿਨਾਂ ਦਿਮਾਗ ਦੇ ਹੁੰਦੇ ਹਨ। ਉਹਨਾਂ ਦਾ ਨਾਮ ਕਦੇ ਅੱਗੇ ਕਿਉਂ ਨਹੀਂ ਆਉਂਦਾ। ਹਰ ਪਾਰਟੀ ਦਾ ਲੀਡਰ ਇਸੀ ਕਰਕੇ ਹੰਕਾਰੀ ਹੋ ਜਾਂਦਾ ਹੈ। ਉਹ ਆਪਣੀਆਂ ਮਨਮਾਨੀਆਂ ਕਰਨ ਲੱਗ ਪੈਂਦਾ ਹੈ, ਜਿਸ ਨਾਲ ਨੁਕਸਾਨ ਤਾਂ ਦੇਸ਼ ਦਾ ਹੀ ਹੁੰਦਾ ਹੈ।

ਅੱਜ ਦੀ ਕੇਂਦਰ ਸਰਕਾਰ ਨੂੰ ਦੇਖੋ ਚਾਹੇ ਉਹ ਸੜਕਾਂ ਦਾ ਜਾਲ ਵਿਛਾਉਣਾ, ਰੇਲਾਂ ਦਾ ਵਿਕਾਸ, ਹਸਪਤਾਲ ਬਨਾਉਣਾ ਆਦਿ ਹਰ ਕਰੈਡਿਟ ਵੀ ਮੋਦੀ ਜੀ ਨੂੰ ਹੀ ਜਾਂਦਾ ਹੈ। ਪਰ ਮਹਿਕਮੇ ਦੇ ਮੰਤਰੀ ਦਾ ਕੋਈ ਨਾਮ ਹੀ ਨਹੀਂ ਹੁੰਦਾ। ਇੱਥੋਂ ਤੱਕ ਕੀ ਨੈਸ਼ਨਲ ਟੀ.ਵੀ. ਡਿਵੇਟ ਵਿੱਚ ਵੀ ਹਰ ਪਾਰਟੀ ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਲੀਡਰ ਦਾ ਨਾਮ ਲੈ ਕੇ ਸ਼ੁਰੂ ਕਰਦੀ ਹੈ।

ਸਾਡੇ ਦੇਸ਼ ਵਿਚ ਕੋਈ ਵੀ ਚੀਜ਼ ਧਰਨਿਆਂ ਤੋਂ ਬਿਨਾਂ ਨਹੀਂ ਮਿਲਦੀ। ਸਿਆਸੀ ਪਾਰਟੀਆਂ ਜਿੰਨੇ ਵੀ ਵਾਅਦੇ ਕਰਕੇ ਆਉਂਦੀਆਂ ਹਨ, ਸਰਕਾਰ ਬਣਦੇ ਹੀ ਸਾਰੇ ਮੁੱਦੇ ਭੁੱਲ ਜਾਂਦੀਆਂ ਹਨ। ਹਰ ਪਾਰਟੀ ਸਰਕਾਰ ਬਣਾਉਂਦੇ ਹੀ ਜਿਹਨਾਂ ਮੁੱਦਿਆਂ 'ਤੇ ਜਨਤਾ ਨੇ ਵੋਟ ਦਿੱਤੀ ਹੁੰਦੀ ਹੈ, ਉਸ ਨੂੰ ਠੰਡੇ ਬਸਤੇ ਵਿੱਚ ਬੰਦ ਕਰ ਦਿੰਦੀ ਹੈ। ਉਹਨਾਂ ਹੀ ਮੁੱਦਿਆਂ 'ਤੇ ਵਿਰੋਧੀ ਪਾਰਟੀਆਂ ਸਵਾਲ ਪੁੱਛਣ ਲੱਗ ਜਾਂਦੀਆਂ ਹਨ ਤੇ ਜਨਤਾ ਜਦ ਧਰਨੇ ਲਗਾਉਂਦੀ ਹੈ ਤਾਂ ਵਿਰੋਧੀ ਪਾਰਟੀ ਵੀ ਉਹਨਾਂ ਦੇ ਹਿੱਤ ਵਿੱਚ ਉਹਨਾਂ ਦੇ ਨਾਲ ਖੜ੍ਹ ਜਾਂਦੀਆਂ ਹਨ। ਭਲਾ ਪੁੱਛੇ ਵਿਰੋਧੀ ਪਾਰਟੀ ਨੂੰ ਜਦ ਉਹਨਾਂ ਦੀ ਸਰਕਾਰ ਸੀ, ਉਸ ਵੇਲੇ ਉਹਨਾਂ ਨੇ ਉਹਨਾਂ ਮੁੱਦਿਆਂ ਨੂੰ ਕਿਉਂ ਨਹੀਂ ਸੁਲਝਾਇਆ ? ਹੁਣ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੀ ਲੈ ਲਵੋ ਰੇਤ ਮਾਫੀਆ, ਨਸ਼ਿਆਂ ਦਾ ਸਫਾਇਆ, ਬੇਅਦਬੀ ਦਾ ਮਾਮਲਾ, ਰਿਸ਼ਵਤਖੋਰੀ ਦਾ ਮਾਮਲਾ, ਕਿਸਾਨਾਂ ਦਾ ਮਾਮਲਾ, ਵਿਦਿਆ ਕੇਂਦਰਾਂ ਦਾ ਮਾਮਲਾ ਸਾਰਿਆਂ ਦਾ ਹੱਲ ਕਰਨਾ ਉਹਨਾਂ ਦਾ ਜਨਤਾ ਨਾਲ ਵਾਅਦਾ ਸੀ। ਉਸੀ ਕਰਕੇ ਜਨਤਾ ਨੇ ਉਹਨਾਂ ਨੂੰ ਵੋਟਾਂ ਦਿੱਤੀਆਂ ਸਨ। ਕੀ ਇੱਕ ਵੀ ਮਾਮਲਾ ਹੱਲ ਹੋਇਆ ? ਜਦ ਜਨਤਾ ਧਰਨੇ ਲਗਾਉਂਦੀ ਹੈ ਤਾਂ ਵਿਰੋਧੀ ਧਿਰਾਂ ਜਿਹਨਾਂ ਦੀ ਪਹਿਲਾਂ ਸਰਕਾਰ ਸੀ ਤੇ ਇਹੋ ਮੁੱਦੇ ਉਹਨਾਂ ਨੇ ਹੱਲ ਨਹੀਂ ਕੀਤੇ ਸੀ, ਪਰ ਦੂਜੀ ਸਰਕਾਰ ਬਣੀ ਤਾਂ ਧਰਨੇ 'ਤੇ ਲੋਕਾਂ ਨਾਲ ਬੈਠ ਕੇ ਪਾਣੀ ਦੀਆਂ ਬੋਛਾੜਾਂ ਖਾ ਕੇ ਲੋਕਾਂ ਨੂੰ ਦੱਸਣ ਦੀ ਕੋਸ਼ਿਸ਼ ਕਰਦੀਆਂ ਹਨ ਕਿ ਅਸੀਂ ਤੁਹਾਡੇ ਹਿੱਤੀ ਹਾਂ।



## ਮਨੁੱਖੀ ਹੱਕਾਂ ਦੇ ਦਿਹਾੜੇ 'ਤੇ ਵਿਸ਼ੇਸ਼

# ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ





ਡਾ.ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ

ਤਹਿਜ਼ੀਬ ਦੇ ਹਜ਼ਾਰਾਂ ਸਾਲਾਂ ਦਾ ਸਫ਼ਰ ਤੈਅ ਕਰਨ ਦੇ ਦਾਅਵੇ ਕਰਨ ਮਗਰੋਂ ਵੀ ਮਨੁੱਖ 'ਜੀਓ ਤੇ ਜਿਓਣ ਦਿਓ' ਦੇ ਸਿਧਾਂਤ ਦਾ ਧਾਰਨੀ ਨਹੀਂ ਹੋ ਸਕਿਆ। ਆਪਣੇ ਤੋਂ ਕਮਜ਼ੋਰ ਨੂੰ ਲੁੱਟਣ ਦੀ ਭਿਆਨਕ ਬਿਰਤੀ ਨੇ ਉਸਨੂੰ ਸ਼ੈਤਾਨਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਤਰਜ਼ 'ਤੇ ਜੇਕਰ 'ਪਰਾਇਆ ਹੱਕ', ਖੋਹਣ ਵਾਲਿਆਂ ਲਈ ਗਾਂ ਤੇ ਸੂਰ ਦਾ ਮਾਸ ਖਾਣ ਦੀ ਪਰਖ ਕੀਤੀ ਜਾਵੇ, ਤਾਂ ਅੱਜ ਮਨੁੱਖਾਂ ਦੀ ਵੱਡੀ ਗਿਣਤੀ ਵਿੱਚ ਅਜਿਹੀ ਸੋਚ ਹੀ ਨਜ਼ਰ ਆਉਂਦੀ ਹੈ। ਗੁਰਬਾਣੀ ਮਨੁੱਖ ਨੂੰ ਪੀੜਿਤ ਅਤੇ ਕਮਜ਼ੋਰ ਵਰਗ ਨਾਲ ਖੜਨ ਦੀ ਪ੍ਰੇਰਨਾ ਦਿੰਦੀ ਹੈ ਅਤੇ ਜਾਲਮ ਵਿਰੁੱਧ ਡਟਣ ਲਈ ਹਲੂਣਾ ਦਿੰਦੀ ਹੈ। ਦੂਜੇ ਪਾਸੇ ਦੋ ਵਿਸ਼ਵ ਯੁੱਧਾਂ ਦਾ ਕਾਰਨ ਬਣੀ ਵਿਚਾਰਧਾਰਾ 'ਤਾਕਤਵਰ ਨੂੰ ਹੀ ਜਿਓਣ ਦਾ ਹੱਕ ਹੈ' ਕਾਰਨ ਹੋ ਚੁੱਕੀ ਤਬਾਹੀ ਤੋਂ ਸਬਕ ਨਾ ਸਿਖਦਿਆਂ, ਅਜਿਹੀ ਸੋਚ ਨੂੰ ਤਿਆਗਣ ਦੀ ਬਜਾਇ ਮਨੁੱਖ ਨੇ ਵਧੇਰੇ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਯੂ.ਐਨ.ਓ. ਦੇ ਘੋਸ਼ਣਾ ਪੱਤਰ 'ਚ ਸ਼ਾਮਿਲ ਜੀਵਨ, ਸੁਤੰਤਰਤਾ, ਸੁਰੱਖਿਆ, ਕਾਨੂੰਨੀ ਸਮਾਨਤਾ, ਵਿਦਿਆ ਪ੍ਰਾਪਤੀ ਤੇ ਧਾਰਮਿਕ ਆਜ਼ਾਦੀ ਵਰਗੇ ਕੌਮਾਂਤਰੀ ਮਾਨਵੀ ਅਧਿਕਾਰ 'ਮਹਿਜ਼ ਘੋਸ਼ਣਾ' ਹੀ ਬਣ ਕੇ ਰਹਿ ਗਏ ਹਨ। ਦਸ਼ਾ ਇਹ ਹੈ ਕਿ ਤਕੜਾ ਮੁਲਕ ਮਾੜੇ ਮੁਲਕ ਤੋਂ ਅਤੇ ਤਾਕਤਵਰ ਮਨੁੱਖ ਕਮਜ਼ੋਰ ਮਨੁੱਖ ਤੋਂ ਹੱਕ ਖੋਹ ਕੇ, 'ਵਿਸ਼ਵ ਸ਼ਕਤੀ' ਬਣਨ ਦੀ ਕੋਝੀ ਸਾਜਿਸ਼ ਵਿੱਚ ਗ੍ਰਸਿਆ ਹੋਇਆ ਹੈ।

ਦੂਜੇ ਵਿਸ਼ਵ ਯੁੱਧ ਵਿੱਚ ਹੋਏ ਭਿਆਨਕ ਮਨੁੱਖੀ ਕਤਲੇਆਮ ਅਤੇ ਤਬਾਹੀ ਨੂੰ ਵੇਖਦੇ ਹੋਏ, ਤੀਜੇ ਸੰਸਾਰ ਜੰਗ ਦੀ ਕਿਸੇ ਕਿਸਮ ਦੀ ਸੰਭਵਨਾ ਨੂੰ ਰੱਦ ਕਰਨ ਲਈ ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਕੀਤੀ ਗਈ ਸੀ, ਜਿਸ ਦਾ ਉਦੇਸ਼ ਕੌਮਾਂਤਰੀ ਪੱਧਰ ਤੇ ਸ਼ਾਂਤੀ, ਸੁਰੱਖਿਆ ਤੇ ਸਥਿਰਤਾ ਦਾ ਮਾਹੌਲ ਕਾਇਮ ਕਰਨਾ, ਸਭਿਆਚਾਰਕ ਤੇ ਆਰਥਿਕ ਸਾਂਝ ਕਾਇਮ ਕਰਨਾ ਅਤੇ ਵੱਖ-ਵੱਖ ਰਾਸ਼ਟਰਾਂ ਦਰਮਿਆਨ ਮੇਲ-ਜੋਲ ਦੀ ਸਥਾਪਨਾ ਕਰਨਾ ਨਿਰਧਾਰਤ ਕੀਤਾ ਗਿਆ। ਵਿਸ਼ਵ ਸ਼ਾਂਤੀ ਦੇ ਨਾਲ -ਨਾਲ ਮਨੁੱਖੀ ਸੁਤੰਤਰਤਾ ਦੀ ਅਹਿਮੀਅਤ ਦੇ ਮੱਦੇ ਨਜ਼ਰ 10 ਦਸੰਬਰ 1948 ਈ. ਨੂੰ ਮਾਨਵੀ ਹੱਕਾਂ ਦੀ ਘੋਸ਼ਣਾ ਕੀਤੀ ਗਈ, ਜਿਸਦੇ ਅੰਤਰਗਤ ਜੀਵਨ, ਸੁਤੰਤਰਤਾ, ਸੁਰੱਖਿਆ, ਕਾਨੂੰਨੀ ਸਮਾਨਤਾ, ਸੰਪਤੀ , ਵਿਦਿਆ ਪ੍ਰਾਪਤੀ, ਧਾਰਮਿਕ ਆਜ਼ਾਦੀ ਅਤੇ ਨਿਆਂ ਪ੍ਰਾਪਤੀ ਆਦਿ ਦੇ ਅਧਿਕਾਰ ਸ਼ਾਮਿਲ ਹਨ। ਉਸ ਵੇਲੇ ਤੋਂ ਹੀ ਇਹ ਦਿਨ 'ਮਨੁੱਖੀ ਅਧਿਕਾਰ ਦਿਵਸ' ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਮਨੁੱਖੀ ਅਧਿਕਾਰ ਤੋਂ ਭਾਵ ਹੈ ਕਿ ਸਾਫ-ਸੁਥਰੀ ਤੇ ਸੁਰੱਖਿਅਤ ਜੀਵਨ- ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਸਮਾਨ ਰੂਪ ਵਿੱਚ ਸਹੂਲਤਾਂ ਹਾਸਿਲ ਹੋਣ। ਇਸ ਤੋਂ ਘੱਟ ਪ੍ਰਾਪਤੀ ਵਿਦਰੋਹ ਦੀ ਜਨਮਦਾਤੀ ਹੈ ਤੇ ਇਸ ਤੋਂ ਵੱਧ ਹੱਕ ਮਾਨਣਾ, ਅਧਿਕਾਰਾਂ ਦੇ ਨਾਂ ਤੇ ਦੂਜਿਆਂ ਦਾ 'ਸ਼ੋਸ਼ਣ' ਹੁੰਦਾ ਹੈ।

ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਫਲਸਤੀਨ ਵਿੱਚ ਇਜ਼ਰਾਇਲ ਵੱਲੋਂ ਕੀਤੇ ਭਿਅੰਕਰ ਹਮਲਿਆਂ ਵਿੱਚ ਮਾਰੇ ਗਏ ਹਜ਼ਾਰਾਂ ਬੱਚਿਆਂ ਦੀ ਦਿਲ-ਕੰਬਾਊ ਤਸਵੀਰ ਨਜ਼ਰ ਆਉਂਦੀ ਹੈ। ਗਾਜ਼ਾ ਵਿੱਚ ਮਾਸੂਮਾਂ 'ਤੇ ਹੋਏ ਜਬਰ ਦੇ ਖ਼ਿਲਾਫ਼ ਵੱਡੀਆਂ ਤਾਕਤਾਂ ਨੂੰ ਰੋਕਣ ਵਿੱਚ ਯੂ.ਐਨ.ਓ. ਵੀ ਬੇਵਸ ਅਤੇ ਲਾਚਾਰ ਨਜ਼ਰ ਆਇਆ। ਇਉ ਹੀ ਰੂਸ ਵੱਲੋਂ ਯੂਕਰੇਨ 'ਤੇ ਕੀਤੇ ਗਏ ਭਿਅੰਕਰ ਹਮਲਿਆਂ 'ਚ ਹੋਏ ਮਨੁੱਖੀ ਹੱਕਾਂ ਦੇ ਘਾਣ ਦੀ ਦਰਦਨਾਕ ਦਾਸਤਾਨ ਹੈ। ਉਧਰ ਦੁਨੀਆਂ ਦੇ ਸਭ ਤੋਂ ਵੱਡੇ ਅਖੌਤੀ ਲੋਕ ਰਾਜ ਭਾਰਤ ਦੇ ਵਿਸ਼ਾਲ ਸੰਵਿਧਾਨ ਦੇ ਰਚਨਹਾਰਿਆਂ ਨੇ ਚਾਹੇ ਮੂਲ ਮਨੁੱਖੀ ਹੱਕਾਂ ਦਾ ਵਿਸ਼ੇਸ਼ ਰੂਪ ਵਿੱਚ ਜ਼ਿਕਰ ਕਰਦਿਆਂ, ਇਹਨਾਂ ਦੀ ਸੁਰਖਿਆਂ ਵਾਸਤੇ ਵਿਸ਼ੇਸ਼ ਕਾਨੂੰਨ ਬਣਾਏ ਹਨ, ਜਿਨ੍ਹਾਂ ਦੀ ਉਲੰਘਣਾ ਦੇ ਰੂਪ ਵਿੱਚ ਨਾਗਰਿਕ ਨੂੰ ਸਰਬ-ਉਚ ਨਿਆਂ ਪਾਲਿਕਾ ਦਾ ਦਰਵਾਜਾ ਖੜਕਾਉਣ ਦਾ ਹੱਕ ਵੀ ਪ੍ਰਾਪਤ ਹੈ, ਪਰ ਸਮੱਸਿਆ ਇਹ ਹੈ ਕਿ ਪ੍ਰਸ਼ਾਸਨਿਕ ਕਾਰਜ ਪ੍ਰਣਾਲੀ ਇਸ ਵਿਵਸਥਾ ਨੂੰ ਵਿਹਾਰਕ ਸਰੂਪ ਦੇਣ ਵਿੱਚ ਬਿਲਕੁਲ ਹੀ ਸਫਲ ਨਹੀਂ ਹੋ ਸਕੀ। ਭਾਰਤੀ ਸ਼ਾਸਨ ਦੇ ਕਾਰਜ-ਪ੍ਰਬੰਧ ਨੂੰ ਵਾਚਣ ਉਪਰੰਤ ਇਸ ਨਤੀਜੇ 'ਤੇ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ ਦੇਸ਼ ਵਿੱਚ ਆਮ ਨਾਗਰਿਕ ਦੇ ਆਮ ਕਰਕੇ ਅਤੇ ਘੱਟ ਗਿਣਤੀਆਂ ਦੇ ਖਾਸ ਕਰਕੇ ਬੁਨਿਆਦੀ ਅਧਿਕਾਰ ਮਹਿਫ਼ੂਜ਼ ਨਹੀਂ ਹਨ। ਭਾਰਤ ਵਿੱਚ ਮਨੁੱਖੀ ਹੱਕਾਂ ਦੀ ਪਰਿਭਾਸ਼ਾ ਵਿਅਕਤੀ ਤੋਂ ਵਿਅਕਤੀ ਤੱਕ ਬਦਲਦੀ ਹੈ। ਕਿਸੇ ਦਫ਼ਤਰ ਵਿੱਚ ਬੈਠਾ ਅਫ਼ਸਰ ਆਪਣੇ ਅਧੀਨ ਅਧਿਕਾਰੀ ਨੂੰ, ਨਿੱਜੀ ਹਿੱਤ ਲਈ ਵਰਤਣਾ ਆਪਣਾ ਅਧਿਕਾਰ ਸਮਝਦਾ ਹੈ। ਲਾਲ ਬੱਤੀ ਵਾਲੀ ਗੱਡੀ 'ਤੇ ਸਵਾਰ ਨੇਤਾ ਲੋਕਾਂ ਨੂੰ ਗੁੰਮਰਾਹ ਕਰਕੇ ਵੋਟਾਂ ਹਥਿਆਉਣਾ ਆਪਣਾ ਹੱਕ ਸਮਝਦਾ ਹੈ। ਸਥਾਪਤੀ ਦੀ ਕੁਰਸੀ 'ਤੇ ਬੈਠਾ ਸ਼ਾਸਕ ਜਨ- ਸੰਪਤੀ ਨੂੰ ਨਿੱਜੀ ਸੰਪਤੀ ਸਮਝਦਿਆਂ, ਉਸਨੂੰ ਲੁੱਟਣਾ ਜਨਮ ਸਿੱਧ ਅਧਿਕਾਰ ਸਮਝਦਾ ਹੈ। ਅਜਿਹੀ ਬੇਇਨਸਾਫ਼ੀ ਤੇ ਅਨਿਆਂ ਦੀ ਕੋਝੀ ਤਸਵੀਰ ਅਨੇਕਾਂ ਸਵਾਲਾਂ ਨੂੰ ਜਨਮ ਦਿੰਦੀ ਹੈ।

ਸਵਾਲ ਇਹ ਉਠਦਾ ਹੈ ਕਿ ਮਨੁੱਖੀ ਹੱਕਾਂ ਦਾ ਘਾਣ ਕਦੋਂ ਤੱਕ ਹੁੰਦਾ ਰਹੇਗਾ? ਇਨਸਾਫ਼ ਦੀ ਮੰਗ ਵਾਸਤੇ ਸਤਾਏ ਮਨੁੱਖ, ਫੈਸਲਿਆਂ ਦੀ ਉਡੀਕ 'ਚ ਕਦੋਂ ਬਿਰਖ ਬਣੇ ਰਹਿਣਗੇ? ਨਿਰਦੋਸ਼ ਇਨਸਾਨਾਂ ਨਾਲ ਹੁੰਦੀਆਂ ਵਧੀਕੀਆਂ ਦੀ ਦਾਸਤਾਨ ਕਦੋਂ ਜਾ ਕੇ ਖਤਮ ਹੋਵੇਗੀ? ਇਹਨਾਂ ਸਵਾਲਾਂ ਦਾ ਬਿਲਕੁਲ ਸਿੱਧਾ, ਸਪੱਸ਼ਟ ਤੇ ਵਿਹਾਰਕ ਉਤਰ ਇਹ ਹੈ ਕਿ ਅਨਿਆਂ ਦੀ ਦੁਖਾਂਤਕ ਕਹਾਣੀ ਦਾ ਅੰਤ ਉਦੋਂ ਤੱਕ ਨਹੀਂ ਹੋਵੇਗਾ, ਜਦ ਤੱਕ ਕੁਰਸੀਦਾਰਾਂ ਨੂੰ ਆਪਣੇ ਹੱਡਾਂ 'ਤੇ ਬੇਦੋਸ਼ਿਆਂ ਦੀ ਤਰ੍ਹਾਂ ਸਿਤਮ ਝੱਲਣੇ ਨਹੀਂ ਪੈਂਦੇ। ਜਿੰਨਾਂ ਚਿਰ ਸ਼ਾਸਕ ਖੁਦ ਤਸ਼ੱਦਦ ਦਾ ਸ਼ਿਕਾਰ ਨਹੀਂ ਹੁੰਦਾ, ਉਨ੍ਹਾਂ ਚਿਰ ਉਹ ਕੀ ਜਾਣੇ ਕਿ ਵਧੀਕੀ ਤੇ ਬੇਇਨਸਾਫ਼ੀ ਕੀ ਹੁੰਦੀ ਹੈ। ਇਸ ਸੰਦਰਭ ਵਿੱਚ 6ਵੀਂ ਸਦੀ 'ਚ ਬਣੇ ਮਿਸਰ ਬਾਦਸ਼ਾਹ ਨੌਸ਼ਰਵਾ ਦੀ ਘਟਨਾ ਜ਼ਿਕਰਯੋਗ ਹੈ। ਛੋਟੀ ਉਮਰ 'ਚ ਜਦ ਉਹ ਉਸਤਾਦ ਕੋਲ ਪੜ੍ਹਨ ਵਾਸਤੇ ਜਾਂਦਾ ਸੀ, ਤਾਂ ਇੱਕ ਦਿਨ ਵਾਪਰੀ ਘਟਨਾ ਨੇ ਉਸਦੇ ਮਨ ਅੰਦਰ ਬੜਾ ਰੋਸ ਪੈਦਾ ਕਰ ਦਿੱਤਾ। ਹੋਇਆ ਇਉਂ ਕਿ ਉਸਤਾਦ ਨੇ ਉਸ ਨੂੰ ਕੋਲ ਬੁਲਾਇਆ ਤੇ ਬਗੈਰ ਕਿਸੇ ਕਾਰਨ ਹੀ ਮੂੰਹ 'ਤੇ ਚਪੇੜ ਮਾਰ ਦਿੱਤੀ । ਰਾਜਕੁਮਾਰ ਦਾ ਮਨ ਬੜਾ ਦੁਖੀ ਹੋਇਆ ਤੇ ਉਸ ਨੇ ਤੈਅ ਕਰ ਲਿਆ ਕਿ ਜਿਸ ਦਿਨ ਉਹ ਗੱਦੀ 'ਤੇ ਬੈਠਿਆ, ਤਾਂ ਉਸਤਾਦ ਤੋਂ ਇਸ ਗੁਸਤਾਖ਼ੀ ਦਾ ਜੁਆਬ ਜ਼ਰੂਰ ਮੰਗੇਗਾ।

ਜਵਾਨ ਹੋਣ 'ਤੇ ਰਾਜ ਸੱਤਾ ਸੰਭਾਲਣਾ ਮਗਰੋਂ ਬਾਦਸ਼ਾਹ ਨੌਸ਼ਰਵਾ ਨੇ ਦਰਬਾਰ ਵਿੱਚ ਉਸਤਾਦ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। ਰਾਜ ਸਭਾ ਵਿੱਚ ਹਾਜ਼ਰ ਹੋਣ 'ਤੇ ਗੁਰੂ ਨੂੰ ਰਾਜੇ ਨੇ ਕਰੜਾਈ ਨਾਲ ਪੁੱਛਿਆ , ਉਸਤਾਦ ਜੀ! ਮੈਨੂੰ ਤੁਹਾਡਾ ਥੱਪੜ ਅਜੇ ਤੱਕ ਨਹੀਂ ਭੁੱਲਿਆ। ਜੁਆਬ ਦੇਵੋ ਕਿ ਤੁਸੀ ਮੈਨੂੰ ਬਿਨਾਂ ਗਲਤੀ ਦੇ ਸਜ਼ਾ ਕਿਉਂ ਦਿੱਤੀ? ਬਾਦਸ਼ਾਹ ਦੀ ਇਹ ਗੱਲ ਸੁਣਦਿਆਂ ਸਾਰ ਉਸਤਾਦ ਦੇ ਚਿਹਰੇ 'ਤੇ ਜੇਤੂ ਮੁਸਕਾਨ ਖਿੱਲਰ ਗਈ ਤੇ ਫ਼ਖਰ ਨਾਲ ਆਖਣ ਲੱਗਿਆ , ਰਾਜਾ! ਹੁਣ ਮੇਰਾ ਸਬਕ ਪੂਰਾ ਹੋ ਗਿਆ ਹੈ। ਦਰਅਸਲ , ਪੜ੍ਹਦਿਆਂ ਮੈਂ ਤੈਨੂੰ ਕਈ ਵਾਰ ਸਜ਼ਾ ਦਿੱਤੀ , ਪਰ ਉਹ ਤੈਨੂੰ ਚੇਤੇ ਨਹੀਂ, ਪਰ ਉਹ ਚਪੇੜ ਨਹੀਂ ਭੁੱਲੀ, ਜਿਹੜੀ ਬੇਕਸੂਰਿਆਂ ਤੈਨੂੰ ਮਾਰੀ ਗਈ। ਮੇਰਾ ਮਕਸਦ ਹੀ ਇਹੋ ਸੀ ਕਿ ਤੂੰ ਆਪਣੇ ਨਾਲ ਹੋਈ ਇਸ ਜ਼ਿਆਦਤੀ ਨੂੰ ਨਾ ਭੁੱਲੇਂ, ਤਾਂ ਕਿ ਰਾਜਾ ਬਣਨ ਮਗਰੋਂ ਕਿਸੇ ਨਿਰਦੋਸ਼ ਨੂੰ ਸਜ਼ਾ ਨਾ ਦੇਵੇ।

ਕਾਸ਼ ! ਭਾਰਤ ਦੇ ਹਰੇਕ ਪ੍ਰਧਾਨ ਮੰਤਰੀ, ਮੁੱਖ ਮੰਤਰੀ ਅਤੇ ਹੋਰਨਾਂ ਆਗੂਆਂ ਨੇ ਬਿਨਾ ਕਸੂਰ ਦੇ ਇੱਕ ਥੱਪੜ ਖਾਧਾ ਹੁੰਦਾ, ਤਾਂ ਅੱਜ ਕਿਸੇ ਬੇਕਸੂਰ ਨੂੰ ਸਜ਼ਾ ਨਾ ਮਿਲਦੀ, ਕਿਸੇ ਨਾਲ ਅਨਿਆਂ ਨਾ ਹੁੰਦਾ, ਜਿਵੇਂ ਨਿਰਦੋਸ਼ ਬਾਦਸ਼ਾਹ ਦੇ ਵੱਜੀ ਚਪੇੜ ਦਾ ਅਸਰ ਇਹ ਹੋਇਆ ਕਿ ਸਾਰੀ ਉਮਰ ਉਸ ਨੇ ਕਿਸੇ ਨਿਰਦੋਸ਼ ਨਾਲ ਵਧੀਕੀ ਨਹੀਂ ਕੀਤੀ। ਇਥੋਂ ਤੱਕ ਕਿ ਕਿਹਾ ਜਾਂਦਾ ਹੈ ਕਿ ਰਾਜੇ ਨੌਸ਼ਰਵਾ ਨੂੰ ਸ਼ਿਕਾਰ ਦੌਰਾਨ ਮਹੱਲ ਤੋਂ ਦੂਰ ਵਿਚਰਦਿਆਂ, ਇੱਕ ਵਾਰ ਉਸਨੂੰ ਲੂਣ ਦੀ ਲੋੜ ਪਈ, ਤਾਂ ਰਾਜੇ ਨੇ ਸਿਪਾਹੀ ਨੂੰ ਆਦੇਸ਼ ਦਿੱਤਾ ਕਿ ਨਗਰ ਤੋਂ ਲੂਣ ਲਿਆਉਣਾ ਹੈ, ਪਰ ਮੁਫ਼ਤ ਨਹੀਂ, ਉਸ ਦੀ ਪੂਰੀ ਕੀਮਤ ਦੇਣੀ ਹੈ। ਜਿਸ ਦੇਸ਼ ਦਾ ਮੁਖੀ ਬਾਗ ਦਾ ਇੱਕ ਫੁੱਲ ਤੋੜੇਗਾ, ਉਸ ਦੇ ਮੰਤਰੀ ਸਾਰਾ ਬਗੀਚਾ ਉਜਾੜ ਦੇਣਗੇ।

ਮਾਨਵੀ ਹੱਕਾਂ ਦੀ ਰਾਖੀ ਤੇ ਬੇਗੁਨਾਹਾਂ ਲਈ ਨਿਆਂ ਦੀ ਅਜੋਕੀ ਸਿਆਸੀ ਸਥਿਤੀ ਦੇ ਸੰਦਰਭ ਵਿੱਚ ਇਹ ਵੱਡੀ ਘਾਟ ਨਜ਼ਰ ਆ ਰਹੀ ਹੈ। ਕਿਸੇ ਵੀ ਲੋਕਤੰਤਰ ਦੀ ਬੁਨਿਆਦ ਮਨੁੱਖੀ ਅਧਿਕਾਰਾਂ 'ਤੇ ਟਿੱਕੀ ਹੁੰਦੀ ਹੈ, ਪਰ ਮੁੱਢਲੇ ਮਾਨਵੀਂ ਹੱਕਾਂ ਦੀ ਉਲੰਘਣਾ ਕਾਰਨ ਦੁਨੀਆ ਦੇ ਲੋਕਰਾਜਾਂ ਦੀ ਨੀਂਹ ਨਸ਼ਟ ਹੋ ਰਹੀ ਹੈ। ਭਾਰਤ ਦੀਆਂ ਜੇਲਾਂ ਅੰਦਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਨੌਜਵਾਨ ਅਤੇ ਹੋਰ ਐਕਟਵਿਸਟ ਜਿਸ ਤਰ੍ਹਾਂ ਸੜ ਰਹੇ ਹਨ, ਇਹ ਇਸ ਦੀ ਮੂੰਹ ਬੋਲਦੀ ਤਸਵੀਰ ਹੈ। ਪੰਜਾਬ ਦੀ ਧਰਤੀ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਅਗਵਾ ਕੀਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਪੁਲਿਸ ਹਿਰਾਸਤ ਵਿੱਚ ਝੂਠੇ-ਮੁਕਾਬਲਾ ਬਣਾ ਕੇ ਸ਼ਰੇਆਮ ਕਤਲ ਕਰ ਦੇਣ ਤੋਂ ਵੱਡਾ ਭਿਆਨਕ ਕਤਲੇਆਮ ਹੋਰ ਕੀ ਹੋਵੇਗਾ? ਸਿਤਮਜ਼ਰੀਫੀ ਦੇਖੋ ਕਿ ਆਪਣੇ ਗੁਨਾਹਾਂ 'ਤੇ ਪਰਦਾ ਪਾਉਣ ਲਈ ਉਹਨਾਂ ਲਾਸ਼ਾਂ ਨੂੰ ਵਾਰਸਾਂ ਹਵਾਲੇ ਕਰਨ ਦੀ ਬਜਾਇ, ਲਾਵਾਰਿਸ ਕਹਿ ਕੇ ਇਕੱਠਿਆਂ ਹੀ ਅੱਗ 'ਚ ਸਾੜ ਦਿੱਤਾ ਗਿਆ। ਇਥੇ ਹੀ ਬੱਸ ਨਹੀਂ, ਜਦ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਯੋਧਾ ਭਾਈ ਜਸਵੰਤ ਸਿੰਘ ਖ਼ਾਲਸਾ ਮਾਨਵਤਾ ਦੇ ਕਾਤਲਾਂ ਦੀ ਇਸ ਘਿਣਾਉਣੀ ਚਾਲ ਨੂੰ ਬੇਨਕਾਬ ਕਰਦਾ ਹੈ, ਤਾਂ ਉਸਨੂੰ ਅਗਵਾ ਕਰਨ ਮਗਰੋਂ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਉਸ ਮਹਾਨ ਵਿਅਕਤੀ ਦਾ ਦੋਸ਼ ਕੀ ਸੀ? ਸਿਰਫ਼ ਏਨਾ ਕਿ ਉਸਨੇ ਮਨੁੱਖੀ ਹੱਕਾਂ ਲਈ ਸੱਚ ਦੀ ਦੁਹਾਈ ਦਿੱਤੀ ਤੇ ਉਸਨੂੰ ਸਰਕਾਰੀ ਝੂਠ ਦਾ ਹਨੇਰਾ ਬਰਦਾਸ਼ਤ ਨਹੀਂ ਕਰ ਸਕਿਆ।

ਪ੍ਰਸਿੱਧ ਚਿੰਤਕ ਗੋਲਡ ਸਮਿਥ ਦਾ ਕਥਨ ਹੈ , ਮਾੜੇ ਤੇ ਗਰੀਬਾਂ ਉਤੇ ਕਨੂੰਨ ਰਾਜ ਕਰਦਾ ਹੈ ਤੇ ਤਕੜੇ ਤੇ ਅਮੀਰ ਕਾਨੂੰਨ 'ਤੇ ਰਾਜ ਕਰਦੇ ਹਨ। ਕਾਨੂੰਨ ਦੇ ਸਨਮੁੱਖ ਸਮਾਨਤਾ ਦੀ ਥਾਂ ਵਾਸਤਵ ਵਿੱਚ ਕਾਣੀ-ਵੰਡ ਨਜ਼ਰ ਆਉਂਦੀ ਹੈ। ਜਦ ਆਮ ਮਨੁੱਖ ਕਾਨੂੰਨ ਦੇ ਕਟਹਿਰੇ ਵਿੱਚ ਹੁੰਦਾ ਹੈ, ਤਾਂ ਉਸ ਉਪਰ ਦੰਡਾਤਮਕ ਨਜ਼ਰਬੰਦੀ, ਰਾਸ਼ਟਰੀ ਸੁਰੱਖਿਆ ਐਕਟ, ਯੂਏਪੀਏ ਅਤੇ ਟਾਡਾ ਆਦਿ ਰਾਹੀ ਨਾਜਾਇਜ਼ ਅਤੇ ਅਣਉਚਿੱਤ ਪਾਬੰਦੀਆਂ ਲਾ ਕੇ ਮਨੁੱਖੀ ਹੱਕਾਂ ਦਾ ਘਾਣ ਹੁੰਦਾ ਹੈ। ਦੂਜੇ ਪਾਸੇ ਜਦ ਅਜਿਹੀ ਜਕੜ ਵਿੱਚ ਵਿਸ਼ੇਸ਼ ਪ੍ਰਸ਼ਾਸਨਿਕ ਅਧਿਕਾਰੀ ਆਉਂਦੇ ਹਨ, ਤਾਂ ਉਹਨਾਂ ਤੋਂ ਆਪਣੀਆਂ ਮਨਮਰਜ਼ੀਆਂ, ਬੇਨਿਯਮੀਆ ਅਤੇ ਧੱਕੇਸ਼ਾਹੀਆਂ ਲਈ ਜੁਆਬ ਮੰਗਣ ਦੀ ਥਾਂ, ਉਹਨਾਂ ਵਾਸਤੇ ਵਿਸ਼ੇਸ਼ ਰਿਆਇਤਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ਕਿਥੋਂ ਦਾ ਇਨਸਾਫ ਹੈ ਕਿ ਆਮ ਮਨੁੱਖ ਤਾਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਸਜ਼ਾ ਕੱਟ ਰਿਹਾ ਹੋਵੇ, ਪਰ ਸ਼ੈਤਾਨ ਬੁੱਚੜ ਪੁਲਿਸ ਅਫ਼ਸਰ ਹਜ਼ਾਰਾਂ ਬੇਕਸੂਰਾਂ ਨੂੰ ਮਨਘੜਤ ਮੁਕਾਬਲਿਆਂ ਵਿੱਚ ਮਾਰ ਮੁਕਾਉਣ ਦੇ ਬਾਵਜੂਦ ਬੇਖ਼ੌਫ਼ ਹੋ ਕੇ ਮੌਜਾਂ ਮਾਣ ਰਹੇ ਹੋਵਣ। ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਣ ਵਾਲੀਆਂ ਸੰਸਥਾਵਾਂ ਨੂੰ ਦੇਸ਼ ਦੇ ਗੱਦਾਰ ਗਰਦਾਨਿਆਂ ਜਾਵੇ, ਜਦਕਿ ਮਾਨਵੀ ਹੱਕਾਂ ਦੀਆਂ ਧੱਜੀਆਂ ਉਡਾਉਣ ਵਾਲੇ ਸਿਆਸੀ ਗੁੰਡਿਆਂ ਨੂੰ ਦੇਸ਼-ਪ੍ਰੇਮੀ ਦੀ ਉਪਾਧੀ ਦਿੱਤੀ ਜਾਵੇ।

ਨਿਆਂ ਦੀ ਮੂਰਤੀ ਦੀਆਂ ਅੱਖਾਂ ਉੱਤੇ ਪੱਟੀ ਤਾਂ ਸ਼ਾਇਦ ਇਸ ਕਰਕੇ ਬੰਨ੍ਹੀ ਹੁੰਦੀ ਹੈ ਕਿ ਕਾਨੂੰਨ ਦੀ ਨਜ਼ਰ ਵਿੱਚ ਅਮੀਰ ਤੇ ਗਰੀਬ, ਤਕੜੇ ਤੇ ਮਾੜੇ ਅਤੇ ਰਾਜਾ ਤੇ ਪਰਜਾ ਵਿੱਚ ਕੋਈ ਭੇਦ ਭਾਵ ਅਤੇ ਫਰਕ ਨਾ ਹੋਵੇ, ਪਰ ਭਾਰਤੀ ਨਿਆਂ ਪ੍ਰਣਾਲੀ ਦੇ ਸਦ ਕੇ ਜਾਈਏ, ਜਿਥੇ ਦੋਸ਼ੀ ਤੇ ਨਿਰਦੋਸ਼ , ਕਾਤਲ ਤੇ ਮਕਤੂਲ, ਸ਼ੋਸ਼ਣ ਤੇ ਸ਼ੋਸ਼ਿਤ ਅਤੇ ਭ੍ਰਿਸ਼ਟ ਤੇ ਇਮਾਨਦਾਰ ਵਿਚਕਾਰ ਵੀ ਭੋਰਾ-ਭਰ ਫ਼ਰਕ ਨਹੀਂ ਤੇ ਸਭ ਨਾਲ ਇਕੋ-ਤਰ੍ਹਾਂ ਨਜਿੱਠਿਆਂ ਜਾਂਦਾ ਹੈ। ਇਸ ਪ੍ਰਕਾਰ ਇਹ ਸਮਾਨਤਾ ਭਾਰਤੀ ਕਾਨੂੰਨ ਵਿਵਸਥਾ ਮਨੁੱਖੀ ਹੱਕਾ ਦੀਆਂ ਧੱਜੀਆਂ ਉਡਾਉਣ ਦੀ ਮਿਸਾਲ ਹੋ ਨਿਬੜਦੀ ਹੈ।

ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਰਿਪੋਰਟ ਵਿੱਚ 140 ਦੇਸ਼ਾਂ ਦੇ ਕੀਤੇ ਸਰਵੇਖਣ ਵਿੱਚ ਭਾਰਤ ਨੂੰ 79ਵੇਂ 'ਫਾਡੀ' ਸਥਾਨ ਮਿਲਣ 'ਤੇ ਨਮੋਸ਼ੀ ਉਠਾਉਣੀ ਪਈ ਹੈ। ਇੱਥੇ ਹੀ ਵੱਸ ਨਹੀਂ ਕੌਮਾਂਤਰੀ ਪ੍ਰੈੱਸ ਮੀਡੀਆ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ 180 ਦੇਸ਼ਾਂ ਵਿੱਚੋਂ 161ਵੇਂ ਸਥਾਨ ਤੇ ਖਿਸਕ ਗਿਆ ਹੈ। ਦੂਜੇ ਪਾਸੇ 'ਫ਼ਖ਼ਰ ਵਾਲੀ ਗੱਲ' ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਾਰਤ ਜਲਦੀ ਹੀ ਦੁਨੀਆ ਦਾ ਮੋਦੀ ਮੁਲਕ ਬਣ ਜਾਏਗਾ। ਸੈਂਕੜੇ ਬਿਲੀਅਨ ਡਾਲਰ ਦਾ ਕਰਜ਼ਾਈ ਹਿੰਦੁਸਤਾਨ ਆਰਥਿਕ ਦ੍ਰਿਸ਼ਟੀਕੋਣ ਤੋਂ ਕੰਗਾਲਿਸਤਾਨ ਬਣਦਾ ਜਾ ਰਿਹਾ ਹੈ ਅਤੇ ਸਰਕਾਰੀ ਚਹੇਤੇ ਲੁਟੇਰੇ ਅਰਬਾਂ ਖਰਬਾਂ ਲੁੱਟ ਕੇ ਸਰਕਾਰ ਦੀ ਸ਼ਹਿ 'ਤੇ ਦੇਸ਼ ਵਿੱਚੋਂ ਬਾਹਰ ਭੱਜ ਰਹੇ ਹਨ।

ਆਜ਼ਾਦੀ ਦਾ ਸਹੀ ਅਰਥ ਮਨੁੱਖੀ ਹੱਕਾਂ ਦੀ ਹੋਂਦ ਤੋਂ ਹੈ, ਜੋ ਸਮਾਨਤਾ ਸਹਿਤ ਹਰ ਮਨੁੱਖ ਨੂੰ ਹਾਸਿਲ ਹੋਣੀ ਲਾਜ਼ਮੀ ਹੈ। 1947 ਤੋਂ ਪਹਿਲਾਂ ਤਾਂ ਮੁਢਲੇ ਮਾਨਵੀ ਅਧਿਕਾਰ ਇਸ ਵਾਸਤੇ ਸੁਰੱਖਿਅਤ ਨਹੀਂ ਸਨ, ਕਿਉਂਕਿ ਭਾਰਤੀ ਲੋਕ ਅੰਗਰੇਜ਼ਾਂ ਦੀ ਗੁਲਾਮੀ ਦਾ ਸੰਤਾਪ ਹੰਢਾ ਰਹੇ ਸਨ। ਮਨੁੱਖੀ ਹੱਕਾਂ ਦੀ ਆਜ਼ਾਦੀ ਲਈ ਤਾਂ ਦੇਸ਼ ਵਾਸੀਆਂ ਨੇ ਫਰੰਗੀ ਹਕੂਮਤ ਵਿਰੁੱਧ ਸੰਘਰਸ਼ ਛੇੜਿਆ ਸੀ, ਪਰ ਕੀ ਆਜ਼ਾਦੀ ਦੀ ਇਸ ਸਦੀ ਦੇ ਦੌਰਾਨ ਭਾਰਤੀ ਨਾਗਰਿਕ ਦੇ ਅਧਿਕਾਰ ਸੁਰੱਖਿਅਤ ਰਹੇ ਹਨ? ਇਸ ਦਾ ਉਤਰ ਆਜ਼ਾਦ ਭਾਰਤ ਵਿੱਚ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਹਤਿਆ ਮਗਰੋਂ ਵਾਪਰੇ ਸਭ ਤੋਂ ਵੱਡੇ ਨਰ- ਸੰਹਾਰ 'ਸਿੱਖ ਨਸਲਕੁਸ਼ੀ' ਦੇ ਰੂਪ ਵਿੱਚ ਮਿਲਦਾ ਹੈ, ਜਦ ਖਾਸ ਫਿਰਕੇ ਦੇ ਲੋਕਾਂ 'ਤੇ ਅਣ-ਮਨੁੱਖੀ ਤਸ਼ੱਦਦ ਕੀਤਾ ਗਿਆ। ਧੀਆਂ -ਭੈਣਾਂ ਦੀ ਅਸਮਤ ਲੁੱਟੀ ਗਈ, ਹਜ਼ਾਰਾਂ ਦੀ ਗਿਣਤੀ ਵਿੱਚ ਬੇਕਸੂਰ ਸਿੱਖਾਂ ਨੂੰ ਗਲਾਂ ਵਿੱਚ ਟਾਇਰ ਪਾ ਕੇ, ਅੱਗ ਲਾ ਕੇ ਜਿਉਂਦੇ -ਜੀ ਸਾੜਿਆ ਗਿਆ। ਇਸ ਖ਼ੂਨੀ ਸਾਕੇ ਦੇ ਚਸ਼ਮਦੀਦ ਗਵਾਹ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਨਾ ਸਿਰਫ਼ ਮੂਕ - ਦਰਸ਼ਕ ਬਣੇ ਸ਼ੈਤਾਨੀਅਤ ਦਾ ਨੰਗਾ ਨਾਚ ਵੇਖਦੇ ਰਹੇ, ਸਗੋਂ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਦੋਸ਼ੀਆਂ ਨਾਲ ਮਿਲ ਕੇ, ਹੱਲਾ-ਸ਼ੇਰੀ ਦਿੰਦਿਆਂ, ਜਬਰ -ਜ਼ੁਲਮ ਵਿੱਚ ਪੂਰੀ ਤਰ੍ਹਾਂ ਸ਼ਰੀਕ ਵੀ ਹੋਏ। ਇਹਨਾਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਨਿਯੁਕਤ ਰੰਗਾਨਾਥ ਕਮਿਸ਼ਨ, ਕੁਸਮ ਲਤਾ ਜਾਂਚ ਸਮਿਤੀ, ਵੇਦ ਮਰਵਾਹ ਰਿਪੋਰਟ ਆਦਿ ਨੇ ਪੁਲਿਸ ਦੁਆਰਾ ਹੁੱਲੜਬਾਜ਼ਾਂ ਦਾ ਸਾਥ ਦੇਣ 'ਤੇ ਕਾਰਵਾਈ ਕਰਨ ਦੀ ਮਹਿਜ਼ ਸਿਫਾਰਸ਼ ਕੀਤੀ, ਪਰ ਦੁੱਖ ਦੀ ਗੱਲ ਇਹ ਹੈ ਕਿ ਦੋਸ਼ੀ ਅਜੇ ਵੀ ਨਿਆਇਕ ਹਿਰਾਸਤ ਤੋਂ ਮੁਕਤ ਹਨ। ਸਿੱਖ ਨਸਲਕੁਸ਼ੀ ਸਰਕਾਰੀ ਅੱਤਵਾਦ ਦੀ ਮੂੰਹ ਬੋਲਦੀ ਤਸਵੀਰ ਸੀ, ਜਿਸ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਕਰ ਕੇ ਹੀ,ਦੇਸ਼ ਵਿੱਚ ਬਾਬਰੀ ਮਸਜਿਦ ਕਾਂਡ, ਗੁਜਰਾਤ ਕਤਲੇਆਮ, ਉੜੀਸਾ ਕਾਂਡ ਅਤੇ ਅਨੇਕਾਂ ਹੋਰ ਦੁਖਾਂਤ ਵਾਪਰੇ। ਥਾਂ-ਥਾਂ 'ਤੇ ਜਿਹੜੇ ਵੀ ਸਮੂਹਿਕ ਜਬਰ-ਜਨਾਹ ਹੋਏ ਅਤੇ ਅੱਜ ਵੀ ਹੋ ਰਹੇ ਹਨ, ਇਨ੍ਹਾਂ ਦਾ ਮੁੱਢ ਸਿੱਖ ਨਸਲਕੁਸ਼ੀ ਦੇ ਦੁੱਖਾਂ ਤੋਂ ਹੀ ਬੱਝਿਆ। ਇੰਨੇ ਭਿਆਨਕ ਅੱਤਿਆਚਾਰ ਕਾਰਨ ਸਿੱਖ ਮਾਨਸਿਕਤਾ ਵਿੱਚ ਲੋਕ ਮੁਹਾਵਰਾ ਵੀ ਅਜਿਹਾ ਬਣ ਚੁੱਕਿਆ ਸੀ ਕਿ ਭੰਡਾ ਭੰਡਾਰੀਆ ਕਿੰਨਾ ਕੁ ਭਾਰ? ਇਕ ਲਾਸ਼ ਚੁੱਕ ਲਾ ਦੂਜੀ ਨੂੰ ਤਿਆਰ।

ਸਮੁੱਚੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਪੰਜਾਬ ਪਿਛਲੇ ਕਈ ਦਹਾਕਿਆਂ ਤੋਂ ਮਾਨਵੀ ਹੱਕਾਂ ਤੋਂ ਵਾਂਝਾ ਰਿਹਾ ਹੈ। ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਕਹਿ ਕੇ ਥਾਣਿਆਂ ਵਿੱਚ ਅਕਹਿ ਕਹਿਰ ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਅਜਿਹੇ ਪੁਲਿਸ ਅਤਿਆਚਾਰ ਨੂੰ ਸਾਰੇ ਮੁਲਕ ਸਾਹਮਣੇ ਪੇਸ਼ ਕਰਨ ਲਈ ਮਾਨਵ ਅਧਿਕਾਰ ਸੰਗਠਨਾਂ ਨੇ ਕਈ ਰਿਪੋਰਟਾਂ ਪੇਸ਼ ਕੀਤੀਆਂ, ਜਿਨ੍ਹਾਂ 'ਚੋ ਰਿਪੋਰਟ ਟੂ ਨੇਸ਼ਨ- ਅਪਰੇਸ਼ਨ ਪੰਜਾਬ ਤੇ ਸਟੇਟ ਟੈਰਰਿਜ਼ਮ ਇਨ ਪੰਜਾਬ ਪ੍ਰਮੁੱਖ ਹਨ। ਇਹਨਾਂ ਰਿਪੋਰਟਾਂ ਵਿੱਚ ਪੁਲਿਸ ਅਤੇ ਅਰਧ- ਸੈਨਿਕ ਦਲਾਂ ਦੁਆਰਾ ਬੇਕਸੂਰ ਲੋਕਾਂ 'ਤੇ ਕੀਤੇ ਤਸ਼ੱਦਦ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਸ ਦੌਰਾਨ ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ ਦੀ ਹੋਈ ਨਿਆਂ ਕਨਵੈਨਸ਼ਨ ਵਿੱਚ ਪਾਸ ਕੀਤੇ ਮਤਿਆਂ 'ਚੋਂ ਇੱਕ ਮਹੱਤਵਪੂਰਨ ਇਹ ਵੀ ਸੀ ਕਿ ਸੀ.ਬੀ.ਆਈ ਦੁਆਰਾ ਸੁਪਰੀਮ ਕੋਰਟ ਅੱਗੇ ਪੇਸ਼ ਕੀਤੀ ਰਿਪੋਰਟ ਦੇ ਆਧਾਰ 'ਤੇ ਲਾਸ਼ਾਂ ਨੂੰ ਸਮੂਹਿਕ ਤੌਰ 'ਤੇ ਸਾੜਨ ਦੇ ਦੋਸ਼ ਵਿੱਚ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ ਗਿੱਲ ਤੇ ਉਸ ਵੇਲੇ ਦੇ ਸਿਆਸੀ ਪ੍ਰਭੂਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਵੱਡੇ ਪੱਧਰ 'ਤੇ ਹੋਏ ਇਸ ਕਤਲੇਆਮ ਬਦਲੇ ਉਹਨਾਂ ਉਪਰ ਨਿਊਰਮਬਰਗ ਟਰਾਇਲ ਵਾਂਗ ਮੁਕੱਦਮੇ ਚਲਾਏ ਜਾਣ, ਜਿਵੇਂ ਇੰਗਲੈਂਡ ਨੇ ਸਾਬਕਾ ਤਾਨਾਸ਼ਾਹ

(ਬਾਕੀ ਸਫ਼ਾ 31 'ਤੇ)

# ਔਰਤਾਂ ਵਿਰੁੱਧ ਜੁਰਮਾਂ ’ਚ ਵਾਧਾ ਚਿੰਤਾਜਨਕ

**ਨਰਿੰਦਰ ਸਿੰਘ**

ਔਰਤ ਨੂੰ ਸਦੀਆਂ ਤੋਂ ਹੀ ਇਸ ਮਰਦ ਪ੍ਰਧਾਨ ਸਮਾਜ ਵਿੱਚ ਨੀਵਾਂ ਦਰਜਾ ਦਿੱਤਾ ਜਾਂਦਾ ਰਿਹਾ ਹੈ ਪਰ ਇੱਕ ਸਿਹਤਮੰਦ ਸਮਾਜ ਲਈ ਔਰਤ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਵੱਡੇ-ਵੱਡੇ ਕਵੀਆਂ, ਮਹਾਨ ਯੋਧਿਆਂ, ਗੁਰੂਆਂ-ਪੀਰਾਂ, ਮਹਾਨ ਸ਼ਖ਼ਸੀਅਤਾਂ ਨੂੰ ਜਨਮ ਦੇਣ ਵਾਲੀ ਔਰਤ ਨੇ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਆਪਣੀ ਹਰ ਭੂਮਿਕਾ ਨੂੰ ਬਾਖ਼ੂਬੀ ਨਿਭਾਉਣ ਦਾ ਯਤਨ ਕੀਤਾ ਹੈ। ਪਰ ਇਸ ਮਮਤਾ ਦੇ ਸਾਗਰ ਨੂੰ ਸਮਾਜ ’ਚ ਉਹ ਸਥਾਨ ਨਹੀਂ ਮਿਲ ਸਕਿਆ ਜਿਸ ਦੀ ਉਹ ਅਸਲੀ ਹੱਕਦਾਰ ਹੈ। ਔਰਤ ਦੀ ਹੋਂਦ ਵੀ ਉਨ੍ਹੀ ਹੀ ਸਤਿਕਾਰ ਦੀ ਪਾਤਰ ਹੈ ਜਿੰਨਾ ਕਿ ਆਦਮੀ। ਨਾਰੀ ਘਰ ਤੇ ਪਰਿਵਾਰ ਦੀ ਸੁੱਖ ਮੰਗਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਕਿ ਆਦਮੀ ਔਰਤ ਨੂੰ ਆਪਣੇ ਵਰਗਾ ਮਨੁੱਖ ਸਮਝ ਕੇ ਉਸ ਦੇ ਆਪਣੇ ਹਰ ਕਾਰਜ ਵਿੱਚ ਆਪਣਾ ਵਿਸ਼ਵਾਸ ਪਾਤਰ ਬਣਾ ਕੇ ਰੱਖੇ। ਸਮਾਜ ਦਾ ਹਰ ਕਾਰਜ, ਹਰ ਸਮਾਰੋਹ ਤੇ ਹਰ ਰੂਪ ਇਸਤਰੀ ਬਿਨਾਂ ਅਧੂਰਾ ਤੇ ਅਪੂਰਨ ਹੈ। ਦਰਅਸਲ ਸਮਾਜ ਦੀ ਸਰਬਾਂਗੀ ਵਿਕਾਸ ਲਈ ਇਸਤਰੀ ਦਾ ਯੋਗਦਾਨ ਮਨੁੱਖ ਨਾਲੋਂ ਕਿਤੇ ਵਧੇਰੇ ਹੈ।

ਔਰਤ ਮੁੱਢ ਕਦੀਮ ਤੋਂ ਹੀ ਅੱਤਿਆਚਾਰ ਦਾ ਸਭ ਤੋਂ ਸੌਖਾ ਸ਼ਿਕਾਰ ਹੁੰਦੀ ਰਹੀ ਹੈ। ਘਰ ਦੀ ਚਾਰ ਦੀਵਾਰੀ ਤੋਂ ਲੈ ਕੇ ਬਾਹਰ ਦੇ ਚੌਰਾਹੇ ਤੱਕ ਔਰਤ ਦਾ ਕਦੇ ਵੀ ਕੋਈ ਵਾਲੀ ਵਾਰਸ ਨਹੀਂ ਰਿਹਾ। ਜਿਸ ਘਰ, ਸਮਾਜ ਜਾਂ ਮੁਲਕ ’ਚ ਔਰਤ ਦੀ ਇੱਜ਼ਤ ਕਰਨ ਦਾ ਰਿਵਾਜ ਨਾ ਹੋਵੇ ਉੱਥੇ ਮਰਦ ਨਹੀਂ ਮਰਦੂਦ ਹੀ ਪੈਂਦਾ ਹੁੰਦੇ ਹਨ। ਦੇਸ਼ ਵਿੱਚ ਡੈਮ ਬਣਾਉਣ, ਹਵਾਈ ਅੱਡਿਆਂ ਦੀ ਦਰਜਾਬੰਦੀ ਕਰਨ ਤੇ ਮੁਲਕ ਦੇ ਜੀਡੀਪੀ ਦੇ ਵਾਧੇ ਨੂੰ ਹੀ ਵਿਕਾਸ ਨਹੀਂ ਕਿਹਾ ਜਾ ਸਕਦਾ। ਸਗੋਂ ਅਸਲ ਵਿਕਾਸ ਉਹ ਹੈ ਜਿਸ ’ਚ ਹਰ ਦੇਸ਼ ਵਾਸੀ ਸੁਰੱਖਿਅਤ ਮਹਿਸੂਸ ਕਰੇ।ਮਨੀਪੁਰ ਵਿੱਚ ਨਿਰਵਸਤਰ ਔਰਤਾਂ ਦੇ ਜਲੂਸ ਨੇ ਪੂਰੀ ਸਮਾਜੀ ਵਿਵਸਥਾ ਨੂੰ ਨੰਗਾ ਕਰ ਦਿੱਤਾ ਹੈ। ਸੱਭਿਅਤਾ ਤੇ ਸੰਸਕ੍ਰਿਤੀ ਨੰਗੀ ਹੋਈ ਹੈ। ਸਿਆਸਤ ਨੰਗੀ ਹੋਈ ਹੈ। ਦੰਭੀ ਮਾਨਸਿਕਤਾ ਨੰਗੀ ਹੋਈ ਹੈ।



ਕਾਨੂੰਨ ਵਿਵਸਥਾ ਨੰਗੀ ਹੋਈ ਹੈ। ਮਰਦ ਦਾ ਦੈਂਤ ਰੂਪੀ ਚਿਹਰਾ ਨੰਗਾ ਹੋਇਆ ਹੈ। ਡਬਲ ਇੰਜਣ ਵਾਲੀ ਨੀਤੀ ਨੇ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ। ਜਿੱਥੇ ਵੀ ਡਬਲ ਇੰਜਣ ਸਰਕਾਰ ਹੈ, ਉੱਥੇ ਹੀ ਔਰਤਾਂ ਦਲਿਤਾਂ ਤੇ ਘੱਟ ਗਿਣਤੀਆਂ ’ਤੇ ਬਹੁਤ ਜ਼ੁਲਮ ਹੋ ਰਿਹਾ ਹੈ। ਸਰਕਾਰ ਦਾ ‘ਬੇਟੀ ਬਚਾਓ, ਬੇਟੀ ਪੜ੍ਹਾਓ’ ਦਾ ਨਾਅਰਾ ਵੀ ਮੂੰਹ ਚੜ੍ਹਾ ਰਿਹਾ ਹੈ। ਔਰਤ ’ਤੇ ਜ਼ੁਲਮ ਤਾ ਭਾਰਤ-ਪਾਕਿ ਵੰਡ ਵੇਲੇ ਦੀ ਤ੍ਰਾਸ਼ਦੀ ਨੂੰ ਵੀ ਪਿੱਛੇ ਛੱਡ ਰਿਹਾ ਹੈ। ਮਨੀਪੁਰ ਦੀਆਂ ਕੂਕੀ ਔਰਤਾਂ ਨਾਲ ਜੋ ਵਾਪਰਿਆ ਹੈ, ਉਹ ਗੁਜਰਾਤ ਦਾ ਹੀ ਮਾਡਲ ਹੈ। ਕਿਸੇ ਸਮੇ ਮਨੀਪੁਰ ਦੇ ਇਹ ਪਹਾੜੀ ਖੇਤਰ ਸ਼ਾਂਤੀ ਦੇ ਪ੍ਰਤੀਕ ਮੰਨੇ ਜਾਂਦੇ ਸਨ। ਪਰ ਹੁਣ ਹਿੰਸਕ ਹੀ ਨਹੀ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਵਾਪਰ ਰਹੀਆ ਹਨ।

ਮਨੀਪੁਰ ’ਚ ਮੈਤੇਈ ਤੇ ਕੂਕੀ ਨਾਂਅ ਦੇ ਦੋ ਕਬੀਲਿਆਂ ਦੀ ਆਪਸੀ ਖਿੱਚੋਤਾਣ ਦਾ ਖਮਿਆਜ਼ਾ ਕੂੱਕੀ ਕਬੀਲੇ ਦੀਆਂ ਔਰਤਾਂ ਨੂੰ ਜਲੀਲ ਹੋ ਕੇ ਭੁਗਤਣਾ ਪਿਆ। ਮਨੀਪੁਰ ਵਿੱਚ ਜਲੀਲ ਹੋਈਆਂ ਔਰਤਾਂ ਨੇ ਕੋਈ ਜ਼ੁਰਮ ਨਹੀਂ ਸੀ ਕੀਤਾ। ਉਹਨਾਂ ਦਾ ਕਸੂਰ ਇਹੋ ਸੀ ਕਿ ਉਹ ਭਿੜੇ ਦੋ ਕਬੀਲਿਆਂ ਵਿੱਚੋਂ ਕਮਜ਼ੋਰ ਕਬੀਲੇ ਦੀਆਂ ਔਰਤਾਂ ਸਨ। ਇਹਨਾਂ ਔਰਤਾਂ ਨਾਲ ਮਹਿਜ ਉਹ ਹੀ ਵਰਤਾਰਾ ਹੀ ਨਹੀਂ ਵਾਪਰਿਆ ਜੋ ਅਸੀਂ ਸ਼ੋਸ਼ਲ ਮੀਡੀਆ ਜ਼ਰੀਏ ਵੇਖਿਆ ਹੈ। ਇਹਨਾਂ ਔਰਤਾਂ ਸਮੇਤ ਕਬੀਲੇ ਦੀਆਂ ਤਮਾਮ ਹੋਰ ਔਰਤਾਂ ਨਾਲ ਇਸ ਤੋਂ ਵੀ ਵਹਿਸ਼ੀਆਨਾ ਵਰਤਾਰੇ ਵਾਪਰੇ ਹਨ। ਇਹਨਾਂ ਔਰਤਾਂ ਸਮੇਤ ਤਮਾਮ ਔਰਤਾਂ ਨਾਲ ਜਬਰ ਜਨਾਹ ਕੀਤਾ ਗਿਆ। ਮਨੀਪੁਰ ਦੀ ਘਟਨਾ ਸਾਡੇ ਮੁਲਕ ਦੇ ਮੱਥੇ ’ਤੇ ਕਲੰਕ ਹੈ। ਸਭ ਲਈ ਬਰਾਬਰ ਦੇ ਅਧਿਕਾਰਾਂ ਦੀ ਗੱਲ ਕਰਕੇ ਸੰਵਿਧਾਨ ਵਾਲੇ ਮੁਲਕ ’ਚ ਵਾਪਰੀ ਇਹ ਘਟਨਾ ਪੁਲਿਸ ਪ੍ਰਸ਼ਾਸਨ ’ਤੇ ਸਭ ਤੋਂ ਵੱਡਾ ਸਵਾਲੀਆਂ ਚਿੰਨ੍ਹ ਹੈ। ਬੇਸ਼ੱਕ ਅਦਾਲਤ ਨੇ ਔਰਤਾਂ ਨੂੰ ਨਗਨ ਕਰਕੇ ਘੁੰਮਾਏ ਜਾਣ ਦੀ ਸ਼ਰਮਨਾਕ ਘਟਨਾ ਦਾ ਸ਼ੂ-ਮੋਟੋ ਨੋਟਿਸ ਲਿਆ ਹੈ। ਪਰ ਦੋਸ਼ੀਆਂ ਨੂੰ ਸਜ਼ਾ ਮਿਲਣ ਲਈ ਨਿਆਇਕ ਪ੍ਰਣਾਲੀ ਦਾ ਵੱਡਾ ਸਫ਼ਰ ਹਾਲੇ ਬਾਕੀ ਹੈ। ਮੁਲਕ ਦੇ ਕੋਨੇ-ਕੋਨੇ ’ਚੋਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਹੋਣ ਦੀ ਉਠ ਰਹੀ ਮੰਗ ਬਿਲਕੁਲ ਜ਼ਾਇਜ ਹੈ। ਇਸ ਘਿਨਾਉਣੇ ਕਾਰੇ ਨੂੰ ਅੰਜ਼ਾਮ ਦੇਣ ਵਾਲਿਆਂ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ, ਤਾਂ ਹੀ ਸਮਾਜ ’ਚ ਔਰਤਾਂ ’ਤੇ ਜ਼ੁਲਮਾਂ ਦੀ ਗਿਣਤੀ ਘਟੇਗੀ।

ਮਨੀਪੁਰ ਘਟਨਾ ਕੋਈ ਪਹਿਲੀ ਨਹੀਂ ਹੈ। ਇਸ ਤੋਂ ਪਹਿਲਾਂ ਕਠੂਆਂ ਸਮੂਹਿਕ ਬਲਾਤਕਾਰ-ਕਤਲ ਕੇਸ, ਉਨਾਓਂ ਬਲਾਤਕਾਰ ਕੇਸ, ਹਾਥਰਸ ਬਲਾਤਕਾਰ ਕੇਸ, ਪਹਿਲਵਾਨ ਕੁੜੀਆਂ ਦੇ ਜਿਣਸੀ ਸ਼ੋਸ਼ਣ ਵਰਗੀਆਂ ਘਟਨਾਵਾਂ ਪਹਿਲਾਂ ਵੀ ਵਾਪਰ ਚੁੱਕੀਆ ਹਨ। ਮਨੀਪੁਰ ’ਚ ਵਾਪਰੀ ਘਟਨਾ ਨਾਲ ਹਰ ਸੰਵੇਦਨਸ਼ੀਲ ਅੱਖ ਨਮ ਹੈ। ਪੀੜਤਾਂ ਦੀ ਪੀੜਾਂ ਦਾ ਅਨੁਵਾਦ ਕਰਨ ਲਈ ਕਿਸੇ ਵੀ ਭਾਸ਼ਾ ਦੀ ਵਰਣਮਾਲਾ ਅਧੂਰੀ ਜਾਪਦੀ ਹੈ। ਇਸ ਘਟਨਾ ਨੇ ਪੂਰੇ ਦੇਸ਼ ਨੂੰ ਦੁਨੀਆਂ ਭਰ ਦੇ ਦੇਸ਼ਾਂ ’ਚ ਸ਼ਰਮਸਾਰ ਕੀਤਾ ਹੈ। ਇਸ ਘਟਨਾ ਨੇ ਸਾਡੇ ਅਮੀਰ ਵਿਰਸੇ ਨੂੰ ਵੀ ਕਲੰਕਿਤ ਕੀਤਾ ਹੈ। ਔਰਤਾਂ ਦੇ ਹੱਕਾਂ ਦੀ ਗੱਲ ਕਰਨ ਵਾਲੀਆਂ ਜਥੇਬੰਦੀਆਂ ਤੇ ਸੰਸਥਾਵਾਂ ਸਮੇਤ ਸਮਾਜ ਦੇ ਹਰ ਵਰਗ ਨੂੰ ਇਸ ਕਾਰੇ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਜ਼ਰੂਰ ਮੂਹਰੇ ਆਉਣਾ ਚਾਹੀਦਾ ਹੈ।

ਹਰ ਧਰਮ ’ਚ ਔਰਤ ਦਾ ਖਾਸ ਸਥਾਨ ਹੈ। ਹਿੰਦੂ ਧਰਮ ਵਿੱਚ ਇਸ ਨੂੰ ਦੇਵੀ ਕਹਿ ਕੇ ਸਤਿਕਾਰਿਆ ਜਾਂਦਾ ਹੈ ਤੇ ਕੰਜਕਾਂ ਦੀ ਪੂਜਾ ਕੀਤੀ ਜਾਂਦੀ ਹੈ। ਸਿੱਖ ਧਰਮ ’ਚ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਲਾਮ ਕੀਤਾ ਜਾਂਦਾ ਹੈ ਤੇ ਔਰਤਾਂ ਨੂੰ ਰਾਜਿਆਂ ਦੀ ਜਨਮਦਾਤੀ ਕਹਿ ਕੇ ਸਲਾਹਿਆ ਗਿਆ ਹੈ। ਇਸਾਈ ਧਰਮ ’ਚ ਮਰੀਅਮ ਤੇ ਮੁਸਲਮਾਨ ਭਾਈਚਾਰੇ ’ਚ ਬੇਟੀ ਫਾਤਿਮਾ ਨੂੰ ਆਲਾ ਸਥਾਨ ਦਿੱਤਾ ਗਿਆ ਹੈ। ਔਰਤ ਸਾਡੇ ਸਮਾਜ ਦੀ ਉਹ ਅਦਾਕਾਰਾ ਹੈ ਜਿਸ ਨੂੰ ਸ਼ੁਰੂ ਤੋਂ ਲੈ ਕੇ ਹੁਣ ਤੱਕ ਆਪਣੀ ਹੋਂਦ ਤੇ ਪਛਾਣ ਲਈ ਲੜਨਾ ਪਿਆ ਹੈ। ਔਰਤਾਂ ਨੇ ਆਪਣੀ ਵੱਖਰੀ ਪਛਾਣ ਦੀ ਲੜਾਈ ਹਾਲੇ ਤੱਕ ਪੂਰੇ ਰੂਪ ਵਿੱਚ ਨਹੀਂ ਜਿੱਤੀ ਹੈ। ਔਰਤ ਬਹੁਤ ਵਾਰੀ ਚੁਣੌਤੀਆਂ ਸਾਹਮਣੇ ਹਾਰ ਗਈ ਵੀ ਲੱਗਦੀ ਹੈ। ਔਰਤ ਨੂੰ ਅੱਜ ਵੀ ਬਹੁਤ ਸਾਰੀਆਂ ਚੁਣੌਤੀਆਂ ਦਾ ਸਹਮਣਾ ਕਰਨਾ ਪੈ ਰਿਹਾ ਹੈ। ਪੁਰਸ਼ ਮੂਹਰੇ ਜ਼ਿੰਦਗੀ ਹਾਰ ਚੁੱਕੀ, ਘਰੇਲੂ ਹਿੰਸਾ ਦਾ ਸ਼ਿਕਾਰ, ਇਕੱਲਤਾ ਦਾ ਦੁੱਖ ਭੋਗ ਰਹੀਆਂ ਔਰਤਾਂ ’ਚੋਂ ਆਪਣੇ-ਆਪ ਨੂੰ ਹਰ ਰੋਜ਼ 63 ਔਰਤਾਂ ਖ਼ਤਮ ਕਰਨ ਲੱਗ ਪਈਆਂ ਹਨ। ਭਾਰਤ ’ਚ ਹਰ 30 ਮਿੰਟ ’ਚ ਇਕ ਔਰਤ ਖ਼ੁਦਕੁਸ਼ੀ ਕਰਨ ਲੱਗੀ ਹੈ। ਇਹ ਮੁਲਕ ਵਿੱਚ ਹੋ ਰਹੀਆਂ ਕੁਲ ਖ਼ੁਦਕੁਸ਼ੀਆਂ ਦਾ 14 ਫੀਸਦੀ ਹਿੱਸਾ ਬਣਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਬਦਲਦੇ ਜ਼ਮਾਨੇ ਵਿੱਚ ਔਰਤ ਨੇ ਹਰ ਖੇਤਰ ਵਿੱਚ ਅੱਗੇ ਵਧਣਾ ਸ਼ੁਰੂ ਕੀਤਾ ਹੈ।

ਔਰਤ ਮਨੁੱਖ ਦੀ ਪਹਿਲੀ ਗੁਰੂ ਹੈ। ਉਹ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਉਸ ਨੂੰ ਤੁਰਨਾ ਤੇ ਬੋਲਣਾ ਸਿਖਾਉਂਦੀ ਹੈ। ਦਰਅਸਲ ਲੋਕਾਂ ਨੇ ਅੰਨ੍ਹੇ ਵਿਸ਼ਵਾਸ ਵਿੱਚ ਹੀ ਕਈ ਇਹੋ-ਜਿਹੇ ਲੋਕ ਚੁਣ ਦਿੱਤੇ ਜਿਨ੍ਹਾਂ ਨੂੰ ਤਾਕਤ ਨੇ ਬਿਲਕੁਲ ਅੰਨ੍ਹੇ ਕਰ ਦਿੱਤਾ। ਕਾਨੂੰਨ ਵਿਵਸਥਾ ਆਪਣੇ ਤਰੀਕੇ ਨਾਲ ਪੋਲੇ ਪੈਰੀ ਚਲਦੀ ਹੈ। ਨਿਆਪਾਲਿਕਾ ਮਜਬੂਰ ਹੈ। ਗਵਾਹਾਂ ਦੇ ਬਿਆਨਾਂ ’ਤੇ ਫੈਸਲੇ ਟਿਕੇ ਹੁੰਦੇ ਹਨ। ਗਵਾਹ ਕਦੇ ਡਰ ਜਾਂਦੇ ਹਨ। ਕਦੇ ਠਰ ਜਾਂਦੇ ਹਨ। ਬੇਕਸੂਰ ਨੂੰ ਲੰਮਾ ਸਮਾਂ ਇਨਸਾਫ਼ ਨਹੀਂ ਮਿਲਦਾ। ਸਮਾਜ ਵਿਰੋਧੀ ਅਨਸਰਾ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ, ਤਾਂ ਜੋ ਕੋਈ ਹੋਰ ਦਰਿੰਦਾ ਔਰਤ ਨੂੰ ਬੁਰੀ ਨਜ਼ਰ ਨਾ ਦੇਖੇ। ਇਹ ਸਾਰਾ ਕੁਝ ਸਰਕਾਰ ਅਤੇ ਕਾਨੂੰਨ ਦੇ ਹੱਥ ਵਿੱਚ ਹੈ। ਔਰਤ ਅਬਲਾ ਨਹੀਂ ਹੈ। ਔਰਤ ਨੂੰ ਆਪਣੀ ਸੁਰੱਖਿਆ ਖ਼ੁਦ ਕਰਨ ਲਈ ਕਮਰਕੱਸੇ ਕਰ ਲੈਣੇ ਚਾਹੀਦੇ ਹਨ। ਉਸ ਨੂੰ ਖੁਦ ਰਾਣੀ ਦੀ ਝਾਂਸੀ ਬਣਕੇ ਸਮਾਜ ਦੇ ਦੁਸ਼ਮਣਾਂ ਨਾਲ ਲੋਹਾ ਲੈਣ ਲਈ ਹਮੇਸ਼ਾ ਤਤਪਰ ਰਹਿਣਾ ਚਾਹੀਦਾ ਹੈ। ਗ਼ੈਰ ਸਮਾਜੀ ਅਨਸਰਾਂ ਨੂੰ ਫੜਕੇ ਕਾਨੂੰਨ ਦੇ ਹਵਾਲੇ ਕਰਨਾ ਚਾਹੀਦਾ ਹੈ।

ਔਰਤ ਬਹੁਤ ਕੁਝ ਸਹਿੰਦੀ ਹੈ। ਮਰਦ ਪ੍ਰਧਾਨ ਸਮਾਜ ਅੱਜ ਵੀ ਔਰਤ ਦੀ ਤਰੱਕੀ ’ਤੇ ਖੁਸ਼ ਹੋਣ ਦੀ ਬਜਾਏ ਈਰਖਾ ਕਰਦਾ ਹੈ ਅਤੇ ਉਸ ਨੂੰ ਨੀਵਾਂ ਦਿਖਾਉਣ ਲਈ ਹਰ ਹੱਥ ਕੰਡੇ ਵਰਤਦਾ ਹੈ। ਭਾਵੇ ਦੇਸ਼ ਵਿੱਚ ਮਹਿਲਾਵਾਂ ਦੀ ਸੁਰੱਖਿਆ ਲਈ ਸਰਕਾਰ ਨੇ ਕਈ ਪਹਿਲ ਕਦਮੀਆਂ ਕੀਤੀਆਂ ਹਨ। ਇਨ੍ਹਾਂ ਵਿਚ ਜਿਣਸੀ ਅਪਰਾਧਾਂ ਦੀ ਅਸਰਦਾਰ ਰੋਕਥਾਮ ਲਈ ਕਾਨੂੰਨ ਲਾਗੂ ਕਰਨਾ ਸ਼ਾਮਲ ਹੈ। ਅਪਰਾਧਿਕ ਕਾਨੂੰਨ ਸੋਧ ਐਕਟ 2018 ਵਿੱਚ 12 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਨਾਲ ਜਬਰ ਜਨਾਹ ਲਈ ਮੌਤ ਦੀ ਸਜ਼ਾ ਸਮੇਤ ਸਖ਼ਤ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਕਾਨੂੰਨ ਵਿੱਚ ਜਬਰ ਜਨਾਹ ਦੇ ਮਾਮਲਿਆਂ ਵਿੱਚ ਦੋ ਮਹੀਨਿਆਂ ਵਿੱਚ ਸੁਣਵਾਈ ਪੂਰੀ ਕਰਨ ਦੀ ਵੀ ਮੱਦ ਕੀਤੀ ਗਈ ਹੈ। ਸਰਕਾਰ ਨੇ ਐਮਰਜੈਂਸੀ ਸਹਾਇਤਾ ਪ੍ਰਣਾਲੀ ਸ਼ੁਰੂ ਕੀਤੀ ਹੈ। ਐਮਰਜੈਂਸੀ ਹਾਲਾਤ ਵਿੱਚ ਪੂਰੇ ਦੇਸ਼ ਵਿੱਚ ਕਿਤਿਓਂ ਵੀ 112 ਨੰ. ’ਤੇ ਕਾਲ ਕੀਤੀ ਜਾ ਸਕਦੀ ਹੈ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਦੇਸ਼ ਭਰ ਵਿੱਚ 2019 ਤੋਂ 2021 ਵਿਚਕਾਰ ਤਿੰਨ ਸਾਲਾਂ ਵਿੱਚ 13 ਲੱਖ ਤੋਂ ਵੱਧ ਔਰਤਾਂ ਤੇ ਲੜਕੀਆਂ ਲਾਪਤਾ ਹੋਈਆਂ ਸਨ। ਇਨ੍ਹਾਂ ਵਿੱਚ 18 ਸਾਲ ਤੋਂ ਵੱਧ ਉਮਰ ਦੀਆਂ 1061648 ਔਰਤਾਂ ਤੇ 18 ਸਾਲ ਤੋਂ ਘੱਟ ਉਮਰ ਦੀਆਂ 251430 ਲੜਕੀਆਂ

(ਬਾਕੀ ਸਫ਼ਾ 31 ’ਤੇ)




(ਬਾਕੀ ਸਫ਼ਾ 31 ’ਤੇ)

# ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ. ਵੱਲੋਂ ਗੁਰਮੁੱਖੀ ਦੀ ਚੜ੍ਹਦੀ ਕਲਾ ਲਈ ਉਪਰਾਲੇ

ਜਸਬੀਰ ਸਿੰਘ



ਕਿਸੇ ਵੀ ਭਾਸ਼ਾ ਨੂੰ ਆਪਣੀ ਹੋਂਦ ਬਣਾਈ ਰੱਖਣ ਲਈ ਵਾਰਸਾਂ ਦੀ ਜ਼ਰੂਰਤ ਹੁੰਦੀ ਹੈ। ਇਹੀ ਧਾਰਨਾ ਵਾਰਸਾਂ 'ਤੇ ਵੀ ਲਾਗੂ ਹੁੰਦੀ ਹੈ ਭਾਵ ਕਿ ਕਿਸੇ ਬੋਲੀ ਨੂੰ ਬੋਲਣ ਵਾਲੇ ਮਨੁੱਖੀ ਸਮੂਹ ਦੀ ਹੋਂਦ ਵੀ ਉਹਨਾਂ ਦੀ ਬੋਲੀ ਦੇ ਨਾਲ ਹੀ ਬਚੀ ਰਹਿੰਦੀ ਹੈ। ਸਮਾਜ ਵਿਗਿਆਨ ਖੋਜਾਂ ਅਨੁਸਾਰ ਜਿਨ੍ਹਾਂ ਮਨੁੱਖੀ ਸਮੂਹਾਂ ਨੇ ਆਪਣੀਆਂ ਬੋਲੀਆਂ ਨੂੰ ਲਿਪੀਆਂ ਅਤੇ ਵਿਆਕਰਨਾਂ ਰਾਹੀਂ ਬਚਾਈ ਰੱਖਿਆ ਹੈ, ਉਹ ਲੰਬੇ ਸਮੇਂ ਤੱਕ ਆਪਣੀ ਬੋਲੀ ਬਚਾਈ ਰੱਖਣ ਵਿੱਚ ਕਾਮਯਾਬ ਰਹੇ। ਬੋਲਣ ਦੀ ਤਾਕਤ ਕੁਦਰਤ ਦਾ ਤੋਹਫ਼ਾ ਹੈ ਪਰ ਲਿਖਣ ਦੀ ਤਕਨੀਕ ਮਨੁੱਖ ਦੀ ਕਾਢ ਹੈ। ਲਿਖਣ ਵਾਲੀ ਇਸੇ ਤਕਨੀਕ ਨੇ ਹੀ ਵੱਖ- ਵੱਖ ਭਾਸ਼ਾਵਾਂ ਬੋਲਣ ਵਾਲੇ ਮਨੁੱਖਾਂ ਨੂੰ ਭਾਸ਼ਾਈ ਪਛਾਣ ਦਿੱਤੀ। ਇਸੇ ਦੀ ਵਰਤੋਂ ਕਰਕੇ ਮਨੁੱਖ ਨੇ ਆਪਣੇ ਗਿਆਨ ਪ੍ਰਬੰਧਾਂ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤਕ ਪਹੁੰਚਦਾ ਕੀਤਾ। ਇਥੋਂ ਤੱਕ ਕਿ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿੱਚ ਭਾਸ਼ਾਈ ਚੇਤਨਾ ਨੇ ਭਾਸ਼ਾਈ ਸਮੂਹਾਂ ਨੂੰ ਕੌਮੀ ਤੌਰ 'ਤੇ ਇਕੱਠੇ ਹੋ ਕੇ ਰਾਜਨੀਤਿਕ ਤਾਕਤ ਦੇ ਸਰੋਤ ਬਨਣ ਦੀ ਸੋਝੀ ਦਿੱਤੀ। ਯੂਰਪ ਦੀਆਂ ਕਈ ਛੋਟੀਆਂ ਛੋਟੀਆਂ ਭਾਸ਼ਾਈ ਕੌਮਾਂ ਨੇ ਆਪਣੇ ਰਾਜ ਭਾਸ਼ਾਈ ਸਮੂਹਾਂ ਵਜੋਂ ਹੀ ਸਿਰਜੇ।

ਵੱਖ- ਵੱਖ ਧਰਮਾਂ ਦੇ ਪੈਦਾ ਹੋਣ ਅਤੇ ਵਿਗਸਣ ਦੇ ਅਮਲ ਵਿੱਚ ਭਾਸ਼ਾਵਾਂ ਦੀ ਮੁੱਖ ਭੂਮਿਕਾ ਰਹੀ ਹੈ। ਖਾਸ ਕਰਕੇ ਲਿਖਿਤ ਗ੍ਰੰਥਾਂ ਉੱਤੇ ਆਧਾਰਿਤ ਧਰਮਾਂ ਦੀ ਹੋਂਦ ਤਾਂ ਇਹਨਾਂ ਧਾਰਮਿਕ ਗ੍ਰੰਥਾਂ ਦੀ ਭਾਸ਼ਾ ਉੱਤੇ ਹੀ ਖੜੀ ਹੈ। ਇਹੀ ਕਾਰਨ ਹੈ ਕਿ ਲਿਖਿਤ ਗ੍ਰੰਥਾਂ 'ਤੇ ਆਧਾਰਿਤ ਧਾਰਮਿਕ ਸਮੂਹ ਆਪਣੇ ਗ੍ਰੰਥਾਂ ਦੇ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਦੇ ਅਮਲ ਉਸ ਹੱਦ ਤੱਕ ਹੀ ਇਜਾਜ਼ਤ ਦਿੰਦੇ ਹਨ ਜਿਥੇ ਤੱਕ ਇਹ ਅਨੁਵਾਦ ਧਾਰਮਿਕ ਗ੍ਰੰਥ ਦੀ ਅਸਲ ਭਾਸ਼ਾ ਅਤੇ ਲਿਪੀ 'ਤੇ ਕੋਈ ਉਲਟ ਅਸਰ ਨਾ ਪਾਉਣ। ਅਰਬੀ ਤੇ ਹਿਬਰੂ ਭਾਸ਼ਾਵਾਂ ਦੀ ਧਾਰਮਿਕ ਪਵਿੱਤਰਤਾ ਮੁਸਲਮਾਨਾਂ ਅਤੇ ਯਹੂਦੀਆਂ ਲਈ ਅੱਜ ਵੀ ਉਸੇ ਤਰਾਂ ਕਾਇਮ ਹੈ। ਹਿੰਦੂਆਂ ਲਈ ਸੰਸਕ੍ਰਿਤ ਅੱਜ ਵੀ ਉੰਨੀ ਹੀ ਪਵਿੱਤਰ ਹੈ। ਯਾਦ ਰਹੇ ਸੰਸਕ੍ਰਿਤ ਭਾਸ਼ਾ ਨੂੰ ਜਦੋਂ ਭਾਰਤੀ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿੱਚ ਸ਼ਾਮਿਲ ਕੀਤਾ ਗਿਆ ਸੀ ਤਾਂ ਇਸ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ ਸਿਰਫ਼ 500 ਸੀ।

ਸਿੱਖਾਂ ਲਈ ਵੀ ਗੁਰਮੁਖੀ ਲਿਪੀ ਵਿੱਚ ਲਿਖੀ ਜਾਂਦੀ ਪੰਜਾਬੀ ਅਤਿ ਪਵਿੱਤਰ ਅਤੇ ਜਾਨ ਤੋਂ ਪਿਆਰੀ ਹੈ। ਇਸ ਦੀ ਪਵਿੱਤਰਤਾ ਦਾ ਮੁੱਖ ਕਾਰਨ ਗੁਰੂ ਸਾਹਿਬਾਨ ਦੇ ਮੁੱਖ ਵਿਚੋਂ ਉਚਰੀ ਹੋਈ ਬੋਲੀ ਹੋਣ ਕਰਕੇ ਹੈ। ਇਸ ਦੇ ਨਾਲ ਹੀ ਇਸ ਦੀ ਮਹੱਤਤਾ ਦਾ ਹੋਰ ਵੱਡਾ ਕਾਰਨ ਗੁਰੂ ਅੰਗਦ ਦੇਵ ਸਾਹਿਬ ਵੱਲੋਂ ਪੰਜਾਬੀ ਬੋਲੀ ਦੀ ਲਿਖਣ ਤਕਨੀਕ ਵਜੋਂ ਗੁਰਮੁਖੀ ਲਿਪੀ ਨੂੰ ਇਜ਼ਾਦ ਕਰਨਾ ਹੈ। ਗੁਰਮੁਖੀ ਲਿਪੀ ਭਾਸ਼ਾ ਵਿਗਿਆਨ ਦੇ ਬੇਹੱਦ ਉੱਚੇ ਨਿਯਮਾਂ ਅਨੁਸਾਰ ਇਜ਼ਾਦ ਕੀਤੀ ਗਈ ਲਿਪੀ ਹੈ। ਕੌਮੀ ਪੱਖ ਤੋਂ ਦੇਖਿਆ ਜਾਵੇ ਤਾਂ ਗੁਰਮੁਖੀ ਲਿਪੀ ਪਛਾਣ ਦਾ ਪੋਰਟੋ ਨੈਸ਼ਨਲ ਤੱਤ ਹੈ। ਪਰੋਟੋ ਨੈਸ਼ਨਲ ਤੱਤ ਮੌਜੂਦਾ ਕੌਮਾਂਤਰੀ ਰਾਜਨੀਤੀ ਵਿੱਚ ਕਿਸੇ ਭਾਸ਼ਾਈ ਸਮੂਹ ਨੂੰ ਕੌਮ ਹੋਣ ਦਾ ਮਾਣ ਦਿਵਾਉਂਦੇ ਹਨ।

ਅੰਗਰੇਜ਼ੀ ਕਾਲ ਸਮੇਂ ਗੁਰਮੁਖੀ ਲਿਪੀ ਹਿੰਦੀ ਲਹਿਰ ਦੇ ਅਸਰ ਹੇਠ ਅਤੇ ਭਾਰਤੀ ਕੌਮੀ ਬੰਨਣ ਦੀ ਨੀਤੀ ਹੇਠ ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਦੇ ਆਗੂਆਂ ਦੇ ਗਹਿਰੇ ਰਾਜਨੀਤਿਕ ਹਮਲਿਆਂ ਦਾ ਸ਼ਿਕਾਰ ਬਣੀ ਰਹੀ। ਗੁਰਮੁਖੀ ਲਿਪੀ ਦੀ ਪਵਿੱਤਰਤਾ ਭੰਗ ਕਰਨ ਲਈ ਪੰਜਾਬੀ ਨੂੰ ਹਿੰਦੀ ਭਾਸ਼ਾ ਦੀ ਬੋਲੜੀ ਵਜੋਂ ਪ੍ਰਚਾਰਿਆ ਗਿਆ। ਇੱਥੋਂ ਤਕ ਕਿਹਾ ਗਿਆ ਕਿ ਗੁਰੂ ਗਰੰਥ ਸਾਹਿਬ ਅਸਲ ਵਿੱਚ ਹਿੰਦੀ ਭਾਸ਼ਾ ਵਿੱਚ ਰਚਿਆ ਗਿਆ ਸੀ ਪਰ ਪੰਜਵੇਂ ਗੁਰੂ ਸਾਹਿਬਾਨ ਨੇ ਇਸ ਨੂੰ ਗੁਰਮੁਖੀ ਲਿਪੀ ਵਿੱਚ ਲਿਖ ਦਿੱਤਾ। ਭਾਰਤ ਦੀ ਆਜ਼ਾਦੀ ਤੋਂ ਬਾਅਦ ਗੁਰਮੁਖੀ ਲਿਪੀ ਦਾ ਰਾਜਸੀ ਵਿਰੋਧ ਹੋਰ ਤਿੱਖਾ ਰੂਪ ਧਾਰਨ ਕਰ ਗਿਆ। ਪੰਜਾਬੀ ਬੋਲਦੇ ਸੂਬੇ ਦੀ ਮੰਗ ਨੂੰ ਸਿੱਖਾਂ ਦੀ ਧਾਰਮਿਕ ਪਛਾਣ ਦੇ ਰਾਜਨੀਤਿਕ ਰੂਪ ਵਿੱਚ ਤਾਕਤਵਰ ਹੋਣ ਦੇ ਡਰੋਂ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ। ਗੁਰਮੁਖੀ ਲਿਪੀ ਆਜ਼ਾਦ ਭਾਰਤ ਵਿੱਚ ਫੇਰ ਭਾਰਤੀ ਰਾਜਨੀਤਿਕ ਤਾਕਤਾਂ ਦੇ ਕਹਿਰੀ ਹਮਲੇ ਦਾ ਸ਼ਿਕਾਰ ਹੋਈ। ਇਥੋਂ ਤਕ ਕਿ ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਗੁਰਮੁਖੀ ਲਿਪੀ ਦੇ ਵਿਰੋਧ ਵਿੱਚ ਬਿਆਨ ਦਿੱਤਾ। ਪੰਜਾਬੀ ਭਾਸ਼ਾ ਦੀ ਗੁਰਮੁਖੀ ਲਿਪੀ ਨੂੰ ਦੇਵਨਾਗਰੀ ਲਿਪੀ ਵਿੱਚ ਬਦਲਣ ਲਈ ਤਿੱਖੇ ਯਤਨ ਸ਼ੁਰੂ ਕੀਤੇ ਗਏ, ਜੋ ਦਿਖਦੇ ਤੇ ਅਣਦਿਖਦੇ ਰੂਪ ਵਿੱਚ ਅੱਜ ਵੀ ਜਾਰੀ ਹਨ। ਵਿਦਿਆਲੰਕਾਰ ਕਮੇਟੀ ਵਿੱਚ ਗੁਰਮੁਖੀ ਲਿਪੀ ਨੂੰ ਦੇਵਨਾਗਰੀ ਲਿਪੀ ਵਿੱਚ ਬਦਲਣ ਦੀ ਸਿਫ਼ਾਰਿਸ਼ ਕਰਵਾਉਣ ਲਈ ਸਿੱਖ ਵਿਦਵਾਨ ਪ੍ਰੋ. ਜੋਧ ਸਿੰਘ ਨੂੰ ਵਰਤਿਆ ਗਿਆ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਵਰਨ ਸਿੰਘ ਬੋਪਾਰਾਏ ਵੱਲੋਂ ਪੰਜਾਬੀ ਦੀ ਐਮ.ਏ. ਦੇਵਨਾਗਰੀ ਲਿਪੀ ਵਿੱਚ ਕਰਵਾਉਣ ਦਾ ਬਿਆਨ ਦਿੱਤਾ ਗਿਆ ਜਿਸ ਦਾ ਪੂਰਾ ਵਿਰੋਧ ਹੋਇਆ। ਇਸੇ ਤਰਾਂ ਪੰਜਾਬੀ ਭਾਸ਼ਾ ਵਿੱਚ ਹਿੰਦੀ ਅਤੇ ਸੰਸਕ੍ਰਿਤ ਦੇ ਸ਼ਬਦਾਂ ਨੂੰ ਵਾੜ ਕੇ ਇਸ ਦਾ ਹਿੰਦੀਕਰਨ, ਕਰਨ ਦੀ ਨੀਤੀ ਲਗਾਤਾਰ ਜਾਰੀ ਹੈ। ਪੰਜਾਬੀ ਸੂਬਾ ਬਣਨ ਤੋਂ ਬਾਅਦ ਜਨ ਸੰਘ ਦੇ ਜਬਰਦਸਤ ਵਿਰੋਧ ਦੇ ਬਾਵਜੂਦ ਪੰਜਾਬੀ ਮਾਤ ਭਾਸ਼ਾ ਐਕਟ ਦੇ ਪਾਸ ਹੋਣ ਦੇ ਬਾਵਜੂਦ ਪੰਜਾਬੀ ਭਾਸ਼ਾ ਦੇ ਲਗਾਤਾਰ ਹੋ ਰਹੇ ਪਤਨ ਨੂੰ ਰੋਕਿਆ ਨਹੀਂ ਜਾ ਸਕਿਆ ਹੈ। ਵੈਸੇ ਵੀ ਇਹ ਤੱਥ ਕੌਮਾਂਤਰੀ ਪੱਧਰ 'ਤੇ ਸਾਹਮਣੇ ਆਇਆ ਹੈ ਕਿ ਬਹੁਗਿਣਤੀ ਕੌਮਾਂ ਵੱਲੋਂ ਸ਼ਾਸ਼ਤ ਰਾਜਾਂ ਵਿੱਚ ਰਹਿ ਰਹੀਆਂ ਘੱਟ ਗਿਣਤੀ ਕੌਮਾਂ ਦੀਆਂ ਭਾਸ਼ਾਵਾਂ ਘੱਟ ਗਿਣਤੀ ਕੌਮੀ ਭਾਸ਼ਾਵਾਂ ਦੀ ਰੱਖਿਆ ਲਈ ਕਾਨੂੰਨਾਂ ਦੇ ਬਾਵਜੂਦ ਲਗਾਤਾਰ ਪਤਨ ਦਾ ਸ਼ਿਕਾਰ ਹਨ। ਇਸ ਦਾ ਮੁੱਖ ਕਾਰਨ ਰਾਜਾਂ ਦੀ ਤਾਕਤ 'ਤੇ ਕਾਬਜ਼ ਬਹੁਗਿਣਤੀ ਕੌਮਾਂ ਵੱਲੋਂ ਅਜਿਹੀਆਂ ਭਾਸ਼ਾਈ ਨੀਤੀਆਂ ਲਾਗੂ ਕਰਨਾ ਹੈ ਜੋ ਘੱਟ ਗਿਣਤੀ ਕੌਮਾਂ ਦੀਆਂ ਇੱਕ ਦੋ ਪੀੜ੍ਹੀਆਂ ਤੱਕ ਇਹਨਾਂ ਦੀਆਂ ਭਾਸ਼ਾਵਾਂ ਦੇ ਪ੍ਰਵਾਹ ਨੂੰ ਤੋੜ ਦਿੰਦੀਆਂ ਹਨ। ਪੰਜਾਬ 'ਚ ਪੰਜਾਬੀ ਨਾਲ ਅਜਿਹਾ ਹੀ ਵਾਪਰ ਰਿਹਾ ਹੈ। ਪੰਜਾਬ ਵਿੱਚ ਮੌਜੂਦਾ ਨੌਜਵਾਨ ਪੀੜ੍ਹੀ ਦਾ ਵੱਡਾ ਹਿੱਸਾ ਪੰਜਾਬੀ ਬੋਲਣ ਵਿੱਚ ਹੀਣਤਾ ਮਹਿਸੂਸ ਕਰਦਾ ਹੈ। ਹਿੰਦੀ ਬੋਲਣਾ ਸੱਭਿਅਕ ਹੋਣ ਦੀ ਭਾਵਨਾ ਵਜੋਂ ਮੰਨਿਆ ਜਾਣ ਲੱਗਿਆ ਹੈ। ਇਸ ਦੇ ਨਾਲ ਹੀ ਪੰਜਾਬ ਵਿਚੋਂ ਹੋ ਰਹੇ ਪ੍ਰਵਾਸ ਨੇ ਵੀ ਮਾਂ ਬੋਲੀ 'ਤੇ ਅਸਰ ਪਾਇਆ ਹੈ। ਪੱਛਮੀ ਮੁਲਕਾਂ ਵਿੱਚ ਰਹਿ ਰਹੇ ਸਿੱਖਾਂ ਤੇ ਪੰਜਾਬੀਆਂ ਦੀਆਂ ਦੂਜੀਆਂ ਪੀੜ੍ਹੀਆਂ ਪੰਜਾਬੀ ਮਾਂ ਬੋਲੀ ਤੋਂ ਦੂਰ ਹਨ। ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ. ਉਪਰੋਕਤ ਸਰੋਕਾਰਾਂ ਦੇ ਸੰਦਰਭ ਵਿੱਚ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਦੀ ਸੇਵਾ ਵਿੱਚ ਬਣਦਾ ਕਾਰਜ ਕਰ ਰਹੀ ਹੈ। ਗੁਰੂ ਪਿਆਰ ਅਤੇ ਗੁਰਮੁਖੀ ਲਿਪੀ ਦੇ ਆਪਸੀ ਅਟੁੱਟ ਸਬੰਧ ਨੂੰ ਪ੍ਰਚਾਰਨ ਲਈ ਅਸੀਂ ਹਮੇਸ਼ਾ ਮੋਹਰੀ ਰਹੇ ਹਾਂ। ਇੰਗਲੈਂਡ ਵਿੱਚ ਬੱਚਿਆਂ ਨੂੰ ਗੁਰਮੁਖੀ ਅੱਖਰਾਂ ਦੀ ਵਿਦਿਆ ਦੇਣ ਅਤੇ ਪੰਜਾਬੀ ਅਧਿਆਪਕਾਂ ਨੂੰ ਸਮੇਂ ਦੀਆਂ ਤਕਨੀਕਾਂ ਦੇ ਹਾਣੀ ਬਣਾਉਣ ਲਈ ਕੈਂਪ ਲਾਉਣ ਦੀ ਸੇਵਾ ਹਮੇਸ਼ਾ ਕੀਤੀ ਜਾਂਦੀ ਰਹੀ ਹੈ। ਸਾਡੀ ਇੱਛਾ ਹੈ ਕਿ ਪੰਜਾਬ ਵਿੱਚ ਵੀ ਸਿੱਖ ਸਾਹਿਤ ਅਤੇ ਭਾਸ਼ਾ ਵਿਗਿਆਨ ਦੀ ਤਰੱਕੀ ਵਿੱਚ ਅਸੀਂ ਵੱਧ ਤੋਂ ਵੱਧ ਯੋਗਦਾਨ ਪਾਈਏ। ਅਸੀਂ ਸਮਝਦੇ ਹਾਂ ਕਿ ਜੇ ਪੰਜ ਸੌ ਸੰਸਕ੍ਰਿਤ ਦੇ ਵਾਰਿਸ ਇਸ ਭਾਸ਼ਾ ਨੂੰ ਭਾਰਤ ਦੀ ਕਾਨੂੰਨੀ ਭਾਸ਼ਾ ਦਾ ਦਰਜ਼ਾ ਦਿਵਾ ਸਕਦੇ ਹਨ ਤਾਂ ਬੋਧੀ ਤੇ ਜੈਨੀਆਂ ਦੀ ਵੱਡੀ ਵਸੋਂ ਦਾ ਪਰਾਕ੍ਰਿਤ ਦੇ ਵਾਰਸ ਬਣਨ ਤੋਂ ਪਾਸਾ ਵੱਟ ਜਾਣਾ ਇਸ ਕਲਾਸਿਕ ਭਾਸ਼ਾ ਦੇ ਲੁਪਤ ਹੋ ਜਾਣ ਦਾ ਮੁੱਖ ਕਾਰਨ ਹੈ। ਸਾਡੀ ਕੋਸ਼ਿਸ਼ ਹੈ ਕਿ ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਗੁਰੂ ਜੀ ਦੇ ਮੁੱਖ ਤੋਂ ਉਚਾਰੀ ਭਾਸ਼ਾ ਦੀਆਂ ਮਾਣ ਮੱਤੀਆਂ 'ਵਾਰਸ' ਬਣੀਆਂ ਰਹਿਣ।





ਗੁਰਮੀਤ ਸਿੰਘ ਪਲਾਹੀ
9815802070

# ਭਾਰਤ ਲਈ ਉੱਚ ਸਿੱਖਿਆ- ਵਧਦੀਆਂ ਚੁਣੌਤੀਆਂ

ਸਮੇਂ-ਸਮੇਂ 'ਤੇ ਦੇਸ਼ ਭਾਰਤ ਵਿੱਚ ਸਿੱਖਿਆ ਨੀਤੀ ਬਨਾਉਣ ਅਤੇ ਲਾਗੂ ਕਰਨ ਦਾ ਯਤਨ ਹੋਇਆ। ਇਹਨਾਂ ਵਿੱਚ ਉੱਚ ਸਿੱਖਿਆ ਲਈ ਵੱਡੇ ਦਾਈਏ ਸਿਰਜੇ ਗਏ, ਪਰ ਉੱਚ ਸਿੱਖਿਆ ਕਦੇ ਵੀ ਨੌਜਵਾਨਾਂ ਦੇ ਹਾਣ ਦੀ ਨਾ ਹੋ ਸਕੀ। ਇਹ ਸਿੱਖਿਆ ਬੁਨਿਆਦੀ ਢਾਂਚੇ ਤੇ ਅਧਿਆਪਕਾਂ ਦੀ ਕਮੀ, ਸਿੱਖਿਆ ਦੇ ਅਸਲ ਸੰਕਲਪ ਤੋਂ ਦੂਰੀ ਕਾਰਨ ਸਮੇਂ ਦੀ ਭੇਂਟ ਚੜ੍ਹ ਦੀ ਰਹੀ ਅਤੇ ਹੁਣ ਨਵੀਂ ਸਿੱਖਿਆ ਨੀਤੀ ਵੀ ਹਾਲੋਂ ਬੇਹਾਲ ਹੈ। ਦੇਸ਼ ਭਰ ਦੇ 31ਫੀਸਦੀ ਵਿਦਿਆਰਥੀਆਂ ਦੇ ਨਾਲ-ਨਾਲ ਸੂਬਿਆਂ ਦੀਆਂ ਉੱਚ ਸਿੱਖਿਆ ਸੰਸਥਾਵਾਂ, ਗੁਣਵੱਤਾ, ਬੁਨਿਆਦੀ ਸੁਵਿਧਾਵਾਂ ਦੀ ਘਾਟ ਨਾਲ ਦਸਤਪੰਜਾ ਲੈ ਰਹੀਆਂ ਹਨ।

ਕੀ ਇਹੋ ਜਿਹੇ ਹਾਲਾਤਾਂ ਵਿਚ ਬਦਹਾਲ ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿਚ ਉਦੋਂ ਤੱਕ ਬੁਨਿਆਦੀ ਤਬਦੀਲੀ ਲਿਆਉਣੀ ਸੋਚੀ ਜਾ ਸਕਦੀ ਹੈ, ਜਦੋਂ ਤੱਕ ਸਰਕਾਰਾਂ ਸਿੱਖਿਆ ਦੇ ਵਪਾਰੀਕਰਨ ਨਿੱਜੀਕਰਨ ਨਾਲ ਉਤਪੋਤ ਹੋ ਕੇ ਸਭ ਲਈ ਬਰਾਬਰ ਦੀ ਸਿੱਖਿਆ ਦਾ ਫ਼ਰਜ਼ ਨਿਭਾਉਣ ਲਈ ਅੱਗੇ ਨਹੀਂ ਆਉਂਦੀਆਂ।

ਆਲ ਇੰਡੀਆ ਹਾਇਰ ਐਜੂਕੇਸ਼ਨ ਸਰਵੇਖਣ 2020-21 ਅਨੁਸਾਰ ਦੇਸ਼ ਵਿਚ ਕੁਲ 1113 ਯੂਨੀਵਰਸਿਟੀਆਂ ਹਨ, ਜਿਹਨਾਂ ਵਿਚੋਂ 235 ਕੇਂਦਰੀ ਅਤੇ 422 ਸੂਬਾ ਸੰਚਾਲਿਤ ਯੂਨੀਵਰਸਿਟੀਆਂ ਸਹਿਤ 657 ਸਰਕਾਰੀ ਯੂਨੀਵਰਸਿਟੀਆਂ ਹਨ, 10 ਨਿੱਜੀ ਡੀਮਡ ਯੂਨੀਵਰਸਿਟੀਆਂ ਅਤੇ 446 ਪ੍ਰਾਈਵੇਟ ਯੂਨੀਵਰਸਿਟੀਆਂ ਹਨ। ਦੇਸ਼ ਵਿੱਚ 43796 ਕਾਲਜ ਅਤੇ 11296 'ਸਟੈਂਡ ਅਲੋਨ' ਸਿੱਖਿਆ ਸੰਸਥਾਵਾਂ ਹਨ।

ਉੱਚ ਸਿੱਖਿਆ ਦੇ ਹਾਲਾਤ ਵੇਖੋ : ਭਾਰਤ ਵਿਚ 18 ਤੋਂ 23 ਸਾਲ ਉਮਰ ਵਰਗ ਦੀ ਇੱਕ ਲੱਖ ਅਬਾਦੀ ਉੱਤੇ ਇੱਕੀ ਕਾਲਜ ਹਨ। ਇਹਨਾਂ ਵਿਚੋਂ 21.4 ਸਰਕਾਰੀ ਕਾਲਜ, 13.6 ਫੀਸਦੀ ਨਿੱਜੀ ਸਹਾਇਤਾ ਪ੍ਰਾਪਤ ਕਾਲਜ ਅਤੇ 65ਫੀਸਦੀ ਗੈਰ ਸਹਾਇਤਾ ਪ੍ਰਾਪਤ ਕਾਲਜ ਹਨ। ਲਗਭਗ 61.4 ਫੀਸਦੀ ਕਾਲਜ ਪੇਂਡੂ ਖੇਤਰ ਵਿਚ ਅਤੇ 10.5 ਫੀਸਦੀ ਔਰਤਾਂ ਦੇ ਕਾਲਜ ਹਨ।

ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਰਾਜਸਥਾਨ, ਤਾਮਿਲਨਾਡੂ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਦੇਸ਼ ਦੇ ਕੁਲ ਜੀ.ਈ.ਆਰ. (ਗਰੌਸ ਇਨਰੋਲਮੈਂਟ ਰੇਸ਼ੋ) 53.17ਫੀਸਦੀ ਹੈ, ਬਾਕੀ ਸਭ ਥੱਲੇ ਹਨ।

ਹਰ ਵੇਰ ਜਦੋਂ ਨਵੀਂ ਸਿੱਖਿਆ ਨੀਤੀ ਬਣਦੀ ਹੈ, ਭਾਵੇਂ ਉਹ ਅਜ਼ਾਦੀ ਤੋਂ ਬਾਅਦ ਪਹਿਲੋ-ਪਹਿਲ 1968 ਵਿੱਚ ਬਣੀ ਜਾਂ ਮੁੜ ਕੇ 1986 ਵਿਚ ਤਿਆਰ ਕੀਤੀ ਗਈ ਅਤੇ ਹੁਣ ਫਿਰ ਰਾਸ਼ਟਰੀ ਸਿੱਖਿਆ ਨੀਤੀ ਬਣੀ



ਹੈ, ਉਸ ਦਾ ਜੋ ਬੁਨਿਆਦੀ ਢਾਂਚੇ 'ਚ ਬਦਲਾਅ, ਪਾਠਕ੍ਰਮ 'ਚ ਤਬਦੀਲੀ, ਮੁਲਾਂਕਣ, ਅਧਿਐਨ ਅਤੇ ਅਧਿਆਪਨ ਉੱਤੇ ਜ਼ੋਰ ਦੇਣਾ ਰਿਹਾ ਹੈ। ਕਦੇ ਵੋਕੇਸ਼ਨਲ ਸਿੱਖਿਆ, ਕਦੇ ਸਿੱਖਿਆ ਨੂੰ ਉਦਯੋਗ ਨਾਲ



ਜੋੜਨ, ਵਿਅਕਤੀਗਤ ਪ੍ਰਤਿਭਾ ਵਧਾਉਣ ਦੀ ਗੱਲ ਵੀ ਲਗਾਤਾਰ ਹੋਈ ਹੈ।

ਨਵੀਂ ਸਿੱਖਿਆ ਨੀਤੀ ਜੋ 2020 'ਚ ਦੇਸ਼ ਭਰ 'ਚ ਲਾਗੂ ਕੀਤੀ ਉਸ ਦਾ ਮੰਤਵ ਵੀ ਲਗਭਗ ਇਹੋ ਜਿਹਾ ਹੀ ਹੈ। ਪਰ ਦੇਸ਼ 'ਚ ਸਿੱਖਿਆ ਦੀ ਸਥਿਤੀ ਖਾਸ ਕਰਕੇ ਉੱਚ ਸਿੱਖਿਆ ਦੀ ਸਥਿਤੀ 'ਚ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ ਉਪਰੰਤ ਵੀ ਕੋਈ ਬਦਲਾਅ ਵੇਖਣ ਨੂੰ ਨਹੀਂ ਮਿਲ ਰਿਹਾ। ਸੂਬਿਆਂ ਦੀਆਂ ਯੂਨੀਵਰਸਿਟੀਆਂ ਦੀ ਵਿੱਤੀ ਸਥਿਤੀ ਤਰਸਯੋਗ ਹੈ। ਗੁਣਵੱਤਾ ਪੱਖੋਂ ਸਰਕਾਰੀ ਗੈਰ ਸਰਕਾਰੀ ਯੂਨੀਵਰਸਿਟੀਆਂ ਦਾ ਜਨਾਜਾ ਨਿਕਲਿਆ ਹੋਇਆ। ਉੱਚ ਸਿੱਖਿਆ ਦਾ ਅਧਾਰ ਨਵੀਂ ਖੋਜ ਨੂੰ ਮੰਨਿਆ ਜਾਂਦਾ ਹੈ, ਪਰ ਅੱਧੇ ਅਧੂਰੇ ਬੁਨਿਆਦੀ ਢਾਂਚੇ ਕਾਰਨ, ਉੱਚ ਸਿੱਖਿਆ ਖੇਤਰ 'ਚ ਯੋਗ ਅਧਿਆਪਕਾਂ ਦੀ ਕਮੀ ਕਾਰਨ ਗੈਰ-ਗੰਭੀਰ ਖੋਜ ਪੱਤਰ ਛਪਦੇ ਹਨ। ਪੀ.ਐਚ.ਡੀ. ਦੀਆਂ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ। ਬਹੁਤੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਜਿਹਨਾਂ ਸਿੱਖਿਆ ਨੂੰ ਵਪਾਰ ਬਣਾ ਦਿੱਤਾ ਹੈ, ਉਥੇ ਤਾਂ ਇਹੋ ਜਿਹੀਆਂ ਡਿਗਰੀਆਂ ਦੀ ਭਰਮਾਰ ਹੈ। ਇਥੋਂ ਤੱਕ ਕਿ ਇਥੇ ਡਿਗਰੀਆਂ ਵਿਕਦੀਆਂ ਹਨ। ਸੂਬਿਆਂ ਦੀਆਂ ਸਰਕਾਰਾਂ ਵੱਲੋਂ ਖਾਸ ਕਰਕੇ ਯੂਨੀਵਰਸਿਟੀਆਂ ਨੂੰ ਵਿੱਤੀ ਸਹਾਇਤਾ ਦੇਣ ਤੋਂ ਹੱਥ ਖਿੱਚਣ ਕਾਰਨ ਸਰਕਾਰੀ ਯੂਨੀਵਰਸਿਟੀਆਂ ਦੇ ਵਿੱਤੀ ਹਾਲਤ ਸੰਕਟ ਵਿਚ ਹਨ। ਇਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਦੀਆਂ ਯੂਨੀਵਰਸਿਟੀਆਂ ਨੂੰ ਕੁਲ ਬਜ਼ਟ ਤਾਂ ਔਸਤਨ ਅੱਠ ਹਜ਼ਾਰ ਕਰੋੜ ਦਿੱਤਾ ਜਾਂਦਾ ਹੈ ਪਰ ਸੂਬਿਆਂ ਦੀਆਂ ਯੂਨੀਵਰਸਿਟੀਆਂ ਨੂੰ ਬਜ਼ਟ ਸਿਰਫ਼ 83 ਲੱਖ ਵੰਡਿਆ ਂਦਾ ਹੈ। ਕੇਂਦਰੀ ਕਾਲਜਾਂ ਲਈ ਸਰਕਾਰ ਨੇ 27 ਕਰੋੜ ਔਸਤਨ ਰੱਖੇ ਹਨ ਪਰ ਰਾਜਾਂ ਲਈ 21 ਲੱਖ ਦਾ ਬਜ਼ਟ ਹੈ। ਇਸ ਬਜ਼ਟ ਵਿਚ ਪਿਛਲੇ ਤਿੰਨ ਸਾਲਾਂ ਤੋਂ ਕੋਈ ਵਾਧਾ ਨਹੀਂ ਹੋਇਆ। ਕੀ ਇੰਨੀ ਕੁ ਸਹਾਇਤਾ ਇੱਕ ਯੂਨੀਵਰਸਿਟੀਲਈ ਕਾਫੀ ਹੈ।

ਭਾਰਤ ਵਿਚ ਸੰਘੀ ਲੋਕਤੰਤਰਿਕ ਵਿਵਸਥਾ ਹੈ। ਕੇਂਦਰ ਅਤੇ ਰਾਜਾਂ ਦੇ ਸਬੰਧ ਜਦੋਂ ਵਿਗੜਦੇ ਹਨ ਤਾਂ ਸੂਬਿਆਂ ਦੀ ਸੰਘੀ ਘੁੱਟੀ ਜਾਂਦੀ ਹੈ। ਵੱਖੋ-ਵੱਖਰੇ ਖੇਤਰਾਂ ਦੇ ਨਾਲ ਸਿੱਖਿਆ ਖੇਤਰ ਵੀ ਇਸਦਾ ਖਮਿਆਜਾ ਭੁਗਤਦਾ ਹੈ। ਮੱਧ ਪ੍ਰਦੇਸ਼, ਹਰਿਆਣਾ, ਕਰਨਾਟਕ ਵਿਚ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਹੋਇਆ ਦੋ ਸਾਲ ਬੀਤ ਗਏ ਹਨ, ਪਰ ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਕੁਝ ਹੋਰ ਰਾਜਾਂ ਸਮੇਤ ਪੰਜਾਬ ਦੇ ਇਹ ਸਿੱਖਿਆ ਨੀਤੀ ਲਾਗੂ ਕਰਨ ਵੱਲ ਕੁਝ ਕਦਮ ਵੀ ਅੱਗੇ ਨਹੀਂ ਵਧੇ।

ਅਸਲ ਵਿੱਚ ਰਾਜਾਂ ਦੀਆਂ ਯੂਨੀਵਰਸਿਟੀਆਂ ਫਾਕੇ ਕੱਟ ਰਹੀਆਂ ਹਨ, ਅਧਿਆਪਕਾਂ ਦੀ ਕਮੀ ਹੈ। ਆਰਥਿਕ ਤੰਗੀ, ਸਿਆਸੀ ਦਖਲ, ਅਕਾਦਮਿਕ ਭੈੜਾ ਪ੍ਰਬੰਧ ਅਤੇ ਬਰਾਬਰ ਦੇ ਮੌਕਿਆਂ ਦੀ ਕਮੀ ਨੇ ਯੂਨੀਵਰਸਿਟੀਆਂ ਦੇ ਹਾਲਾਤ ਵਿਗਾੜੇ ਹੋਏ ਹਨ। ਉਪਰੋਂ ਕੇਂਦਰ ਸਰਕਾਰ ਦੀਆਂ ਵਪਾਰਕ ਅਤੇ ਨਿੱਜੀਕਰਨ ਨੀਤੀਆਂ ਉੱਚ ਸਿੱਖਿਆ ਦਾ ਕਚੂੰਬਰ ਕੱਢ ਰਹੀਆਂ ਹਨ।

ਸਾਲ 2013 'ਚ ਰਾਸ਼ਟਰੀ ਉੱਚ ਸਿੱਖਿਆ ਅਭਿਆਨ (ਰੂਸਾ) ਇੱਕ ਪ੍ਰੋਗਰਾਮ ਕੇਂਦਰ ਸਰਕਾਰ ਨੇ ਸ਼ੁਰੂ ਕੀਤਾ। ਇਸ ਦਾ ਉਦੇਸ਼ ਰਾਜ ਸਰਕਾਰਾਂ ਨੂੰ ਉਚੇਰੀ ਬਿਹਤਰ ਸਿੱਖਿਆ ਲਈ ਫੰਡਿੰਗ ਕਰਨਾ ਸੀ। ਇਹ ਇਕ ਕਿਸਮ ਦੀ ਰਾਜਨੀਤਕ ਫੰਡਿੰਗ ਬਣ ਕੇ ਰਹਿ ਗਈ। ਰੂਸਾ ਅਧੀਨ ਮੁਲਾਂਕਣ ਦੇ ਅਧਾਰ 'ਤੇ ਰਾਜਾਂ ਲਈ 60:40 ਦੇ ਅਨੁਪਾਤ ਅਤੇ ਕੇਂਦਰੀ ਸ਼ਾਸ਼ਤ ਪ੍ਰਦਸ਼ਾਂ ਲਈ 90:10 ਦੇ ਅਨੁਪਾਤਾਂ ਨਾਲ ਪ੍ਰਾਜੈਕਟਾਂ ਲਈ ਵਿੱਤੀ ਸਹਾਇਤਾ ਦੇਣਾ ਸੀ। ਪਰ ਇਹ ਸਹਾਇਤਾ ਸੀਮਤ

ਰਹੀ ਅਤੇ 'ਪਹੁੰਚ' ਇਸ ਸਹਾਇਤਾ ਦਾ ਅਧਾਰ ਬਣ ਗਈ। ਭਾਵ ਜਿਥੇ ਅਤੇ ਜਿਸ ਰਾਜ ਵਿੱਚ ਹਾਕਮ ਚਾਹੁੰਦੇ ਉਥੇ ਹੀ ਇਹ ਪ੍ਰਾਜੈਕਟ ਦਿੱਤੇ ਜਾਂਦੇ ਹਨ। ਕੀ ਇਹ ਸਿੱਖਿਆ ਪ੍ਰਤੀ ਸਹੀ ਪਹੁੰਚ ਹੈ ?

ਪੁਰਾਤਨ ਕਾਲ ਵਿਚ ਸਿੱਖਿਆ ਦਾ ਮਨੋਰਥ ਧਰਮ ਨਾਲ ਜੁੜਿਆ ਹੋਇਆ ਸੀ ਅਤੇ ਕਿਸੇ ਵਿਸ਼ੇਸ਼ ਜਾਤ ਅਤੇ ਲਿੰਗ (ਭਾਵ ਮਰਦ ਜਾਂ ਔਰਤਾਂ) ਦਾ ਹੀ ਹੱਕ ਸੀ। ਇਹਨਾਂ ਸਮਿਆਂ 'ਚ ਭਾਰਤ 'ਚ ਸਿਰਫ਼ ਉੱਚ ਜਾਤਾਂ ਦੇ ਮਰਦ ਹੀ ਪੜ੍ਹਾਈ ਕਰਨ ਦੇ ਹੱਕਦਾਰ ਸਨ। ਅੰਗਰੇਜ਼ ਸਮਕਾਲ ਸਮੇਂ ਸਿੱਖਿਆ ਖੇਤਰ 'ਚ ਤਬਦੀਲੀ ਆਈ। ਸਕੂਲ, ਕਾਲਜ ਖੁਲੇ। ਮਿਸ਼ਨਰੀ ਲੋਕਾਂ ਨੇ ਸਿੱਖਿਆ ਆਮ ਆਦਮੀ ਤੱਕ ਪਹੁੰਚਾਉਣ ਦਾ ਯਤਨ ਕੀਤਾ। ਉਚੇਰੀ ਸਿੱਖਿਆ ਲਈ ਵੀ ਦਰਵਾਜ਼ੇ ਖੁਲੇ। ਅਜ਼ਾਦੀ ਤੋਂ ਬਾਅਦ ਸਿੱਖਿਆ ਸਭ ਲਈ ਦੇਣ ਦਾ ਸੰਕਲਪ ਸਾਹਮਣੇ ਆਇਆ। ਸਭ ਲਈ ਬਰਾਬਰ ਦੀ ਸਿੱਖਿਆ ਦੀ ਮੰਗ ਵੀ ਉੱਠੀ। ਸੰਵਿਧਾਨ ਵਿਚ ਸਿੱਖਿਆ ਦਾ ਅਧਿਕਾਰ ਦਰਜ ਹੋਇਆ।

ਪਰ ਯੂਨੀਵਰਸਿਟੀਆਂ ਪ੍ਰਾਈਵੇਟ ਹੱਥਾਂ 'ਚ ਵਧਣ ਕਾਰਨ ਸਿੱਖਿਆ ਦਾ ਮਿਆਰ ਵੀ ਘਟਿਆ। ਸਿੱਖਿਆ ਸੰਸਥਾਵਾਂ ਵਪਾਰਕ ਅਦਾਰਿਆਂ ਵਜੋਂ ਵਿਕਸਿਤ ਹੋਈਆਂ ਅਤੇ ਅੱਜ ਸਥਿਤੀ ਇਹ ਹੈ ਕਿ ਨਿੱਜੀਕਰਨ ਪਾਲਿਸੀ ਨੇ ਉੱਚ ਸਿੱਖਿਆ ਨੂੰ ਹਥਿਆ ਲਿਆ ਹੈ। ਨਵੇਂ- ਨਵੇਂ ਕੋਰਸ ਇਹਨਾਂ ਯੂਨੀਵਰਸਿਟੀਆਂ ਵਲੋਂ ਧਨ ਕਮਾਉਣ ਲਈ ਚਲਾਏ ਜਾ ਰਹੇ ਹਨ। ਜਿਹਨਾਂ ਦਾ ਕੋਈ ਮਿਆਰ ਵੀ ਨਹੀਂ। ਇੰਜ ਉੱਚ ਸਿੱਖਿਆ 'ਚ ਇਕ ਗੰਦਲਾਪਨ ਫੈਲਾਇਆ ਜਾ ਰਿਹਾ ਹੈ। ਇਹ ਉੱਚ ਸਿੱਖਿਆ ਲਈ ਇਕ ਵੱਡੀ ਚਣੌਤੀ ਹੈ। ਸਿੱਖਿਆ ਦਾ ਮੰਤਵ ਤਾਂ ਨਾ ਬਰਾਬਰੀ ਖਤਮ ਕਰਕੇ ਇਕ ਨਿੱਗਰ ਸਮਾਜ ਦੀ ਸਿਰਜਣਾ ਕਰਨਾ ਹੈ। ਆਪਣੀ ਬੋਲੀ ਸਭਿਆਚਾਰ ਨਾਲ ਜੁੜ ਕੇ ਇੱਕ ਚੇਤੰਨ ਮਨੁੱਖ ਬਨਣ ਵੱਲ ਅੱਗੇ ਵਧਣਾ ਹੈ। ਪਰ ਮੌਜੂਦਾ ਉੱਚ ਸਿੱਖਿਆ ਤਾਂ ਮਨੁੱਖ ਨਹੀਂ, ਮਸ਼ੀਨੀ ਪੁਰਜਾ ਬਨਣ, ਬਨਾਉਣ ਵੱਲ ਅੱਗੇ ਵਧ ਰਹੀ ਹੈ। ਇਹ ਕਿਸੇ ਤਰ ਾਂ ਵੀ ਸਮਾਜ ਦੇ ਹਿੱਤ ਵਿੱਚ ਨਹੀਂ ਹੈ।

ਬਿਨਾਂ ਸ਼ੱਕ ਦੁਨੀਆਂ ਭਰ ਵਿੱਚ ਉਚੇਰੀ ਸਿੱਖਿਆ ਦਾ ਮੰਤਵ ਬਦਲ ਰਿਹਾ ਹੈ। ਹੁਣ ਵਿਅਕਤੀਤਵ ਵਿਕਾਸ ਉਚੇਰੀ ਸਿੱਖਿਆ ਦਾ ਪੂਰਾ ਹੈ, ਜਿਸ ਨੂੰ ਆਰਥਿਕਤਾ 'ਚ ਹੁਲਾਰਾ, ਟੈਕਨੌਲੋਜੀ ਵਿਕਾਸ ਲਈ ਵਰਤੇ ਜਾਣ ਮਿਥਿਆ ਹੈ ਤਾਂ ਕਿ ਸਮਾਜਿਕ ਤਬਦੀਲੀ ਤੇਜ਼ੀ ਨਾਲ ਵਧੇ। ਉਚੇਰੀ ਸਿੱਖਿਆ ਹੁਣ ਨਵੀਂ ਜਾਣਕਾਰੀ, ਖੋਜ ਅਤੇ ਨਵੀਆਂ ਤਕਨੀਕਾਂ ਨਾਲ ਲੈਸ, ਬਜ਼ਾਰ ਮੰਡੀ ਦੀਆਂ ਲੋੜਾਂ ਅਨੁਸਾਰ ਵਿਦਿਆਰਥੀਆਂ ਨੂੰ ਵਰਤਣ ਦਾ ਸੰਦ-ਪੁਰਜਾ ਬਣਦੀ ਜਾ ਰਹੀ ਹੈ। ਇਹ ਬਹੁਤੀਆਂ ਹਾਲਤਾਂ 'ਚ ਮਨੁੱਖ ਨੂੰ ਮਸ਼ੀਨ ਬਨਾਉਣ ਤੁਲ ਹੈ। ਭਾਰਤ ਦੇਸ਼, ਜਿਹੜਾ ਨੈਤਿਕ ਮੁੱਲਾਂ ਲਈ ਜਾਣਿਆ ਜਾਂਦਾ ਹੈ, ਇਸੇ ਰਾਹ ਪਾਇਆ ਜਾ ਰਿਹਾ ਹੈ, ਇਹ ਦੱਸ ਕੇ ਕਿ ਭਾਰਤ ਵਿਸ਼ਵ ਮਹਾਂਸ਼ਕਤੀ ਬਣ ਰਿਹਾ ਹੈ। ਪਰ ਸਮਾਂ ਹੈ ਦੇਸ਼ ਨੂੰ ਸਿੱਖਿਆ, ਸਿਹਤ ਅਤੇ ਜੀਵਨ ਮੁੱਲਾਂ ਦੀ ਚਿੰਤਾ ਕਰਨੀ ਪਵੇਗੀ। ਇਹ ਸਿਰਫ਼ ਤੇ ਸਿਰਫ਼ ਸਭ ਲਈ ਸਿੱਖਿਆ ਅਤੇ ਉੱਚ ਸਿੱਖਿਆ ਰਾਹੀਂ ਸੰਭਵ ਹੈ।







ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਚਮਕੌਰ ਸਾਹਿਬ ਦੀ ਜੰਗ

ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ 3 ਨਵੰਬਰ 1605 ਨੂੰ ਜਹਾਂਗੀਰ ਤਖ਼ਤ 'ਤੇ ਬੈਠਾ। ਉਸ ਦੇ ਜਬਰੀ ਧਰਮ ਪ੍ਰੀਵਰਤਨ ਦੇ ਖ਼ੂਨੀ ਇਰਾਦੇ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇੱਕ ਰੂਹਾਨੀ ਅਗਵਾਈ, ਦੂਜੀ ਸੰਸਾਰਕ ਅਗਵਾਈ ਦੀ। ਉਹਨਾਂ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋ ਕੇ ਸੰਤ ਸਿਪਾਹੀ ਦਾ ਸਿੱਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਤੌਰ 'ਤੇ ਫ਼ੌਜ ਵਜੋਂ ਸੰਗਠਿਤ ਕੀਤਾ। ਜਿਸ ਹੇਠ ਗੁਰੂ ਸਾਹਿਬ ਜੀ ਨੇ ਜੰਗਾਂ ਵੀ ਜਿੱਤੀਆਂ।

ਮਾਰਚ 30,1664 ਨੂੰ ਗੁਰੂ ਤੇਗ ਬਹਾਦਰ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵੱਧਦੇ ਗਏ। ਉਸਨੇ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ ਹੋਈ ਸੀ। ਜ਼ੁਲਮ ਦਾ ਭਿਆਨਕ ਸਮਾਂ ਆਉਂਦਾ ਜਾਣ ਕੇ ਉਹਨਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਸ਼ਸਤਰ ਅਤੇ ਸ਼ਾਸਤਰ ਅਭਿਆਸ ਵਿੱਚ ਨਿਪੁੰਨ ਕੀਤਾ। ਇੱਕ ਅਜਿਹੀ ਦ੍ਰਿੜ੍ਹ ਸ਼ਖ਼ਸੀਅਤ ਬਣਾਇਆ ਕਿ ਆਪਣੇ ਗੁਰ ਪਿਤਾ ਜੀ ਨੂੰ ਧਰਮ ਦੀ ਰੱਖਿਆ ਕਰਨ ਲਈ ਕੁਰਬਾਨ ਹੋਣ ਭੇਜਿਆ। ਗੁਰੂ ਤੇਗ ਬਹਾਦਰ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਉਹਨਾਂ ਦਾ ਸਾਹਿਬਜ਼ਾਦਾ ਸਿੱਖ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗਾ। ਗੁਰੂ ਤੇਗ ਬਹਾਦਰ ਜੀ ਨੇ 11 ਨਵੰਬਰ,1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਲਾਸਾਨੀ ਸ਼ਹੀਦੀ ਨਾਲ ਮੁਗਲਾਂ ਦਾ ਪਤਨ ਸ਼ੁਰੂ ਹੋਇਆ। ਨਵੰਬਰ 24,1675 ਨੂੰ ਗੁਰੂ ਗੋਬਿੰਦ ਸਾਹਿਬ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਉਹਨਾਂ ਜਾਣ ਲਿਆ ਕਿ ਹੁਣ ਧਰਮ ਅਤੇ ਸਵੈ ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖ਼ਿਲਾਫ਼ ਜੂਝਣ ਤੋਂ ਬਿਨਾ ਕੋਈ ਚਾਰਾ ਨਹੀਂ।

ਗੁਰੂ ਸਾਹਿਬ ਜੀ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦਾ ਡੂੰਘਾ ਅਧਿਐਨ ਕੀਤਾ। ਉਹ ਮੁਗਲਾਂ ਦੇ ਸਮੇਂ ਸਮੇਂ ਕੀਤੇ ਜ਼ੁਲਮਾਂ ਤੋਂ ਜਾਣੂੰ ਹੋਏ। ਗੁਰੂ ਜੀ ਨੇ ਅਜਿਹੇ ਹਾਲਾਤਾਂ ਵਿੱਚ ਦੁਸ਼ਮਣ ਨਾਲ ਟੱਕਰ ਲੈਣ ਲਈ ਵਕਤ ਸੰਭਾਲਣਾ ਸੀ। ਸਿੱਖ ਕੌਮ ਵਿੱਚ ਚੜ੍ਹਦੀਕਲਾ ਦਾ ਜਜ਼ਬਾ ਭਰਨ ਲਈ 1699 ਈ. ਵਿੱਚ ਖ਼ਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜ਼ਾਦੀ 'ਤੇ ਪਹਿਰਾ ਦਿੱਤਾ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖ਼ਾਲਸਾ ਫ਼ੌਜੀ ਬਣਾਉਣਾ ਸੀ। ਵਿਉਂਤਬੰਦੀ ਕਰਨ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜਾ ਠਹਿਰੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਜੀ ਨੂੰ ਉੱਥੇ ਹੀ ਟਿੱਕ ਜਾਣ ਲਈ ਜਗ੍ਹਾ ਦਿੱਤੀ। ਗੁਰੂ ਸਾਹਿਬ ਜੀ ਨੇ ਪਾਉਂਟਾ ਕਿਲ੍ਹਾ ਉਸਾਰ ਲਿਆ। ਗੁਰੂ ਸਾਹਿਬ ਜੀ ਦੀ ਵਧਦੀ ਫ਼ੌਜੀ ਤਾਕਤ ਤੋਂ ਮੁਗ਼ਲਾਂ ਦੇ ਨਾਲ ਨਾਲ ਪਹਾੜੀ ਰਾਜੇ ਵੀ ਭੈ ਭੀਤ ਸਨ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਖ਼ੂਨੀ ਇਰਾਦਾ ਬਣਾ ਲਿਆ। ਇਸ ਲਈ ਜ਼ੁਲਮ ਖ਼ਿਲਾਫ਼ ਟੱਕਰ ਹੋਣੀ ਲਾਜ਼ਮੀ ਸੀ। ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਜਿਵੇਂ ਭੰਗਾਣੀ, ਨੰਦੋਨ, ਗੁਲੇਰ ਹਸੈਨੀ, ਆਨੰਦਪੁਰ ਦੀ ਪਹਿਲੀ ਜੰਗ, ਨਿਰਮੋਹ, ਸਤਲੁਜ, ਬਸੋਲੀ ਆਨੰਦਪੁਰ ਦੀ ਦੂਜੀ ਜੰਗ, ਸ਼ਾਹੀ ਟਿੱਬੇ, ਸਿਰਸਾ, ਖਿਦਰਾਣਾ ਅਤੇ ਚਮਕੌਰ ਦੀ ਜੰਗ। ਚਲਦੀਆਂ ਜੰਗਾਂ ਵਿੱਚ ਆਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਤੰਗ ਆ ਚੁੱਕੇ ਸਨ। ਮੁਗ਼ਲ ਫ਼ੌਜਾਂ ਨੇ ਆਨੰਦਪੁਰ ਦਾ ਕਿਲ੍ਹਾ ਗੁਰੂ ਸਾਹਿਬ ਪਾਸੋਂ ਖਾਲੀ ਕਰਵਾਉਣ ਲਈ ਖਾਸ ਸਿਖਲਾਈ ਪ੍ਰਾਪਤ ਫ਼ੌਜ ਤਿਆਰ ਕੀਤੀ ਸੀ। ਫ਼ੌਜ ਦੇ ਘੇਰੇ ਵਿੱਚ ਗੁਰੂ ਸਾਹਿਬ ਜੀ ਕਿਲ੍ਹੇ ਵਿੱਚ ਡਟੇ ਰਹੇ। ਲੰਮੀ ਉਡੀਕ ਤੋਂ ਬਾਅਦ ਵੈਰੀ ਮੱਕਾਰੀ 'ਤੇ ਉਤਰ ਆਏ, ਉਹਨਾਂ ਨੇ ਆਪਣੇ ਧਰਮ ਦੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਸਾਹਿਬ ਜੀ ਆਨੰਦਪੁਰ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਨੇ 20 ਦਸੰਬਰ 1704 ਦੀ ਸਰਦ ਰਾਤ ਨੂੰ 400 ਸਿੰਘਾਂ ਸਮੇਤ ਆਨੰਦਪੁਰ ਛੱਡ ਦਿੱਤਾ।

20-21 ਦਸੰਬਰ ਵਿਚਲੀ ਰਾਤ ਨੂੰ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫ਼ੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਗਏ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਫ਼ੌਜਾਂ ਦਾ ਰਾਹ ਰੋਕਦੇ ਲੜਦੇ ਗਏ। ਬਾਕੀਆਂ ਨੂੰ ਸਿਰਸਾ ਪਾਰ ਲੰਘਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਊਦੇ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿੱਚ ਡਟੇ ਹੋਏ ਸਨ। ਮੁਗਲਾਂ ਨਾਲ ਭਾਰੀ ਲਸ਼ਕਰ ਸੀ। ਇਸ ਅਸਾਵੇਂ ਮੁਕਾਬਲੇ ਵਿੱਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀਆਂ ਪਾ ਗਏ। ਇਸ ਅਸਥਾਨ 'ਤੇ ਉਹਨਾਂ ਦੀ ਯਾਦਗਾਰ ਬਣੀ ਹੋਈ ਹੈ। ਗੁਰੂ ਸਾਹਿਬ ਜੀ ਦਾ ਪ੍ਰਵਾਰ ਵੀ ਵਿੱਛੜ ਗਿਆ, ਉਥੇ ਗੁਰਦੁਆਰਾ ਪ੍ਰਵਾਰ ਵਿਛੋੜਾ ਸੁਸ਼ੋਭਿਤ ਹੈ। ਸਰਸਾ ਦੇ ਪਾਰ ਗੁਰੂ ਸਾਹਿਬ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ। ਕਾਫ਼ਲਾ ਰੋਪੜ ਵੱਲ ਵਧਿਆ ਤੇ ਰੋਪੜ ਦੇ ਕੋਲ ਹੀ ਜਾ ਠਹਿਰ ਬਣਾਈ।

ਚੌਧਰੀ ਬੁੱਧੀ ਚੰਦ ਜ਼ਿਮੀਦਾਰ ਨੇ ਕਿਹਾ ਕਿ ਗੁਰੂ ਜੀ ਵੈਰੀ ਦੀਆਂ ਫ਼ੌਜਾਂ ਵਾਹੋ ਦਾਹੀ ਪਿੱਛਾ ਕਰ ਰ ਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿੱਚ ਚਲੇ ਜਾਉ। ਗੁਰੂ ਸਾਹਿਬ ਜੀ ਇਸ ਉੱਚੀ ਕੱਚੀ ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇਥੋਂ ਖ਼ਾਲਸੇ ਦੇ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਰਚਿਆ ਜਾਣਾ ਹੈ। ਹੁਣ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਸਾਹਿਬ ਜੀ ਨੇ ਆਪਣੀ ਰਣਨੀਤੀ ਦੀ ਸੂਝ ਨਾਲ ਕੱਚੀ ਗੜ੍ਹੀ ਨੂੰ ਇੱਕ ਫ਼ੌਜੀ ਕਿਲੇ ਵਿੱਚ ਬਦਲ ਦਿੱਤਾ। ਮੋਰਚੇਬੰਦੀ ਕਰਦਿਆਂ ਗੁਰੂ ਸਾਹਿਬ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿੱਚ ਵੰਡ ਲਿਆ। ਵੈਰੀ ਦੀਆਂ ਫ਼ੌਜਾਂ ਨਾਲ ਲੱਗਦੇ ਮੈਦਾਨ ਵਿੱਚ ਪਹੁੰਚ ਗਈਆਂ। ਇੱਕ ਪਾਸੇ ਗੁਰੂ ਸਾਹਿਬ ਜੀ ਨਾਲ ਸਾਲਾਂ ਭਰ ਦੀ ਲਗਾਤਾਰ ਜੰਗ ਦੇ ਭੰਨੇ ਹੋਏ ਭੁੱਖਣ ਭਾਣੇ 40 ਸਿੰਘ ਸਨ। ਦੂਸਰੇ ਪਾਸੇ ਸਿਖਲਾਈ ਪ੍ਰਾਪਤ ਗੁਰੂ ਜੀ ਦੇ ਕਥਨ ਅਨੁਸਾਰ ਦਸ ਲੱਖ ਦੀ ਫ਼ੌਜ ਸੀ, ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਸਾਹਿਬ ਜੀ ਨੇ ਇਥੋਂ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫ਼ੌਜਾਂ ਨੇ ਵੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਲਈ ਮੁਗ਼ਲ ਸੈਨਿਕਾਂ ਦੀ ਹਿੰਮਤ ਨਹੀਂ ਸੀ ਪੈ ਰਹੀ। ਗੁਰੂ ਸਾਹਿਬ ਜੀ ਨੇ ਪੈਂਤੜਾ ਦੱਸਿਆ ਕਿ ਮੁਗ਼ਲ ਫ਼ੌਜ ਦੇ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗ਼ਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਕੰਧ ਨਾਲ ਪੌੜੀ ਲਗਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗੁਰੂ ਸਾਹਿਬ ਜੀ ਨੇ ਤੀਰ ਦੇ ਨਿਸ਼ਾਨੇ ਨਾਲ ਉਸ ਨੂੰ ਮਾਰ ਮੁਕਾਇਆ। ਫਿਰ ਗ਼ਾਣੀ ਖਾਨ ਅੱਗੇ ਵਧਿਆ ਗੁਰੂ ਜੀ ਨੇ ਉਸ ਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿੱਚ ਭੱਜ ਗਿਆ। ਵੈਰੀ ਦੀਆਂ ਫ਼ੌਜਾਂ ਭੈਭੀਤ ਹੋ ਗਈਆਂ।

ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇਕੋ ਹੱਲੇ ਨਾਲ ਗੜ੍ਹੀ ਸਰ ਕਰ ਲਈ ਜਾਵੇ। ਜੋ ਫ਼ੈਸਲਾਕੁੰਨ ਜੰਗ ਲੜੀ ਜਾ ਸਕੇ। ਹੁਣ ਜਰਨੈਲ ਹਦਾਇਤ ਖਾਂ, ਇਜਮਾਇਲ ਖਾਂ, ਫ਼ੌਲਾਦ ਖਾਨ, ਸੁਲਤਾਨ ਖਾਂ , ਜਹਾਨ ਖਾਂ, ਆਸਮਾਇਲ ਖਾਂ, ਭੂਰੇ ਖਾਂ ਦੀਆਂ ਫ਼ੌਜਾਂ, ਕੱਚੀ ਗੜ੍ਹ ਵੱਲ ਵਧੀਆਂ। ਗੁਰੂ ਸਾਹਿਬ ਜੀ ਬਾਹਰ ਦਾ ਜੰਗੀ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉੱਚੀ ਮਮਟੀ 'ਤੇ ਚਲੇ ਗਏ। ਦੋਵੇਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੋਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ ਜੀ ਗੜ੍ਹੀ ਦੇ ਮੁੱਖ ਦੁਆਰ 'ਤੇ ਤਾਇਨਾਤ ਸਨ। ਸਿੰਘ ਤਲਵਾਰ, ਤੀਰ, ਨੇਜ਼ੇ, ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀਕਲਾ ਵਿੱਚ ਸਨ । ਉਹਨਾਂ ਨੂੰ ਮਾਣ ਸੀ ਕਿ ਇਸ ਧਰਮੀ ਜੰਗ ਵਿੱਚ ਉਹ ਗੁਰੂ ਜੀ ਦਾ ਸਾਥ ਦੇ ਰਹੇ ਹਨ। ਵੈਰੀ ਦੀਆਂ ਫ਼ੌਜਾਂ ਆਣ ਪੁੱਜੀਆਂ।

22 ਦਸੰਬਰ 1704 ਨੂੰ ਚਮਕੌਰ ਸਾਹਿਬ ਦਾ ਹੋਇਆ ਜੰਗ ਸੰਸਾਰ ਦੀਆਂ ਮਿਸਾਲੀ ਜੰਗਾਂ ਵਿੱਚ ਸ਼ਾਮਲ ਹੈ। ਜਦੋਂ ਵੈਰੀ ਦੀ ਵੱਡੀ ਫ਼ੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਸਾਹਿਬ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ ਪੰਜ ਸਿੰਘਾਂ ਦਾ ਜਥਾ ਜੰਗ ਦੇ ਮੈਦਾਨ ਵਿੱਚ ਉਤਾਰਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿੱਚ ਵੈਰੀ 'ਤੇ ਟੁੱਟ ਪਏ। ਉਪਰੋਂ ਗੁਰੂ ਸਾਹਿਬ ਜੀ ਅਤੇ ਸਾਹਿਬਜ਼ਾਦਿਆਂ ਨੇ ਵੀ ਤੀਰਾਂ ਦੀ ਝੜੀ ਲੱਗਾ ਦਿੱਤੀ। ਦੋ ਘੰਟੇ ਘਮਸਾਨ ਦੀ ਜੰਗ ਹੋਈ। ਖੰਡਾ ਖੜਕਿਆ, ਤੀਰ,ਨੇਜ਼ੇ, ਤਲਵਾਰਾਂ, ਭਾਲੇ ਚੱਲੇ। ਸਰਦੀ ਦੀ ਸਵੇਰ ਵਿੱਚ ਜੰਗ ਦਾ ਮੈਦਾਨ ਭਖ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ੍ਹ ਕੇ ਰੱਖ ਦਿੱਤਾ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਆਨਕ ਕਿਵੇਂ ਹੋ ਸਕਿਆ। ਚਮਕੌਰ ਦੀ ਧਰਤੀ ਖ਼ੂਨ ਨਾਲ ਰੰਗੀ ਗਈ। ਖ਼ੂਨ ਦੇ ਘਾਣ ਮੱਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜ੍ਹਤਾ ਨਾਲ ਵੈਰੀ ਦਾ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਵਿਖਾਉਂਦਿਆਂ ਪੰਜਾਂ ਸਿੰਘਾਂ ਦਾ ਜਥਾ ਸ਼ਹੀਦੀ ਪਾ ਗਿਆ। ਗੁਰੂ ਸਾਹਿਬ ਨੇ ਦੂਸਰਾ ਜਥਾ ਜੰਗ ਦੇ ਮੈਦਾਨ ਵਿੱਚ ਉਤਾਰਿਆ। ਉਹ ਵੀ ਅਨੇਕਾਂ ਵੈਰੀਆਂ ਦਾ ਮੁਕਾਬਲਾ ਕਰਦੇ ਵੈਰੀਆਂ ਨੂੰ ਮਾਰ ਮੁਕਾਉਂਦਿਆਂ, ਅੰਤ ਵਿੱਚ ਸ਼ਹੀਦੀ ਪਾ ਗਿਆ।

ਹੁਣ ਸਿੰਘ ਜਾਣ ਗਏ ਸਨ ਕਿ ਏਨੇ ਵਿਸ਼ਾਲ ਫ਼ੌਜੀ ਲਾਮ ਲਸ਼ਕਰ ਨਾਲ ਮੁਕਾਬਲਾ ਕਰਦਿਆਂ ਸ਼ਹੀਦੀਆਂ ਨਿਸ਼ਚਿੰਤ ਹਨ। ਉਹਨਾਂ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰਖਿਅਤ ਨਿਕਲ ਜਾਵੋ। ਗੁਰੂ ਸਾਹਿਬ ਜੀ ਨੇ ਕਿਹਾ ਕਿ ਰਣ ਤੱਤੇ ਵਿੱਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਅਤੇ ਹੌਂਸਲਾ ਦਿੰਦਿਆਂ ਕਿਹਾ ਕਿ ਜਿੱਤ ਸਾਡੀ ਹੋਵੇਗੀ। ਇਸ ਸੁਣ ਕੇ ਸਿੰਘ ਫਿਰ ਜੋਸ਼ ਵਿੱਚ ਆ ਕੇ ਤਿਆਰ ਬਰ ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰ ਪਿਤਾ ਤੋਂ ਜੰਗ ਦੇ ਮੈਦਾਨ ਵਿੱਚ ਉੱਤਰਨ ਦੀ ਆਗਿਆ ਮੰਗੀ। ਗੁਰੂ ਸਾਹਿਬ ਜੀ ਨੇ ਆਪਣੇ ਹੱਥੀਂ ਸ਼ਸਤਰ ਸਜਾ ਕੇ ਨਾਲ ਅੱਠ ਸਿੰਘਾਂ ਦਾ ਜਥਾ ਭੇਜਿਆ। ਜੈਕਾਰਿਆਂ ਦੀ ਗੂੰਜ ਵਿੱਚ ਜੰਗ ਦੇ ਮੈਦਾਨ ਵਿੱਚ ਆ ਨਿੱਤਰੇ। ਵੈਰੀ ਦੀਆਂ ਫ਼ੌਜਾਂ ਨੇ ਚਾਰੇ ਪਾਸਿਓਂ ਤੋਂ ਘੇਰ ਲਿਆ। ਸਾਹਿਬਜ਼ਾਦੇ ਨੇ ਬੜੀ ਵੀਰਤਾ ਨਾਲ ਤੀਰਾਂ ਦੇ ਵਾਰ ਕਰਕੇ ਵੈਰੀਆਂ ਦੀਆਂ ਛਾਤੀਆਂ ਵਿੰਨ੍ਹ ਸੁੱਟੀਆਂ। ਦੁਸ਼ਮਣ ਨੂੰ ਵੰਗਾਰਿਆਂ ਕਿ ਆਓ ਨਿਕਲੋ ਸਾਹਮਣੇ ਤੋਂ ਵਾਰ ਕੋਰੇ। ਵੈਰੀ ਦੇ ਸੈਨਿਕਾਂ ਨੇ ਹੱਲਾ ਕੀਤਾ, ਪਰ ਸਾਹਿਬਜ਼ਾਦੇ ਦੇ ਅੱਗੇ ਬਹੁਤੀ ਦੇਰ ਟਿੱਕ ਨਾ ਸਕੇ। ਵੈਰੀ ਪਿੱਛੇ ਹਟਣ ਲੱਗੇ। ਦੁਸ਼ਮਣ ਸਰਦਾਰ ਦੇ ਵਾਰ ਨਾਲ ਘੋੜਾ ਜ਼ਖਮੀ ਹੋ ਗਿਆ। ਸਾਹਿਬਜ਼ਾਦਾ ਪੈਦਲ ਹੀ ਮੈਦਾਨ ਵਿੱਚ ਡਟ ਗਿਆ। ਜੰਗ ਜਾਰੀ ਸੀ ਕਿ ਉਹਨਾਂ ਦੇ ਸਿੰਘ ਸ਼ਹੀਦ ਹੋ ਗਏ। ਸਾਹਿਬਜ਼ਾਦਾ ਇਕੱਲਾ ਪੈ ਗਿਆ। ਵੈਰੀ ਦੇ ਇੱਕੋ ਵੱਡੇ ਹਮਲੇ ਵਿੱਚ ਸਾਹਿਬਜ਼ਾਦਾ ਸ਼ਹੀਦ ਹੋ ਗਏ। ਗੁਰੂ ਸਾਹਿਬ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ। ਸਾਹਿਬਜ਼ਾਦੇ ਦੇ ਜੰਗੀ ਜੋਹਰਾਂ ਉੱਤੇ ਉਹਨਾਂ ਨੂੰ ਮਾਣ ਸੀ। ਉਹਨਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਸ ਸ਼ਹੀਦੀ ਨੇ ਪ੍ਰਭਾਵਿਤ ਕੀਤਾ ਕਿ ਉਹ ਵੀ ਜੰਗ ਵਿੱਚ ਆਪਣਾ ਫਰਜ਼ ਨਿਭਾਉਣ ਲਈ ਤਿਆਰ ਹੋ ਗਏ। ਉਹਨਾਂ ਗੁਰੂ ਸਾਹਿਬ ਜੀ ਪਾਸੋਂ ਜੰਗ ਦੇ ਮੈਦਾਨ ਵਿੱਚ ਉੱਤਰਨ ਦੀ ਆਗਿਆ ਮੰਗੀ। ਗੁਰੂ ਸਾਹਿਬ ਜੀ ਨੇ ਪੰਜ ਸਿੰਘਾਂ ਦੇ ਜਥੇ ਨਾਲ ਜੰਗ ਦੇ ਮੈਦਾਨ ਵਿੱਚ ਤੋਰਿਆ। ਜੈਕਾਰਿਆਂ ਦੀ ਗੂੰਜ ਵਿੱਚ ਜੰਗ ਦੇ ਮੈਦਾਨ ਵਿਚ ਜਾ ਉੱਤਰੇ। ਜੰਗ ਦਾ ਮੈਦਾਨ ਇੱਕ ਵਾਰ ਫਿਰ ਤੋਂ ਮੱਘ ਉਠਿਆ। ਵੈਰੀ ਦੀ ਗਿਣਤੀ ਬਹੁਤ ਜਿਆਦਾ ਸੀ। ਵੈਰੀਆਂ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜ਼ਾ ਸੂਤ ਲਿਆ। ਉਹ ਜਿੱਧਰ ਵੀ ਨੇਜ਼ਾ ਘੁਮਾਉਂਦੇ, ਵੈਰੀ ਨੂੰ ਮਾਰ ਮੁਕਾਉਂਦੇ। ਸਵਾ ਲਾਖ ਸੇ ਏਕ ਲੜਾਉਂ ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀਆਂ ਨੇ ਹੁਣ ਸਾਹਿਬਜ਼ਾਦੇ ਨੂੰ ਪੂਰੀ ਤਰਾਂ ਘੇਰ ਲਿਆ ਸੀ। ਸਾਹਿਬਜ਼ਾਦੇ ਨੇ ਸ਼ਸਤਰ ਚਲਾਉਂਦਿਆਂ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਛਿਪਣ ਤੱਕ ਜੰਗ ਜਾਰੀ ਸੀ। ਇਸ ਆਸਾਵੀਂ ਜੰਗ ਵਿੱਚ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦੀ ਦਾ ਜਾਮ ਪੀ ਗਏ। ਗੁਰੂ ਸਾਹਿਬ ਜੀ ਨੇ ਕਿਹਾ ਕਿ ਅਮਾਨਤ ਪੂਰੀ ਹੋਈ ਹੈ। ਕੌਮ ਦਾ ਕਰਜ਼ ਅਦਾ ਹੋਇਆ। ਸੂਰਜ ਛਿਪਣ 'ਤੇ ਜੰਗ ਖ਼ਤਮ ਹੋਇਆ। ਸਿੰਘ ਗੁਰੂ ਸਾਹਿਬ ਜੀ ਨਾਲ ਗੜ੍ਹੀ ਵਿੱਚ ਜਾ ਬੈਠੇ। ਗੁਰੂ ਸਾਹਿਬ ਜੀ ਨੇ ਕਿਹਾ ਕਿ ਵੈਰੀ ਨਾਲ ਆਖ਼ਰੀ ਦਮ ਤਕ ਜੰਗ ਜਾਰੀ ਰਹੇਗਾ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ। ਖ਼ਾਲਸੇ ਨੂੰ ਹੁਣ ਅਕਾਲ ਪੁਰਖ ਦੀ ਹੀ ਓਟ ਹੈ। ਰਣਭੂਮੀ ਵਿੱਚ ਪਿੱਠ ਨਹੀਂ ਵਿਖਾਉਣੀ। ਧਰਮ ਲਈ ਕੁਰਬਾਨ ਹੋਣਾ ਹੈ। ਗੜ੍ਹੀ ਵਿੱਚ ਬਚੇ 11 ਸਿੰਘਾਂ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਸੁਰੱਖਿਅਤ ਗੜ੍ਹੀ ਛੱਡ ਜਾਵੋ। ਪੰਜਾਂ ਪਿਆਰਿਆਂ ਦੀ ਉਸੇ ਵੇਲੇ ਚੋਣ ਕਰਕੇ ਭਾਈ ਦਯਾ ਸਿੰਘ ਜੀ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਸਿੱਖ ਪੰਥ ਦਾ ਭਵਿੱਖ ਖ਼ਤਰੇ ਵਿੱਚ ਪੈ ਜਾਵੇਗਾ। ਸਿੱਖ ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਜੀ ਦਾ ਨਿਕਲ ਜਾਣਾ ਪੰਥ ਦੇ ਹਿੱਤ ਵਿੱਚ ਹੈ। ਪੰਜਾਂ ਪਿਆਰਿਆਂ ਦਾ ਪੰਥਕ ਹੁਕਮ ਗੁਰੂ ਸਾਹਿਬ ਜੀ ਨੂੰ ਮੰਨਣਾ ਪਿਆ। ਉਹਨਾਂ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ ਸਗੋਂ ਵੈਰੀ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਨੂੰ ਨਾਲ ਲੈ ਕੇ ਜਾਣ ਦਾ ਫ਼ੈਸਲਾ ਕੀਤਾ। ਆਪਣੇ ਹਮਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਆਪਣੀ ਪੁਸ਼ਾਕ ਸਜਾ ਕੇ ਉੱਚੀ ਮਮਟੀ ਵਿੱਚ ਬਿਠਾ ਦਿੱਤਾ। ਅੱਧੀ ਰਾਤ ਲੰਘੀ ਤੇ ਉੱਚੇ ਟਿੱਬੇ ਤੋਂ ਤਿੰਨ ਵਾਰ ਕਿਹਾ ਕਿ ਪੀਰੇ ਹਿੰਦ ਮੇ ਰਵੱਦ। ਹਿੰਦ ਦਾ ਪੀਰ ਚਲਾ ਗਿਆ। ਵੈਰੀ ਦੀਆਂ ਫ਼ੌਜਾਂ ਵਿੱਚ ਹਫਰਾ ਤਫਰੀ ਮੱਚ ਗਈ। ਉਹ ਬੌਖਲਾ ਉੱਠੇ। ਮਿਸ਼ਾਲਚੀ ਰਾਹ ਵਿੱਚ ਸੀ। ਗੁਰੂ ਸਾਹਿਬ ਜੀ ਨੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। ਦਸੰਬਰ 23, 1704 ਨੂੰ ਗੜ੍ਹੀ 'ਤੇ ਵੈਰੀ ਨੇ ਫਿਰ ਹਮਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਬਾਹਰ ਨਿਕਲੇ ਆਏ। ਟਾਕਰਾ ਹੋਇਆ ਤੇ ਸਿੰਘਾਂ ਨੇ ਫਿਰ ਕਈ ਵੈਰੀਆਂ ਨੂੰ ਮਾਰ ਮੁਕਾਇਆ। ਗੁਰੂ ਜੀ ਦੇ ਦੱਸੇ ਰਾਹ 'ਤੇ ਚਲਦਿਆਂ ਵੈਰੀ ਨਾਲ ਮੁਕਾਬਲਾ ਕਰਦਿਆਂ ਸਿੰਘ ਸ਼ਹੀਦੀਆਂ ਪਾ ਗਏ। ਉਹਨਾਂ ਦੀ ਲਾਸਾਨੀ ਕੁਰਬਾਨੀ ਸਿੱਖ ਕੌਮ ਲਈ ਵੱਡੀ ਮਿਸਾਲ ਹੈ। ਦੁਸ਼ਮਣ ਦੇ ਜਰਨੈਲਾਂ ਨੂੰ ਖ਼ਬਰ ਹੋਈ ਕਿ ਗੁਰੂ ਜੀ ਵੀ ਸ਼ਹੀਦੀ ਪਾ ਗਏ ਹਨ ਪਰ ਇੱਕ ਤਾਂ ਉਹਨਾਂ ਦਾ ਭੁਲੇਖਾ ਸੀ, ਗੁਰੂ ਸਾਹਿਬ ਜੀ ਤਾਂ ਮਾਛੀਵਾੜੇ ਦੇ ਜੰਗਲਾਂ ਵਿੱਚ ਜਾ ਪਹੁੰਚੇ ਸਨ। ਦੋ ਛੋਟੇ ਸਾਹਿਬਜ਼ਾਦਿਆਂ ਦੀ ਖ਼ਬਰ ਗੁਰੂ ਸਾਹਿਬ ਜੀ ਨੂੰ ਮਿਲ ਗਈ ਸੀ। ਗੁਰੂ ਸਾਹਿਬ ਜੀ ਨੇ ਕਾਹੀ ਦੇ ਬੂਟੇ ਨੂੰ ਉਖਾੜ ਕੇ ਕਿਹਾ ਕਿ ਇਹ ਮੁਗ਼ਲ ਸਾਮਰਾਜ ਹੁਣ ਜੜ੍ਹੋਂ ਪੁਟਿਆ ਗਿਆ। ਗੁਰੂ ਸਾਹਿਬ ਜੀ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਵਿੱਚ ਚਿੱਠੀ ਲਿਖੀ ਜਿਸ ਨੂੰ 'ਜ਼ਫ਼ਰਨਾਮਾ' ਕਿਹਾ ਜਾਂਦਾ ਹੈ। ਉਸ ਵਿੱਚ ਵੀ ਚਮਕੌਰ ਸਾਹਿਬ ਦੀ ਜੰਗ ਦਾ ਬਿਰਤਾਂਤ ਹੈ।



TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਬੱਚਿਆਂ ਨੂੰ ਬਚਾਓ ਠੰਡ ਤੋਂ



ਸਰਦੀਆਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਠੰਡੀਆਂ ਹਵਾਵਾਂ ਵੀ ਚੱਲਣੀਆਂ ਸ਼ੁਰੂ ਹੋ ਗਈਆਂ ਹਨ। ਇਸ ਮੌਸਮ 'ਚ ਬੱਚਿਆਂ ਨੂੰ ਠੰਡ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਉਨ੍ਹਾਂ ਦੀ ਸਿਹਤ ਖਰਾਬ ਹੋ ਸਕਦੀ ਹੈ। ਜੇਕਰ ਤੁਹਾਡਾ ਬੱਚਾ ਅਜੇ ਛੋਟਾ ਹੈ, ਤਾਂ ਠੰਡੇ ਮੌਸਮ ਵਿੱਚ ਉਸ ਨੂੰ ਨਿੱਘਾ ਰੱਖਣਾ ਤੁਹਾਡੀ ਜ਼ਿੰਮੇਵਾਰੀ ਹੈ। ਅੱਜ ਇੱਥੇ ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਤੁਸੀਂ ਆਪਣੇ ਛੋਟੇ ਬੱਚਿਆਂ ਨੂੰ ਕੰਬਲ ਜਾਂ ਚਾਦਰਾਂ ਅਤੇ ਭਾਰੀ ਸਵੈਟਰਾਂ ਨਾਲ ਬੋਝ ਪਾਏ ਬਿਨਾਂ ਕਿਵੇਂ ਗਰਮ ਰੱਖ ਸਕਦੇ ਹੋ।

2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਸਰੀਰ ਉਨ੍ਹਾਂ ਦੇ ਸਰੀਰ ਦੇ ਤਾਪਮਾਨ ਨੂੰ ਨਿਯਮਤ ਕਰਨ ਦੇ ਯੋਗ ਨਹੀਂ ਹੁੰਦਾ। ਅਜਿਹੇ 'ਚ ਤੁਸੀਂ ਦੇਖਿਆ ਹੋਵੇਗਾ ਕਿ ਬੱਚਿਆਂ ਦੇ ਹੱਥ-ਪੈਰ ਬਿਲਕੁਲ ਠੰਡੇ ਹੋ ਜਾਂਦੇ ਹਨ। ਬੱਚਿਆਂ ਨੂੰ ਰਾਤ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ, ਪਰ ਉਨ੍ਹਾਂ ਦੇ ਆਰਾਮ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਕਿਉਂਕਿ ਜੇਕਰ ਉਹ ਬਹੁਤ ਜ਼ਿਆਦਾ ਕੱਪੜੇ ਨਾਲ ਲੱਦੇ ਹਨ, ਤਾਂ ਅਚਾਨਕ ਇਨਫੈਂਟ ਡੈਥ ਸਿੰਡਰੋਮ ਦਾ ਡਰ ਰਹਿੰਦਾ ਹੈ।

ਸਭ ਤੋਂ ਪਹਿਲਾਂ, ਤੁਹਾਨੂੰ ਆਪਣੇ ਕਮਰੇ ਦੇ ਤਾਪਮਾਨ ਨੂੰ ਆਮ ਕਰਨਾ ਚਾਹੀਦਾ ਹੈ. ਬੱਚਿਆਂ ਨੂੰ ਹਲਕੇ ਅਤੇ ਗਰਮ ਕੱਪੜੇ ਪਾਉਣੇ ਚਾਹੀਦੇ ਹਨ। ਬੱਚਿਆਂ ਦੇ ਕਮਰੇ ਦਾ ਤਾਪਮਾਨ 20 ਡਿਗਰੀ ਸੈਲਸੀਅਸ ਤੱਕ ਹੋਣਾ ਚਾਹੀਦਾ ਹੈ। ਜੇ ਸੰਭਵ ਹੋਵੇ, ਤਾਂ ਬੱਚਿਆਂ ਨੂੰ ਸਲਿਪ ਸੂਟ ਪਹਿਨ ਕੇ ਸੌਣ ਦਿਓ ਜੋ ਉਨ੍ਹਾਂ ਦੀਆਂ ਲੱਤਾਂ ਨੂੰ ਢੱਕਦੇ ਹਨ।

ਜੇ ਤੁਹਾਡੇ ਬੱਚਿਆਂ ਦਾ ਕਮਰਾ ਬਹੁਤ ਠੰਡਾ ਹੈ, ਤਾਂ ਤੁਸੀਂ ਉਨ੍ਹਾਂ ਨੂੰ ਅੰਦਰ ਇੱਕ ਵੇਸਟ ਪਹਿਨਾ ਸਕਦੇ ਹੋ। ਇਸ ਦੇ ਉੱਪਰ ਸਲਿੱਪ ਸੂਟ ਪਾਓ। ਕੋਈ ਵੀ ਕੱਪੜਾ ਪਹਿਨਣ ਤੋਂ



ਪਹਿਲਾਂ ਬੇਬੀ ਲੋਸ਼ਨ ਲਗਾਉਣਾ ਨਾ ਭੁੱਲੋ, ਜਿਸ ਵਿੱਚ ਮੱਖਣ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਆਪਣੇ ਕਮਰੇ ਦੀਆਂ ਖਿੜਕੀਆਂ ਬੰਦ ਰੱਖੋ ਪਰ ਇਹ ਵੀ ਯਕੀਨੀ ਬਣਾਓ ਕਿ ਬੱਚੇ ਦੇ ਕਮਰੇ ਵਿੱਚ ਹਵਾਦਾਰੀ ਹੋਵੇ, ਤਾਂ ਜੋ ਕੁਝ ਤਾਜ਼ੀ ਹਵਾ ਅੰਦਰ ਆ ਸਕੇ। ਜੇਕਰ ਕਮਰਾ ਬਹੁਤ ਠੰਡਾ ਹੈ ਤਾਂ ਤੁਸੀਂ ਰੂਮ ਹੀਟਰ ਜਾਂ ਹਿਊਮਿਡੀਫਾਇਰ ਦੀ ਵਰਤੋਂ ਕਰ ਸਕਦੇ ਹੋ। ਜੇਕਰ, ਤੁਹਾਡੇ ਕਮਰੇ ਦੇ ਤਾਪਮਾਨ ਨੂੰ ਦੇਖਦੇ ਹੋਏ, ਤੁਹਾਨੂੰ ਲੱਗਦਾ ਹੈ ਕਿ ਬੱਚੇ ਇੱਕ-ਪੀਸ ਸੂਟ ਵਿੱਚ ਪੂਰੀ ਤਰ੍ਹਾਂ ਗਰਮ ਨਹੀਂ ਰਹਿ ਸਕਣਗੇ, ਤਾਂ ਤੁਸੀਂ ਉਨ੍ਹਾਂ ਨੂੰ ਹਲਕੇ ਨਰਮ ਕੰਬਲ ਨਾਲ ਵੀ ਢੱਕ ਸਕਦੇ ਹੋ। ਤੁਸੀਂ ਬੱਚਿਆਂ ਨੂੰ ਸਲੀਪਿੰਗ ਬੈਗ ਦੇ ਅੰਦਰ ਵੀ ਰੱਖ ਸਕਦੇ ਹੋ।

ਜਿੱਥੇ ਬੱਚੇ ਸੌਂ ਰਹੇ ਹਨ, ਹੇਠਾਂ ਇੱਕ ਸੂਤੀ ਚਾਦਰ ਅਤੇ ਉੱਪਰ ਇੱਕ ਹਲਕਾ ਕੰਬਲ ਉਹਨਾਂ ਨੂੰ ਨਿੱਘ ਮਹਿਸੂਸ ਕਰਨ ਵਿੱਚ ਮਦਦ ਕਰੇਗਾ। ਜੇ ਇਹ ਬਹੁਤ ਠੰਡਾ ਹੈ, ਤਾਂ ਤੁਸੀਂ ਇੱਕ ਹੋਰ ਪਰਤ ਕੰਬਲ ਜੋੜ ਸਕਦੇ ਹੋ।

ਇਸ ਸਭ ਦੇ ਨਾਲ, ਬੱਚਿਆਂ ਨੂੰ ਗਰਮ ਰੱਖਣ ਦੇ ਨਾਲ-ਨਾਲ ਆਰਾਮਦਾਇਕ ਰੱਖਣ ਲਈ ਇੱਕ ਬੇਬੀ ਸਲੀਪਿੰਗ ਬੈਗ ਜਾਂ ਸਲੀਪ ਸਾਕ ਸਭ ਤੋਂ ਵਧੀਆ ਹੱਲ ਹੈ।

ਬੱਚਿਆਂ ਨੂੰ ਸੌਣ ਤੋਂ ਪਹਿਲਾਂ, ਤੁਸੀਂ ਉੱਥੇ ਗਰਮ ਪਾਣੀ ਦਾ ਬੈਗ ਜਾਂ ਹੀਟਿੰਗ ਪੈਡ ਰੱਖ ਕੇ ਜਗ੍ਹਾ ਨੂੰ ਥੋੜ੍ਹਾ ਜਿਹਾ ਗਰਮ ਕਰ ਸਕਦੇ ਹੋ। ਜੇਕਰ ਤੁਹਾਡੇ ਬੱਚੇ ਨੂੰ ਕੰਬਲ ਅਤੇ ਚਾਦਰਾਂ ਬਿਲਕੁਲ ਵੀ ਪਸੰਦ ਨਹੀਂ ਹਨ, ਤਾਂ ਤੁਸੀਂ ਉਹਨਾਂ ਦੇ ਹੱਥਾਂ ਅਤੇ ਪੈਰਾਂ ਨੂੰ ਢੱਕਣ ਲਈ ਦਸਤਾਨੇ ਅਤੇ ਜੁਰਾਬਾਂ ਦੀ ਵਰਤੋਂ ਕਰ ਸਕਦੇ ਹੋ।

ਧਿਆਨ ਰੱਖੋ ਕਿ ਸੌਣ ਵੇਲੇ ਬੱਚਿਆਂ ਦੇ ਸਿਰ ਨਾ ਢੱਕੋ। ਇਸ ਕਾਰਨ ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋ ਸਕਦੀ ਹੈ।

ਇਹ ਦੇਖਣ ਲਈ ਕਿ ਕੀ ਤੁਹਾਡੇ ਬੱਚੇ ਨੂੰ ਪਸੀਨਾ ਆ ਰਿਹਾ ਹੈ, ਸਮੇਂ-ਸਮੇਂ 'ਤੇ ਜਾਂਚ ਕਰਦੇ ਰਹੋ। ਜੇ ਬੱਚੇ ਨੂੰ ਪਸੀਨਾ ਆ ਰਿਹਾ ਹੈ, ਤਾਂ ਵਾਧੂ ਲੇਅਰ ਸ਼ੀਟ ਕੰਬਲ ਨੂੰ ਹਟਾ ਦਿਓ। ਬੱਚਿਆਂ ਨੂੰ ਹਲਕੇ ਗਰਮ ਕੱਪੜੇ ਪਹਿਨਾਓ ਜੋ ਅੰਦਰੋਂ ਬਹੁਤ ਨਰਮ ਹੋਣ ਤਾਂ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਜੇਕਰ ਤੁਹਾਡੇ ਬੱਚੇ ਨੂੰ ਪਹਿਲੀ ਵਾਰ ਜ਼ੁਕਾਮ ਹੈ ਤਾਂ ਇਨ੍ਹਾਂ 5 ਗੱਲਾਂ ਦਾ ਧਿਆਨ ਰੱਖੋ।

ਬੱਚਿਆਂ ਨੂੰ ਬਾਹਰ ਲਿਜਾਂਦੇ ਸਮੇਂ, ਉਹਨਾਂ ਨੂੰ ਗਰਮ ਟੋਪੀ ਪਹਿਨਾਓ ਅਤੇ ਉਹਨਾਂ ਦੇ ਹੱਥਾਂ ਅਤੇ ਪੈਰਾਂ ਨੂੰ ਮਿਟਨ ਅਤੇ ਜੁਰਾਬਾਂ ਨਾਲ ਢੱਕੋ। ਬੱਚਿਆਂ ਨੂੰ ਗਿੱਲਾ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਨਾਲ ਉਨ੍ਹਾਂ ਨੂੰ ਜ਼ਿਆਦਾ ਠੰਡ ਮਹਿਸੂਸ ਹੋ ਸਕਦੀ ਹੈ। ਬੱਚਿਆਂ ਨੂੰ ਹਮੇਸ਼ਾ ਅੰਦਰ ਸੂਤੀ ਕੱਪੜੇ ਪਹਿਨਾਓ ਅਤੇ ਉੱਪਰ ਉੱਨੀ ਕੱਪੜੇ ਪਾਓ। ਜੈਕਟਾਂ, ਕੈਪਸ, ਜੁਰਾਬਾਂ, ਬੂਟ ਬੱਚਿਆਂ ਨੂੰ ਗਰਮ ਰੱਖਣ ਵਿੱਚ ਮਦਦ ਕਰ ਸਕਦੇ ਹਨ। ਬੱਚਿਆਂ ਦੇ ਆਰਾਮ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਦੀ ਚੋਣ ਕਰੋ। ਚਮੜੀ ਨੂੰ ਨਰਮ ਰੱਖਣ ਲਈ ਬੇਬੀ ਮਾਇਸਚਰਾਈਜ਼ਰ ਦੀ ਵਰਤੋਂ ਕਰੋ।



# ਲੋਕ ਸਿਮ੍ਰਤੀਆਂ ਵਿੱਚੋਂ ਗੁੰਮ ਹੋਇਆ ਕਠਪੁਤਲੀਆਂ ਦਾ ਤਮਾਸ਼ਾ



ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ
ਮੋਬਾ.: 9478561356

ਪਿਆਰੇ ਬੱਚਿਓ ! ਮਨੁੱਖ ਆਪਣੇ ਮਨੋਰੰਜਨ, ਅਨੰਦ, ਖੁਸ਼ੀ ਅਤੇ ਸੁਹਜ - ਸਵਾਦ ਦੇ ਲਈ ਕਈ ਤਰ੍ਹਾਂ ਦੇ ਸਾਧਨਾਂ, ਗੀਤ - ਸੰਗੀਤ, ਅਭਿਨੈ, ਨਾਚ, ਤਮਾਸ਼ੇ, ਸੈਰ - ਸਪਾਟਾ, ਰੰਗਮੰਚ, ਸਿਨੇਮਾ, ਖੇਡਾਂ ਆਦਿ ਸੁਚਾਰੂ ਢੰਗ - ਤਰੀਕਿਆਂ ਦਾ ਸਹਾਰਾ ਲੈਂਦਾ ਹੈ ਅਤੇ ਆਪਣੇ ਮਨਪਸੰਦ ਸ਼ੌਕ ਪੂਰੇ ਕਰਕੇ ਮਾਨਸਿਕ ਤੇ ਸਰੀਰਕ ਖੇੜੇ ਦਾ ਅਨੁਭਵ ਕਰਦਾ ਹੈ। ਜਿਵੇਂ - ਜਿਵੇਂ ਸਮਾਂ ਬਤੀਤ ਹੁੰਦਾ ਰਹਿੰਦਾ ਹੈ ਮਨੁੱਖ ਦੇ ਵਿਚਾਰ, ਹਾਲਾਤ, ਸੁਹਜ - ਸੁਆਦ ਤੇ ਸਾਧਨ ਵੀ ਬਦਲਦੇ ਰਹਿੰਦੇ ਹਨ ਜਾਂ ਉਨਾਂ ਦੇ ਰੰਗ - ਢੰਗ ਵਿੱਚ ਬਦਲਾਓ ਆ ਹੀ ਜਾਂਦਾ ਹੈ। ਕਈ ਦਹਾਕੇ ਪਹਿਲਾਂ ਮੇਲਿਆਂ, ਤਿਉਹਾਰਾਂ, ਇਕੱਠਾਂ ਆਦਿ ਸਮੇਂ ਜਾਂ ਪਿੰਡਾਂ ਦੀਆਂ ਸੱਥਾਂ, ਗਲੀਆਂ, ਮੁਹੱਲਿਆਂ, ਸਰਵਜਨਕ ਸਥਾਨਾਂ, ਚੌਰਾਹਿਆਂ ਆਦਿ ਵਿੱਚ ਕਠਪੁਤਲੀਆਂ ਦੇ ਤਮਾਸ਼ੇ ਪੇਸ਼ਾਵਰ ਕਲਾਕਾਰਾਂ ਵੱਲੋਂ ਦਿਖਾਏ ਜਾਂਦੇ ਹੁੰਦੇ ਸੀ। ਕਠਪੁਤਲੀਆਂ ਦਾ ਤਮਾਸ਼ਾ ਇੱਕ ਨਾਟਕੀ ਖੇਡ ਹੀ ਹੁੰਦਾ ਸੀ। ਪਿੰਡਾਂ ਦੇ ਲੋਕੀਂ ਵੀ ਬੜੇ ਉਤਸ਼ਾਹ, ਰੁਚੀ ਅਤੇ ਚਾਅ - ਮਲਾਰ ਦੇ ਨਾਲ ਮਹਾਰਤ ਰੱਖਣ ਵਾਲਿਆਂ ( ਸੂਤਰਧਾਰ ) ਪਾਸੋਂ ਕਠਪੁਤਲੀਆਂ ਦੇ ਤਮਾਸ਼ੇ ਦੇਖਦੇ ਹੁੰਦੇ ਸੀ। ਇਹ ਕਠਪੁਤਲੀਆਂ ਲੱਕੜੀ, ਕਾਗਜ਼, ਪਲਾਸਟਿਕ, ਚਮੜੇ ਜਾਂ ਪਲਾਸਟਰ ਆੱਫ਼ ਪੈਰਿਸ ਆਦਿ ਦੀਆਂ ਬਣਾਈਆਂ ਹੋਈਆਂ ਹੁੰਦੀਆਂ ਸਨ। ਇਹ ਕਈ ਕਿਸਮ ਦੀਆਂ ਹੁੰਦੀਆਂ ਹਨ, ਜਿਵੇਂ - ਹੱਥ ਕਠਪੁਤਲੀਆਂ, ਛਿਟੀ/ ਡੰਡੀ ਕਠਪੁਤਲੀਆਂ, ਛਾਇਆ /ਪਰਛਾਵਾਂ ਕਠਪੁਤਲੀਆਂ, ਡੋਰੀ/ਧਾਗਾ ਕਠਪੁਤਲੀਆਂ, ਪਰ ਅਕਸਰ ਅਸੀਂ ਡੋਰੀ/ਧਾਗਾ ਕਠਪੁਤਲੀਆਂ ਨੂੰ ਹੀ ਕਠਪੁਤਲੀਆਂ ਸਮਝਦੇ ਹਾਂ। ਕਠਪੁਤਲੀਆਂ ਦੇ ਵੱਖ - ਵੱਖ ਪਾਤਰ ਹੁੰਦੇ ਸਨ, ਜਿਵੇਂ : ਰਾਜਾ, ਰਾਣੀ, ਸਾਧੂ, ਫਕੀਰ, ਨੌਜਵਾਨ, ਬਜ਼ੁਰਗ, ਬੱਚਾ, ਯੋਧਾ, ਇਸਤਰੀ, ਰਾਜਕੁਮਾਰ, ਰਾਜਕੁਮਾਰੀ ਆਦਿ। ਕਲਾਕਾਰਾਂ ਵੱਲੋਂ ਇਹਨਾਂ ਵੱਖ - ਵੱਖ ਪਾਤਰਾਂ ਨੂੰ ਅਭਿਨੈ, ਅਹੁਦੇ ਅਤੇ ਸਥਿਤੀ ਦੇ ਅਨੁਸਾਰ ਹੀ ਤਿਆਰ ਕੀਤਾ ਹੋਇਆ ਹੁੰਦਾ ਸੀ। ਬਹੁਤੀ ਵਾਰ ਕਠਪੁਤਲੀਆਂ ਦਾ ਤਮਾਸ਼ਾ ਰਾਤ ਨੂੰ ਹੀ ਕੀਤਾ ਜਾਂਦਾ ਹੁੰਦਾ ਸੀ। ਕਲਾਕਾਰ ਵੱਲੋਂ ਕਠਪੁਤਲੀਆਂ ਦੇ ਤਮਾਸ਼ੇ ਨੂੰ ਪ੍ਰਭਾਵਸ਼ਾਲੀ ਅਤੇ ਵਧੇਰੇ ਅਨੰਦਮਈ ਬਣਾਉਣ ਲਈ ਦਿਲਖਿੱਚਵੀਆਂ ਰੌਸ਼ਨੀਆਂ, ਰੰਗ - ਬਿਰੰਗੇ ਸਜਾਵਟੀ ਪਰਦਿਆਂ, ਦੀਵੇ, ਲੈਂਪ, ਮੋਮਬੱਤੀਆਂ ਆਦਿ ਦੀ ਮੱਧਮ ਜਿਹੀ ਰੌਸ਼ਨੀ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੁੰਦਾ ਸੀ। ਜਦੋਂ ਕਲਾਕਾਰਾਂ /ਸੂਤਰਧਾਰਾਂ ਨੇ ਕਠਪੁਤਲੀ ਦਾ ਧਾਗਾ ਆਪਣੇ ਹੱਥਾਂ ਦੀਆਂ ਉਂਗਲੀਆਂ ਦੇ ਨਾਲ ਢੰਗ - ਤਰੀਕੇ ਨਾਲ ਪਕੜਿਆ ਹੋਇਆ ਹੁੰਦਾ ਸੀ ਅਤੇ ਇਹ ਧਾਗਾ ਜੋ ਕਿ ਕਾਲੇ ਜਿਹੇ ਰੰਗ ਦਾ ਅਕਸਰ ਹੁੰਦਾ ਸੀ ਇਸ ਨੂੰ ਮਜ਼ਬੂਤੀ ਨਾਲ ਕਠਪੁਤਲੀ ਦੇ ਨਾਲ ਵੀ ਬੰਨਿਆ ਹੋਇਆ ਹੁੰਦਾ ਸੀ। ਕਈ ਵਾਰ ਕਠਪੁਤਲੀਆਂ ਨੂੰ ਹੱਥਾਂ ਦੀਆਂ ਉਂਗਲੀਆਂ ਤੇ ਨਚਾਉਣ ਵਾਲਾ ਕਲਾਕਾਰ /ਸੂਤਰਧਾਰ ਆਪਣੇ ਮੂੰਹ ਵਿੱਚ ਪੀਪਨੀਂ ਆਦਿ ਪਾ ਕੇ ਕਠਪੁਤਲੀਆਂ ਦੇ ਨਾਚ ਅਤੇ ਅਭਿਨੈ ਅਨੁਸਾਰ ਕਈ ਪ੍ਰਕਾਰ ਦੀਆਂ ਧੁਨੀਆਂ ਵੀ ਪ੍ਰਗਟ ਕਰਕੇ ਕਠਪੁਤਲੀਆਂ ਦੇ ਤਮਾਸ਼ੇ ਨੂੰ ਹੋਰ ਵੀ ਵਧੇਰੇ ਰੋਚਕ ਪ੍ਰਭਾਵਸ਼ਾਲੀ ਅਤੇ ਮਕਸਦ ਭਰਪੂਰ ਬਣਾ ਦਿੰਦਾ ਹੁੰਦਾ ਸੀ। ਪਿਆਰੇ ਬੱਚਿਓ ! ਅਕਸਰ ਪਹਿਲਾਂ ਵਾਂਗ ਤਾਂ ਹੁਣ ਕਠਪੁਤਲੀਆਂ ਦੇ ਤਮਾਸ਼ੇ ਪਿੰਡਾਂ, ਸੱਥਾਂ, ਚੌਰਾਹਿਆਂ ਆਦਿ ਵਿੱਚ ਨਹੀਂ ਹੁੰਦੇ। ਬੱਚਿਓ ! ਕਠਪੁਤਲੀਆਂ ਦਾ ਤਮਾਸ਼ਾ ਬਹੁਤ ਸਾਰੇ ਲੋਕਾਂ ਦੇ ਰੁਜ਼ਗਾਰ ਦਾ ਸਾਧਨ ਵੀ ਹੁੰਦਾ ਸੀ, ਪਰ ਭਾਰਤ ਦੇ ਪ੍ਰਸਿੱਧ ਪ੍ਰਾਂਤ ਰਾਜਸਥਾਨ ਵਿੱਚ ਹੁਣ ਵੀ ਕਠਪੁਤਲੀਆਂ ਦਾ ਤਮਾਸ਼ਾ ਬਹੁਤ ਭਾਵਪੂਰਨ ਢੰਗ - ਤਰੀਕੇ ਨਾਲ ਕਲਾਕਾਰ ਪੇਸ਼ ਕਰਦੇ ਰਹਿੰਦੇ ਹਨ ਅਤੇ ਦੇਸ਼ਾਂ - ਵਿਦੇਸ਼ਾਂ ਤੋਂ ਆਏ ਯਾਤਰੀ ਕਠਪੁਤਲੀਆਂ ਦਾ ਤਮਾਸ਼ਾ ਦੇਖ ਕੇ ਇੱਥੇ ਬਹੁਤ ਖੁਸ਼ ਤੇ ਪ੍ਰਭਾਵਿਤ ਹੁੰਦੇ ਹਨ। ਰਾਜਸਥਾਨ ਪ੍ਰਾਂਤ ਦੇ ਲੋਕ ਕਠਪੁਤਲੀਆਂ ਦੇ ਤਮਾਸ਼ੇ ਕਰਨ ਵਿੱਚ ਖਾਸ ਮੁਹਾਰਤ ਰੱਖਦੇ ਹਨ। ਬੱਚਿਓ ! ਕਠਪੁਤਲੀਆਂ ਦੇ ਤਮਾਸ਼ੇ ਤੋਂ ਹੀ ਪੰਜਾਬੀ ਦਾ ਪ੍ਰਸਿੱਧ ਮੁਹਾਵਰਾ 'ਉਗਲਾਂ 'ਤੇ ਨਚਾਉਣਾ' ਪੈਦਾ ਹੋਇਆ ਹੈ ; ਕਿਉਂਕਿ ਸੂਤਰਧਾਰ ਆਪਣੀ ਪੇਸ਼ਕਾਰੀ ਦੇ ਦੌਰਾਨ ਕਠਪੁਤਲੀਆਂ ਨੂੰ ਉਗਲਾਂ 'ਤੇ ਨਚਾਉਂਦਾ ਹੁੰਦਾ ਹੈ। ਕਈ ਵਾਰ ਕਠਪੁਤਲੀਆਂ ਦੇ ਤਮਾਸ਼ੇ ਦਿਖਾਉਣ ਸਮੇਂ ਝਾਂਜਰਾਂ ਛਣਕਾਈਆਂ ਜਾਂਦੀਆਂ ਸਨ ਜਾਂ ਟੱਲੀਆਂ/ ਢੋਲਕੀਆਂ ਵੀ ਵਜਾਈਆਂ ਜਾਂਦੀਆਂ ਸਨ। ਬੱਚਿਓ ! ਕਠਪੁਤਲੀਆਂ ਨੂੰ ਘੜਨਾ ਤੇ ਇਹਨਾਂ ਦੀ ਸਜਾਵਟ ਕਰਨੀ ਬਹੁਤ ਔਖੀ ਕਲਾਕਾਰੀ ਵਾਲਾ ਕੰਮ ਹੁੰਦਾ ਸੀ। ਪਿਆਰੇ ਬੱਚਿਓ ! ਕਠਪੁਤਲੀਆਂ ਦਾ ਤਮਾਸ਼ਾ ਸੱਚਮੁੱਚ ਬਹੁਤ ਮਿਹਨਤ, ਕਲਾਕਾਰੀ, ਅਭਿਆਸ, ਸਮਰਪਣ ਅਤੇ ਲਗਨ ਵਾਲਾ ਕੰਮ ਹੁੰਦਾ ਸੀ। ਇਹ ਤਮਾਸ਼ਾ ਪੁਰਾਣੇ ਸਮਿਆਂ ਵਿੱਚ ਹਰ ਕਿਸੇ ਦਾ ਮਨੋਰੰਜਨ ਕਰਕੇ ਜੀਵਨ ਵਿੱਚ ਨਵੀਂ ਊਰਜਾ ਭਰ ਦਿੰਦਾ ਸੀ। ਪਹਿਲੇ ਸਮਿਆਂ ਵਿੱਚ ਕਠਪੁਤਲੀਆਂ ਦਾ ਤਮਾਸ਼ਾ ਵੱਖ - ਵੱਖ



ਵਿਸ਼ਿਆਂ ਨੂੰ ਕਲਾਤਮਕ ਢੰਗਾਂ ਨਾਲ ਪੇਸ਼ ਕਰਕੇ ਬੜੀ ਰੌਚਕਤਾ ਨਾਲ ਲੋਕਮਨਾਂ 'ਤੇ ਡੂੰਘਾ ਪ੍ਰਭਾਵ ਪਾਉਂਦਾ ਸੀ ਤੇ ਆਮ - ਜਨ ਨੂੰ ਸਮੇਂ ਦੀ ਨਜਾਕਤ ਅਨੁਸਾਰ ਸੋਚਣ ਲਈ ਮਜਬੂਰ ਕਰ ਜਾਂਦਾ ਹੁੰਦਾ ਸੀ। ਪਰ ਹੁਣ ਸਮੇਂ ਦੀ ਤੋਰ ਦੇ ਨਾਲ ਮਨੁੱਖ ਦੇ ਸੁਹਜ - ਸਵਾਦ ਅਤੇ ਹਾਲਾਤਾਂ ਵਿੱਚ ਤਬਦੀਲੀ ਆਉਣ ਦੇ ਨਾਲ ਮਨੋਰੰਜਨ ਦੇ ਸਾਧਨਾਂ ਵਿੱਚ ਬਹੁਤ ਤਬਦੀਲੀ ਆ ਗਈ ਹੈ, ਜਿਸ ਸਦਕਾ ਅੱਜ ਪੁਰਾਣੇ ਸਮੇਂ ਦਾ ਬਹੁਤ ਪ੍ਰਭਾਵਸ਼ਾਲੀ ਇਹ ਕਠਪੁਤਲੀਆਂ ਦਾ ਤਮਾਸ਼ਾ ਕੇਵਲ ਕੁਝ ਲੋਕਾਂ ਦੇ ਮਸਤਕ ਪਟਲ 'ਤੇ ਹੀ ਰਹਿ ਗਿਆ ਜਾਪਦਾ ਹੈ ਅਤੇ ਅਜੋਕੇ ਦੌਰ ਵਿੱਚ ਲੋਕਾਂ ਦੇ ਮਨਾਂ ਵਿੱਚੋਂ ਵਿਸਰ ਜਿਹਾ ਗਿਆ ਹੈ, ਜੋ ਕਿ ਕਦੇ ਸਾਡੇ ਵਿਰਸੇ ਦਾ ਅਨਮੋਲ ਖਜ਼ਾਨਾ ਹੋਇਆ ਕਰਦਾ ਸੀ।

ਕਹਾਣੀ

ਓ ਹੈਨਰੀ

# ਸਿਆਣਿਆਂ ਦੇ ਤੋਹਫ਼ੇ



ਇੱਕ ਡਾਲਰ ਸਤਾਸੀ ਸੈਂਟ। ਕੁੱਲ ਏਨੀ ਰਕਮ। ਇਹ ਪੈਸੇ ਤਾਂ ਇੱਕ ਇੱਕ ਨਿਕੇ ਪੈਸੇ ਦੇ, ਦੋ ਦੋ ਪੈਸੇ ਦੇ ਸਿੱਕੇ ਸਨ ਜਿਹੜੇ ਮਸਾਂ ਬਚਾਏ ਸਨ, ਕਦੀ ਸਬਜ਼ੀ ਵਾਲੇ ਨਾਲ ਝਗੜਾ ਕੀਤਾ, ਕਦੀ ਰਾਸ਼ਣ ਵਾਲੇ ਨਾਲ। ਭਾਅ ਕਰਦੇ ਕਰਦੇ ਕਦੇ ਕਦੇ ਤਾਂ ਇਉਂ ਲਗਦਾ ਕਿ ਔਰਤ ਬੜੀ ਕੰਜੂਸ ਅਤੇ ਲੀਚੜ ਹੈ। ਤਿੰਨ ਵਾਰ ਡੈਲਾ ਨੇ ਰਕਮ ਗਿਣੀ। ਉਹੀ, ਇਕ ਡਾਲਰ ਸਤਾਸੀ ਸੈਂਟ। ਅਗਲੇ ਦਿਨ ਸੀ ਕ੍ਰਿਸਮਿਸ ਦਾ ਤਿਉਹਾਰ। ਕਰਦੀ ਵੀ ਕੀ ਉਹ। ਛੋਟੇ, ਮੈਲੇ ਜਿਹੇ ਸੋਫ਼ੇ ਉਪਰ ਡਿਗ ਕੇ ਰੋ ਹੀ ਸਕਦੀ ਸੀ ਬਸ। ਇਹੀ ਉਸ ਨੇ ਕੀਤਾ। ਇਹੋ ਕੁਝ ਹੁੰਦਾ ਹੈ ਇਹੋ ਜਿਹੇ ਸਮੇਂ। ਸਿਸਕਣਾ, ਨੱਕ ਸੁਕੇੜਨਾ ਜਾਂ ਕਦੇ ਮੁਸਕਰਾਉਣਾ, ਇਸੇ ਨੂੰ ਜ਼ਿੰਦਗੀ ਕਹਿੰਦੇ ਨੇ ਨਾ।

ਏਨਾ ਕੁ ਫ਼ਰਕ ਹੋਰ ਲਾ ਲਵੋ ਕਿ ਰੋਣਾ ਜ਼ਿਆਦਾ ਹੁੰਦਾ ਹੈ, ਹੱਸਣਾ ਘੱਟ।

ਘਰ ਦੀ ਮਾਲਕਣ, ਸਾਡੀ ਨਾਇਕਾ, ਪਹਿਲੀ ਮੰਜ਼ਲ ਵੱਲ ਵਧ ਰਹੀ ਹੈ, ਰੋਣ ਵਾਲੀ ਮੰਜ਼ਲ ਵਲ। ਆਓ ਘਰ ਉੱਪਰ ਇੱਕ ਨਿਗਾਹ ਮਾਰੀਏ। ਅੱਠ ਡਾਲਰ ਪ੍ਰਤੀ ਹਫ਼ਤਾ ਕਿਰਾਇਆ। ਤਨਖ਼ਾਹ ਹੈ, 30 ਡਾਲਰ। ਘਰ ਬਾਰੇ ਕੀ ਗੱਲ ਕਰੀਏ। ਚਾਰੇ ਪਾਸੇ ਗਰੀਬੀ ਦੇ ਦੀਦਾਰ ਹੋ ਰਹੇ ਹਨ। ਹੇਠਾਂ ਦਰਵਾਜੇ ਦੇ ਬਾਹਰ ਘੰਟੀ ਵਾਲਾ ਬਟਣ ਲੱਗਾ ਤਾਂ ਹੋਇਆ ਹੈ ਪਰ ਕਿਸੇ ਦੀ ਉਂਗਲ ਕਦੀ ਉਸ ਤੱਕ ਨਹੀਂ ਪੁੱਜੀ। ਇੱਕ ਤਖ਼ਤੀ ਹੈ ਜਿਸ ਉਪਰ ਲਿਖਿਆ ਹੈ, ਮਿਸਟਰ ਜੇਮਜ਼ ਡਿਲਿੰਘਮ ਯੰਗ।

ਕਿਸੇ ਜ਼ਮਾਨੇ 'ਚ ਇਸ ਮਕਾਨ ਮਾਲਕ ਦੀ ਹਾਲਤ ਕੁਝ ਚੰਗੀ ਸੀ। ਉਦੋਂ ਤਖ਼ਤੀ ਉਪਰ ਡਿਲਿੰਘਮ ਸ਼ਬਦ ਕੁਝ ਜ਼ਿਆਦਾ ਚਮਕਦਾ ਹੁੰਦਾ ਸੀ। ਹੁਣ ਸੁੰਗੜ ਕੇ ਤਨਖ਼ਾਹ 30 ਡਾਲਰ ਰਹਿ ਗਈ ਤਾਂ ਡਿਲਿੰਘਮ ਦੇ ਅੱਖਰ ਧੁੰਦਲੇ ਪੈ ਗਏ। ਡਿਲਿੰਘਮ ਦੀ ਹੁਣ ਤਾਂ ਸਿਰਫ਼ ਡੀ ਠੀਕ ਤਰ੍ਹਾਂ ਦਿਸਦੀ ਹੈ ਪਰ ਜਦੋਂ ਮਿਸਟਰ ਜੇਮਜ਼ ਡਿਲਿੰਘਮ ਯੰਗ ਘਰ ਪਰਤਦੇ ਤਾਂ ਉਨ੍ਹਾਂ ਦੀ ਪਤਨੀ, ਸ਼੍ਰੀਮਤੀ ਜੇਮਜ਼ ਡਿਲਿੰਘਮ, ਜੀਹਨੂੰ ਹੁਣ ਅਸੀ ਡੈਲਾ ਕਹਿੰਦੇ ਹਾਂ, ਪਤੀ ਨੂੰ ਗਲਵਕੜੀ ਵਿੱਚ ਘੁੱਟ ਲੈਂਦੀ, ਉਹਨੂੰ ਜੇਮਜ਼ ਕਹਿ ਕੇ ਬੁਲਾਉਂਦੀ। ਇਹ ਸਭ ਉਸ ਨੂੰ ਬੜਾ ਚੰਗਾ ਲਗਦਾ।

ਡੈਲਾ ਰੋਣ ਤੋਂ ਹਟੀ। ਗੱਲ੍ਹਾਂ ਉਪਰ ਰਤਾ ਕੁ ਪਾਊਡਰ ਮਲਿਆ। ਖਿੜਕੀ ਕੋਲ ਖਲੋਤੀ, ਵਾੜ ਉਪਰ ਚੜ੍ਹਦੀ ਭੂਰੀ ਬਿਲੀ ਨੂੰ ਦੇਖਣ ਲੱਗੀ। ਕੱਲ੍ਹ ਨੂੰ ਹੈ ਕ੍ਰਿਸਮਿਸ ਦਾ ਤਿਉਹਾਰ ਤੇ ਕੋਲ ਹਨ ਇੱਕ ਡਾਲਰ ਸਤਾਸੀ ਸੈਂਟ। ਇਸ ਰਕਮ ਨਾਲ ਉਹ ਜਿਮ ਵਾਸਤੇ ਕਿਹੜਾ ਤੁਹਫ਼ਾ ਖਰੀਦੇ? ਕਿੰਨਿਆਂ ਮਹੀਨਿਆਂ ਤੋਂ ਇੱਕ ਇੱਕ ਪੈਸਾ ਬਚਾ ਰਹੀ ਸੀ। ਨਤੀਜਾ ਕੀ ਨਿਕਲਿਆ? ਤੀਹ ਡਾਲਰ ਹਫ਼ਤਾ ਤਾਂ ਤਨਖਾਹ ਹੈ। ਇਹਦੇ ਨਾਲ ਬਣਦਾ ਕੀ ਐ? ਜਿੰਨਾ ਕੁ ਸੋਚਦੀ, ਖ਼ਰਚਾ ਉਸ ਤੋਂ ਜਿਆਦਾ ਹੋ ਜਾਂਦਾ। ਹਮੇਸ਼ ਇਹੀ ਹੁੰਦਾ। ਜਿਮ ਦੇ ਤੋਹਫ਼ੇ ਲਈ ਇੱਕ ਡਾਲਰ ਸਤਾਸੀ ਸੈਂਟ, ਪਿਆਰਾ ਜਿਮ। ਉਸ ਵਾਸਤੇ ਕੁੱਝ ਸੁਹਣਾ ਖਰੀਦਣ ਦੀ ਯੋਜਨਾ ਲਈ ਕਿੰਨੇ ਕਿੰਨੇ ਸੁਹਾਵਣੇ ਘੰਟੇ ਬਿਤਾਏ ਸਨ। ਕੋਈ ਅਜਿਹੀ ਚੀਜ਼ ਜਿਹੜੀ ਸੁਹਣੀ ਹੋਵੇ, ਅਜੀਬ ਹੋਵੇ, ਦਿਲ-ਖਿਚਵੀਂ ਹੋਵੇ, ਜਿਹੜੀ ਜਿਮ ਲਾਇਕ ਹੋਵੇ ਬਸ। ਖਿੜਕੀਆਂ ਵਿਚਕਾਰ ਕੰਧ ਉਪਰ ਸ਼ੀਸ਼ਾ ਟੰਗਿਆ ਹੋਇਆ ਸੀ। ਅੱਠ ਡਾਲਰ ਕਿਰਾਏ ਵਾਲੇ ਮਕਾਨ ਵਿਚ ਤੁਸੀਂ ਅਜਿਹਾ ਸ਼ੀਸ਼ਾ ਦੇਖਿਆ ਹੋਣੈ। ਇੱਕ ਕਮਜ਼ੋਰ ਪਤਲਾ ਜਿਹਾ ਬੰਦਾ ਸ਼ੀਸ਼ੇ ਨਾਮ ਦੀ ਇਸ ਚੀਜ਼ ਵਿਚੋਂ ਆਪਣੀ ਸ਼ਕਲ ਦਾ ਠੀਕ ਅੰਦਾਜ਼ਾ ਲਾ ਲੈਂਦਾ ਸੀ।

ਅਚਾਨਕ ਉਹ ਖਿੜਕੀ ਵੱਲੋਂ ਮੁੜ ਕੇ ਸ਼ੀਸ਼ੇ ਅੱਗੇ ਜਾ ਖਲੋਤੀ। ਚਿਹਰੇ ਦਾ ਰੰਗ ਤਾਂ ਵੀਹ ਸਕਿੰਟਾਂ ਵਿੱਚ ਉਡ ਗਿਆ ਪਰ ਅੱਖਾਂ ਵਿੱਚ ਚਮਕ ਰਹੀ। ਛੇਤੀ ਉਸ ਨੇ ਆਪਣੇ ਵਾਲ ਖੋਲ੍ਹ ਦਿਤੇ ਜੋ ਹੇਠਾਂ ਵੱਲ ਦੂਰ ਤਕ ਖਿਸਕ ਗਏ।

ਜੇਮਜ਼ ਡਿਲਿੰਘਮ ਯੰਗ ਖ਼ਾਨਦਾਨ ਪਾਸ ਦੋ ਅਜਿਹੀਆਂ ਚੀਜ਼ਾਂ ਸਨ ਜਿਨ੍ਹਾਂ ਦੀ ਮਾਲਕੀ ਕਾਰਨ ਉਹ ਫ਼ਖਰ ਕਰਿਆ ਕਰਦੇ ਸਨ। ਇੱਕ ਸੀ ਸੋਨੇ ਦੀ ਘੜੀ ਜਿਹੜੀ ਪਹਿਲਾਂ ਉਨ੍ਹਾਂ ਦੇ ਪਿਤਾ ਪਾਸ ਸੀ ਤੇ ਉਸ ਤੋਂ ਪਹਿਲਾਂ ਦਾਦਾ ਜੀ ਪਾਸ। ਦੂਜੀ ਅਮੁੱਲ ਵਸਤੂ ਸਨ ਡੈਲਾ ਦੇ ਕੇਸ। ਈਰਾਨ ਦੀ ਸਭ ਤੋਂ ਸੁਹਣੀ ਮਹਾਰਾਣੀ ਸ਼ੀਬਾ ਜੇ ਕਿਤੇ ਡੈਲਾ ਦੇ ਫ਼ਲੈਟ ਸਾਹਮਣੇ ਰਹਿੰਦੀ ਹੁੰਦੀ ਤਾਂ ਆਪਣੇ ਕੇਸ ਸੁਕਾਉਣ ਲੱਗਿਆਂ ਡੈਲਾ, ਸ਼ੀਬਾ ਦੇ ਬੇਸ਼ਕੀਮਤੀ ਹੀਰਿਆਂ ਨੂੰ ਮੱਧਮ ਪਾ ਦਿੰਦੀ। ਇਵੇਂ ਹੀ ਸਮਰਾਟ ਸੁਲੇਮਾਨ ਜੇ ਇਸ ਇਮਾਰਤ ਦਾ ਚੌਕੀਦਾਰ ਹੁੰਦਾ, ਉਸ ਨੇ ਆਪਣਾ ਸਾਰਾ ਖਜ਼ਾਨਾ ਇਸ ਦੇ ਤਹਿਖਾਨੇ ਵਿੱਚ ਦੱਬਿਆ ਹੁੰਦਾ ਅਤੇ ਜਿਮ ਉਸ ਨੇੜੇ ਦੀ ਲੰਘਦਾ ਹੋਇਆ ਆਪਣੀ ਘੜੀ ਤੋਂ ਸਮਾਂ ਦੇਖਦਾ ਤਾਂ ਸੁਲੇਮਾਨ ਨੇ ਈਰਖਾਵਸ ਆਪਣੀ ਦਾਹੜੀ ਖੁਰਚਣ ਲੱਗ ਜਾਣਾ ਸੀ।

ਡੈਲਾ ਦੇ ਖੂਬਸੂਰਤ ਕੇਸ ਲਹਿਰਾਉਂਦੇ ਚਮਚਮਾਉਂਦੇ ਇਉ ਲਮਕ ਰਹੇ ਸਨ ਜਿਵੇਂ ਕੋਈ ਝਰਨਾ ਹੇਠਾਂ ਉਤਰ ਰਿਹਾ ਹੋਵੇ। ਗੋਡਿਆਂ ਤੱਕ ਲੰਮੇ ਵਾਲ, ਇਉਂ ਲਗਦਾ ਸੀ ਜਿਵੇਂ ਉਸ ਦਾ ਲਿਬਾਸ ਇਹੀ ਹੋਵੇ। ਘਬਰਾ ਕੇ ਵਾਲਾਂ ਨੂੰ ਉਸ ਨੇ ਛੇਤੀ ਦੇ ਕੇ ਫ਼ੇਰ ਬੰਨ੍ਹ ਲਿਆ। ਪਲ ਭਰ ਸੁੰਨ ਜਿਹੀ ਖਲੋਤੀ ਰਹੀ ਤੇ ਫ਼ਿਰ ਅਚਾਨਕ ਉਸ ਦੀ ਅੱਖ ਵਿਚੋਂ ਇੱਕ ਹੰਝੂ ਘਸੇ ਕਾਲੀਨ ਉਪਰ ਜਾ ਡਿੱਗਾ। ਉਸ ਨੇ ਪੁਰਾਣੀ ਭੂਰੀ ਜਾਕਟ ਪਹਿਨੀ ਤੇ ਪੁਰਾਣਾ ਭੂਰਾ ਟੋਪ ਸਿਰ 'ਤੇ ਰੱਖਿਆ। ਅੱਖਾਂ ਵਿੱਚ ਲਿਸ਼ਕ, ਧੜਾਧੜ ਸਖਤ ਕਦਮਾਂ ਨਾਲ ਪੌੜੀ ਤੋਂ ਹੇਠਾਂ ਉਤਰੀ ਤੇ ਜਦੋਂ ਤੇਜ਼ੀ ਨਾਲ ਮੁੜੀ ਤਾਂ ਸਕਰਟ ਲਹਿਰਾਇਆ। ਜਿਸ ਦੁਕਾਨ ਸਾਹਮਣੇ ਜਾ ਕੇ ਰੁਕੀ ਉਸ ਉਪਰ ਬੋਰਡ ਲੱਗਾ ਹੋਇਆ ਸੀ, ਮੈਡਮ ਸੋਫ਼ਰਾਨੀ-ਵਾਲਾਂ ਤੋਂ ਬਣੀਆਂ ਵਸਤਾਂ। ਭਜਦੀ ਹੋਈ ਉਹ ਦੁਕਾਨ ਦੀਆਂ ਪੌੜੀਆਂ ਚੜ੍ਹੀ, ਰੁਕੀ ਤਾਂ ਹਫ਼ ਰਹੀ ਸੀ। ਉਚੀ ਲੰਮੀ ਮੈਡਮ ਸੋਫ਼ਰਾਨੀ ਸਹਿਜ ਮਜਾਜ਼, ਦਿਲ ਨੂੰ ਠੰਢ ਪਾਉਣ ਵਾਲੀ ਔਰਤ ਸੀ।

ਡੈਲਾ ਨੇ ਪੁੱਛਿਆ, ਮੇਰੇ ਵਾਲ ਖਰੀਦੋਗੇ?

ਮੈਡਮ ਨੇ ਕਿਹਾ, ਇਹੋ ਤਾਂ ਮੇਰਾ ਕਾਰੋਬਾਰ ਹੈ। ਟੋਪ ਉਤਾਰੋ। ਪਹਿਲਾਂ ਦੇਖ ਲਵਾਂ ਕਿਹੋ ਜਿਹੇ ਹਨ ਤੁਹਾਡੇ ਵਾਲ।

ਸੁਨਹਿਰੀ ਵਾਲਾਂ ਦਾ ਝਰਨਾ ਜ਼ਮੀਨ ਵਲ ਦੌੜਿਆ। ਮੈਡਮ ਨੇ ਆਪਣੇ ਤਜਰਬੇਕਾਰ ਹੱਥਾਂ ਨਾਲ ਵਾਲਾਂ ਨੂੰ ਤੋਲਦਿਆਂ ਕਿਹਾ, ਵੀਹ ਡਾਲਰ।

ਹੌਲੀ ਦੇ ਕੇ ਡੈਲਾ ਨੇ ਕਿਹਾ, ਦਿਉ।

ਅਗਲੇ ਦੋ ਘੰਟੇ ਗੁਲਾਬੀ ਖੰਭਾਂ ਉਪਰ ਸਵਾਰ ਹੋ ਕੇ ਉਡ ਗਏ। ਸਿਆਣਾ ਪਾਠਕ ਮੇਰੇ ਘਸੇ ਪਿੱਟੇ ਅਲੰਕਾਰਾਂ ਵਲ ਬੇਸ਼ਕ ਧਿਆਨ ਨਾ ਵੀ ਦੇਵੇ। ਡੈਲਾ ਨੇ ਇਹ ਸਮਾਂ ਦੁਕਾਨਾਂ ਵਿੱਚ ਰਖੇ ਸਮਾਨ ਦੀ ਫ਼ੋਲਾ ਫ਼ਾਲੀ ਕਰਦਿਆਂ ਬਿਤਾਇਆ। ਜਿਸ ਚੀਜ਼ ਦੀ ਉਸ ਨੂੰ ਤਲਾਸ਼ ਸੀ ਆਖਰ ਉਹ ਮਿਲ ਹੀ ਗਈ। ਇਹੀ ਤਾਂ ਉਹ ਲੱਭ ਰਹੀ ਸੀ। ਇਹੀ ਤਾਂ ਸੀ ਜਿਮ ਵਾਸਤੇ, ਸਿਰਫ਼ ਜਿਮ ਵਾਸਤੇ। ਸਾਰੀਆਂ ਦੁਕਾਨਾਂ ਛਾਣ ਮਾਰੀਆਂ ਸਨ ਪਰ ਕਿਤੇ ਇਹ ਨਹੀਂ ਸੀ-ਇਹ ਸੀ ਜੇਬ ਵਿੱਚ ਰੱਖਣ ਵਾਲੀ ਜਿਮ ਦੀ ਘੜੀ ਵਾਸਤੇ ਪਲਾਟੀਨਮ ਦੀ ਜੰਜੀਰ। ਡਿਜ਼ਾਇਨ ਸਾਦਾ ਪਰ ਦਿਲ ਖਿਚਵਾਂ। ਡਿਜ਼ਾਇਨ ਦੀ ਥੋੜ੍ਹੀ, ਕੀਮਤ ਤਾਂ ਇਸ ਦੀ ਧਾਤ ਦੀ ਸੀ। ਹਰੇਕ ਵਧੀਆ ਚੀਜ ਉਹ ਹੁੰਦੀ ਹੈ ਜਿਸ ਦਾ ਅਸਲਾ ਵਧੀਆ ਹੋਵੇ। ਬਾਹਰਲੀ ਦਿਖਾਵਟ ਤੋਂ ਕੀ ਲੈਣਾ ਦੇਣਾ। ਪਹਿਲੀ ਨਜ਼ਰ ਹੀ ਜਾਣ ਗਈ ਸੀ ਕਿ ਇਹ ਚੇਨੀ ਬਣੀ ਹੀ ਜਿਮ ਦੀ ਘੜੀ ਵਾਸਤੇ ਹੈ। ਜਿਮ ਵੀ ਇਹੋ ਜਿਹਾ ਸੀ, ਸਾਦਾ ਜਿਹਾ ਪਰ ਅਮੁੱਲ। ਲਉ ਜੀ ਜਿਹੋ ਜਿਹੀ ਜੰਜੀਰ ਉਹੋ ਜਿਹਾ ਜਿਮ। ਬਣ ਗਈ ਗੱਲ।

ਜਦੋਂ ਡੈਲਾ ਘਰ ਪੁੱਜੀ ਤਾਂ ਉਸ ਦੀ ਮਸਤੀ ਥੋੜੀ ਕੁ ਘਟ ਹੋ ਗਈ। ਹੁਣ ਉਹ ਵਿਹਾਰਕ, ਅਕਲਵੰਦ ਬੰਦਿਆਂ ਵਾਂਗ ਸੋਚਣ ਲੱਗੀ। ਅਲਮਾਰੀ ਵਿਚੋਂ ਉਹ ਸੂਈਆਂ ਕਲਿੱਪ ਕੱਢੇ ਜਿਨ੍ਹਾਂ ਨੂੰ ਗਰਮ ਕਰਕੇ ਵਾਲ ਘੁੰਗਰਾਲੇ ਕਰੀਦੇ ਹਨ। ਸੂਈਆਂ ਕਲਿੱਪ ਚੁੱਲ੍ਹੇ ਉਪਰ ਗਰਮ ਕਰਨ ਲੱਗੀ ਤੇ ਫ਼ਿਰ ਲੱਗ ਗਈ ਸਿਰ ਦੀ ਉਸ ਬਰਬਾਦੀ ਨੂੰ ਸੰਵਾਰਨ ਵਿੱਚ, ਜਿਹੜੀ ਬਰਬਾਦੀ ਪਿਆਰ ਵਿੱਚ ਅਕਸਰ ਹੋਇਆ ਹੀ ਕਰਦੀ ਹੈ। ਇਹੋ ਜਿਹੀ ਬਰਬਾਦੀ ਖਾਸੀ ਕਸ਼ਟਦਾਇਕ ਹੋਇਆ ਕਰਦੀ ਹੈ।

ਚਾਲੀ ਮਿੰਟ ਲੱਗੇ। ਡੈਲਾ ਦਾ ਸਿਰ ਛੋਟੇ ਛੋਟੇ ਘੁੰਗਰਾਲੇ ਵਾਲਾਂ ਨਾਲ ਸਜ ਗਿਆ। ਇਉਂ ਲਗਦਾ ਸੀ ਜਿਵੇਂ ਸਕੂਲੋਂ ਭੱਜੀ ਬੱਚੀ ਹੋਵੇ ਕੋਈ। ਸ਼ੀਸ਼ੇ ਅੱਗੇ ਖਲੋ ਕੇ ਫ਼ਿਰ ਉਸ ਨੇ ਪੂਰੇ ਧਿਆਨ ਨਾਲ ਆਪਣੀ ਸ਼ਕਲ ਦਾ ਆਲੋਚਨਾਤਮਕ ਜਾਇਜ਼ਾ ਲਿਆ-ਪਹਿਲੀ ਨਜ਼ਰ ਦੇਖਣ ਸਾਰ ਜੇ ਜਿਮ ਨੇ ਮੈਨੂੰ ਜਾਨੋ ਨਾ ਮਾਰਿਆ ਤਾਂ ਕਹੇਗਾ ਕਿ ਤੂੰ ਕ੍ਰਿਸਮਸ ਦੇ ਗੱਵਈਆਂ ਵਰਗੀ ਲਗਦੀ ਹੈ। ਪਰ ਮੈਂ ਕੀ ਕਰਦੀ ਬਈ? ਇਕ ਡਾਲਰ ਸਤਾਸੀ ਸੈਂਟਾਂ ਨਾਲ ਕੀ ਖਰੀਦਦੀ ਆਪਣੇ ਜਿਮ ਵਾਸਤੇ?

ਠੀਕ ਸੱਤ ਵਜੇ ਉਸ ਨੇ ਕਾਫ਼ੀ ਬਣਾਈ। ਸਟੋਵ 'ਤੇ ਕੜਾਹੀ ਰੱਖੀ। ਜਿਮ ਆਉਣ ਹੀ ਵਾਲਾ ਹੈ ਨਾ। ਗਰਮਾ ਗਰਮ ਪਕੌੜੇ ਬਣਾਵਾਂਗੀ। ਲੇਟ ਹੁੰਦਾ ਹੀ ਨਹੀਂ ਕਦੀ। ਚੇਨੀ ਦਾ ਗੋਲ ਛੱਲਾ ਬਣਾ ਕੇ ਉਸ ਨੇ ਮੁਠੀ ਵਿੱਚ ਬੰਦ ਕਰ ਲਿਆ ਤੇ ਦਰਵਾਜੇ ਨੇੜੇ ਰੱਖੇ ਸਟੂਲ 'ਤੇ ਬੈਠ ਕੇ ਉਡੀਕਣ ਲੱਗੀ। ਪੌੜੀਆਂ ਚੜ੍ਹਦੇ ਕਦਮਾਂ ਦੀ ਆਵਾਜ਼ ਸੁਣੀ। ਪਲ ਭਰ ਲਈ ਉਸ ਦਾ ਚਿਹਰਾ ਸ਼ਾਂਤ ਹੋਇਆ। ਜੀਵਨ ਦੀਆਂ ਨਿਕੀਆਂ ਨਿਕੀਆਂ ਚੀਜ਼ਾਂ ਹਾਸਲ ਕਰਨ ਵਾਸਤੇ ਪ੍ਰਾਰਥਨਾ ਕਰੀ ਜਾਣੀ ਉਸ ਦੀ ਆਦਤ ਸੀ। ਇਸ ਪਲ ਵੀ ਫ਼ੁਸਫ਼ੁਸਾਈ, ਹੇ ਪ੍ਰਭੂ, ਮਿਹਰ ਰੱਖੀਂ, ਹੁਣ ਵੀ ਮੈਂ ਜਿਮ ਨੂੰ ਸੁਹਣੀ ਈ ਲੱਗਾਂ।

ਦਰਵਾਜਾ ਖੁਲ੍ਹਿਆ। ਜਿਮ ਅੰਦਰ ਆਇਆ। ਦਰਵਾਜਾ ਬੰਦ ਕੀਤਾ। ਪਤਲਾ ਜਿਹਾ ਕਮਜ਼ੋਰ ਜਿਹਾ ਲੱਗ ਰਿਹਾ ਸੀ ਵਿਚਾਰਾ। ਉਮਰ ਕੇਵਲ ਬਾਈ ਸਾਲ ਪਰ ਮੋਢਿਆਂ 'ਤੇ ਪਰਿਵਾਰ ਦਾ ਬੋਝ ਪੂਰਾ। ਉਸ ਨੂੰ ਨਵਾਂ ਓਵਰਕੋਟ ਚਾਹੀਦਾ ਸੀ। ਉਹਦੇ ਕੋਲ ਤਾਂ ਦਸਤਾਨੇ ਵੀ ਨਹੀਂ ਸਨ। ਜਿਮ ਅੰਦਰ ਲੰਘਿਆ। ਜਿਵੇਂ ਕੋਈ ਬੰਦਾ ਸ਼ਿਕਾਰੀ ਕੁੱਤੇ ਨੂੰ ਦੇਖ ਕੇ ਅਡੋਲ ਖਲੋ ਜਾਂਦਾ ਹੈ ਉਸੇ ਤਰ੍ਹਾਂ ਅਹਿਲ ਹੋ ਗਿਆ। ਉਸ ਦੀ ਨਜ਼ਰ ਡੈਲਾ ਉਪਰ ਪੈ ਚੁਕੀ ਸੀ। ਉਹ ਇਸ ਤਰ੍ਹਾਂ ਕਿਉਂ ਦੇਖ ਰਿਹਾ ਸੀ-ਡੈਲਾ ਨੂੰ ਪਤਾ ਨਾ ਲੱਗਾ। ਉਹ ਡਰ ਗਈ ਜਿਮ ਦੀਆਂ ਅੱਖਾਂ ਵਿਚ ਨਾ ਗੁੱਸਾ ਸੀ, ਨਾ ਹੈਰਾਨੀ, ਨਾ ਨਫ਼ਰਤ। ਉਸ ਦਾ ਹਾਵ ਭਾਵ ਭਿਆਨਕ ਨਹੀਂ ਸੀ, ਨਾ ਹੀ ਅਜਿਹੀ ਕੋਈ ਭਾਵਨਾ ਸੀ ਜਿਸ ਵਾਸਤੇ ਡੈਲਾ ਆਪਣੇ ਆਪ ਨੂੰ ਤਿਆਰ ਕਰੀ ਬੈਠੀ ਸੀ। ਜਿਮ ਲਗਾਤਾਰ ਡੈਲਾ ਦੇ ਚਿਹਰੇ ਵਲ ਦੇਖੀ ਗਿਆ ਤੇ ਜਿਹੜੇ ਭਾਵ ਜਿਮ ਦੇ ਚਿਹਰੇ ਉਪਰ ਉਕਰੇ ਹੋਏ ਸਨ, ਡੈਲਾ ਨੂੰ ਸਮਝ ਵਿਚ ਨਾ ਆਏ।

ਡੈਲਾ ਨੇ ਉਸ ਵਲ ਸਰਕਦਿਆਂ ਕਿਹਾ, ਜਿਮ, ਪਿਆਰੇ ਜਿਮ, ਮੈਨੂੰ ਇਉਂ ਨਾ ਦੇਖ। ਮੈਂ ਆਪਣੇ ਵਾਲ ਕਟਵਾ ਕੇ ਵੇਚ ਦਿਤੇ ਕਿਉਂਕਿ ਮੈਂ ਤੁਹਾਨੂੰ ਕ੍ਰਿਸਮਸ ਸੁਗਾਤ ਦਿਤੇ ਬਗੈਰ ਰਹਿ ਨਹੀਂ ਸਕਦੀ ਸੀ। ਵਾਲ ਤਾਂ ਛੇਤੀ ਫ਼ੇਰ ਲੰਮੇ ਹੋ ਜਾਣੇ ਨੇ। ਮੈਨੂੰ ਵਿਸ਼ਵਾਸ ਹੈ ਤੁਸੀਂ ਬੁਰਾ ਨਹੀ ਮਨਾਉਂਗੇ। ਸੁਗਾਤ ਤਾਂ ਦੇਣੀ ਸੀ। ਮੇਰੇ ਵਾਲ ਤੇਜੀ ਨਾਲ ਵਧਦੇ ਨੇ। ਮੈਨੂੰ ਸ਼ੁਭ ਕ੍ਰਿਸਮਸ ਕਹੋ ਜਿਮ। ਆਉ ਜਿਮ। ਮੌਜ ਮਸਤੀ ਕਰੀਏ। ਤੁਹਾਨੂੰ ਪਤਾ ਨਹੀਂ ਮੈਂ ਕਿਹੋ ਜਿਹੀ ਸੁਗਾਤ ਤੁਹਾਡੇ ਲਈ ਖਰੀਦ ਕੇ ਲਿਆਈ ਆਂ। ਤੂੰ ਆਪਣੇ ਵਾਲ ਕਟਵਾ ਦਿੱਤੇ, ਜਿਮ ਬੋਲਿਆ। ਉਸ ਨੇ ਇਹ ਸ਼ਬਦ ਏਨੇ ਸਹਿਜੇ ਸਹਿਜੇ ਬੋਲੇ ਜਿਵੇਂ ਕਿ ਬਹੁਤ ਜੋਰ ਲਾਉਣ ਬਾਦ ਵੀ ਕਿਸੇ ਨੂੰ ਗੱਲ ਸਮਝ ਨਾ ਆਈ ਹੋਵੇ। ਕਟਵਾ ਹੀ ਨਹੀਂ ਦਿਤੇ, ਵੇਚ ਵੀ ਦਿਤੇ, ਡੈਲਾ ਨੇ ਕਿਹਾ, ਕੀ ਬਿਨਾ ਵਾਲਾਂ ਤੋਂ ਮੈਨੂੰ ਪਿਆਰ ਨਹੀਂ ਕਰੋਗੇ? ਬਗੈਰ ਵਾਲਾਂ ਦੇ ਵੀ ਮੈਂ ਤਾਂ ਮੈਂ ਈ ਹਾਂ ਨਾਂ। ਹੈਰਾਨ ਜਿਹੀ ਨਜ਼ਰ ਜਿਮ ਨੇ ਕਮਰੇ ਵਿਚ ਦੌੜਾਈ। ਜਿਵੇਂ ਕੋਈ ਸ਼ੈਦਾਈ ਵਿਹਾਰ ਕਰਦਾ ਹੈ। ਜਿਮ ਫ਼ਿਰ ਬੋਲਿਆ, ਕੀ ਆਖਿਐ ਤੂੰ? ਕਿ ਤੇਰੇ ਕੇਸ ਚਲੇ ਗਏ? ਡੈਲਾ ਬੋਲੀ, ਹੁਣ ਨੀ ਲੱਭਣੇ ਉਹ। ਮੈਂ ਦੱਸਿਐ ਨਾ। ਵਿਕ ਵੀ ਗਏ। ਚਲੇ ਗਏ। ਉਮਰ ਹੀ ਏਨੀ ਸੀ ਮੇਰੇ ਕੇਸਾਂ ਦੀ। ਡੈਲਾ ਦੀ ਆਵਾਜ਼ ਹੁਣ ਗੰਭੀਰ ਅਤੇ ਮਿਠਾਸਪੂਰਨ ਹੋ ਗਈ ਪਰ ਤੁਹਾਡੇ ਬਾਰੇ ਮੇਰੇ ਪਿਆਰ ਦੀ ਗਿਣਤੀ ਕੋਈ ਨੀ ਕਰ ਸਕਦਾ। ਪਿਆਰੇ ਜਿਮ, ਪਕੌੜੇ ਬਣਾਵਾਂ?

ਸੁੰਨ-ਮਸੁੰਨ ਜਿਹੀ ਹਾਲਤ ਵਿਚੋਂ ਜਿਮ ਹੁਣ ਬਾਹਰ ਨਿਕਲਿਆ। ਉਸ ਨੇ ਡੈਲਾ ਨੂੰ ਗਲਵਕੜੀ ਵਿੱਚ ਘੁਟ ਲਿਆ।

ਆਓ ਪਾਠਕੋ, ਦਸ ਸਕਿੰਟਾਂ ਵਾਸਤੇ ਆਪਾਂ ਆਪਣਾ ਧਿਆਨ ਕਿਸੇ ਹੋਰ ਮਾਮੂਲੀ ਜਿਹੀ ਚੀਜ਼ ਵਲ ਕਰੀਏ। ਹਫ਼ਤੇ ਦੇ ਅੱਠ ਡਾਲਰ ਜਾਂ ਦਸ ਲੱਖ, ਫ਼ਰਕ ਕੀ ਹੈ? ਗਣਿਤ ਸ਼ਾਸਤਰੀ ਅਤੇ ਗਿਆਨੀ ਧਿਆਨੀ ਗਲਤ ਮਲਤ ਉਤਰ ਦੇਣਗੇ। ਮੈਜਈ ਦਰਵੇਸ, ਯਕੀਨਨ ਬੇਸ਼ੁਮਾਰ ਕੀਮਤ ਦੇ ਤੋਹਫ਼ੇ ਲੈ ਕੇ ਆਏ ਸਨ ਪਰ ਇਹ ਗੱਲ ਉਨ੍ਹਾਂ ਵਿੱਚ ਵੀ ਨਹੀਂ ਸੀ। ਗੱਲ ਤਾਂ ਤੁਹਾਨੂੰ ਅਜੇ ਦੱਸਣੀ ਹੈ। ਓਵਰਕੋਟ ਦੀ ਜੇਬ ਵਿਚੋਂ ਜਿਮ ਨੇ ਇੱਕ ਲਿਫ਼ਾਫ਼ਾ ਕੱਢਿਆ ਤੇ ਮੇਜ ਉਪਰ ਸੁੱਟ ਦਿੱਤਾ।

ਜਿਮ ਨੇ ਕਿਹਾ, ਗਲਤ ਨਾ ਸਮਝੀਂ ਡੈਲਾ। ਤੂੰ ਵਾਲਾਂ ਦਾ ਸਟਾਈਲ ਬਦਲ ਦਿਤਾ ਜਾਂ ਸ਼ੈਪੂ ਬਦਲ ਦਿਤਾ, ਇਸ ਗੱਲ ਨਾਲ ਮੇਰੇ ਪ੍ਰੇਮ ਨੂੰ ਫ਼ਰਕ ਨਹੀ ਪੈਂਦਾ। ਇਉਂ ਹੋ ਈ ਨਹੀ ਸਕਦਾ ਕਦੀ। ਪਰ ਜਦੋਂ ਤੂੰ ਇਹ ਲਿਫ਼ਾਫ਼ਾ ਖੋਲ੍ਹੇਂਗੀ ਤਾਂ ਤੈਨੂੰ ਮੇਰੀ ਪ੍ਰੇਸ਼ਾਨੀ ਦਾ ਪਤਾ ਲੱਗੇਗਾ।

ਗੋਰੀਆਂ ਉਂਗਲਾਂ ਨੇ ਲਿਫ਼ਾਫ਼ੇ ਦਾ ਧਾਗਾ ਉਧੇੜਿਆ। ਉਫ਼, ਇਕ ਦਰਦਨਾਕ ਚੀਕ। ਹੁਣ ਸ਼ੁਰੂ ਹੋਈ ਜਨਾਨੀਆਂ ਵਾਲੀ ਹਰਕਤ, ਹਿਰਦੇਵੇਧਕ ਵਿਰਲਾਪ। ਮੋਟੇ ਮੋਟੇ ਹੰਝੂ। ਧਰਵਾਸ ਦੇਣ ਵਾਸਤੇ ਘਰ ਦੇ ਮਾਲਕ ਨੂੰ ਖਾਸੀ ਤਾਕਤ ਲਾਉਣੀ ਪਈ।

ਲਉ ਜੀ ਪੈਕਟ ਵਿਚੋਂ ਨਿਕਲਿਆ ਬੇਅੰਤ ਸੁਹਣੀਆਂ ਕੰਘੀਆਂ ਅਤੇ ਕਲਿੱਪਾਂ ਦਾ ਪੂਰਾ ਸੈਟ। ਉਹੀ ਸੈਟ ਜਿਹੜਾ ਬਰਾਡਵੇ ਦੀ ਵੱਡੀ ਦੁਕਾਨ ਵਿੱਚ ਡੈਲਾ ਨੇ ਇੱਕ ਵੇਰ ਵਾਰ ਵਾਰ ਦੇਖਿਆ ਸੀ ਤੇ ਉਸ ਦੀ ਤੱਕਣੀ ਵਿਚੋਂ ਇਸ ਨੂੰ ਖਰੀਦਣ ਦੀ ਇੱਛਾ ਜਿਮ ਨੇ ਪੜ੍ਹ ਲਈ ਸੀ। ਐਨੀਆਂ ਖੂਬਸੂਰਤ ਕੰਘੀਆਂ? ਕੱਛੂ ਦੀ ਖੋਪਰੀ ਦੇ ਬਣੇ ਹੋਏ ਤੇ ਮੋਤੀਆਂ ਨਾਲ ਮੜ੍ਹੇ ਕਿਨਾਰੇ, ਲਿਸ਼ਕਾਰੇ ਮਾਰਦੇ ਹੋਏ ਕਲਿੱਪ। ਐਨੇ ਸੁਹਣੇ ਰੰਗ, ਡੈਲਾ ਦੇ ਵਾਲਾਂ ਦੀ ਰੰਗਤ ਦੇ, ਉਨ੍ਹਾਂ ਵਾਲਾਂ ਵਰਗੇ ਜਿਹੜੇ ਕਟ ਗਏ ਤੇ ਵਿਕ ਗਏ। ਬੜੀਆਂ ਮਹਿੰਗੀਆਂ ਕੰਘੀਆਂ ਡੈਲਾ ਕਿਹੜਾ ਜਾਣਦੀ ਨਹੀਂ ਸੀ। ਉਹ ਜਾਣਦੀ ਸੀ, ਕਦੀ ਨਹੀਂ ਖਰੀਦ ਸਕੇਗੀ ਇਹ ਕੰਘੀਆਂ ਤੇ ਕਲਿੱਪ, ਕਦੀ ਨਹੀਂ ਸਜਾ ਸਕੇਗੀ। ਪਰ ਆਪਣੇ ਦਿਲ ਦਾ ਕੀ ਕਰਦੀ ਉਹ? ਕਲਿੱਪਾਂ ਦੀ ਖਾਹਸ਼, ਬੇਸਬਰੀ, ਉਨ੍ਹਾਂ ਨੂੰ ਪ੍ਰਾਪਤ ਕਰਨ ਦੀ ਤੀਬਰ ਇੱਛਾ ਸੁਭਾਵਕ ਸੀ। ਉਹੀ ਕੰਘੀਆਂ ਕਲਿੱਪ ਹੁਣ ਉਹਦੇ ਸਨ, ਪਰ ਉਹ ਲੰਮੇ ਕੇਸ ਜਿਨ੍ਹਾਂ ਦਾ ਸ਼ਿੰਗਾਰ ਇਨ੍ਹਾਂ ਕਲਿੱਪਾਂ ਨੇ ਬਣਨਾ ਸੀ, ਉਹ ਚਲੇ ਗਏ ਸਨ ਦੂਰ।

ਮਿੰਨੀ ਕਹਾਣੀ

ਮਨਜੋਤ ਕੌਰ

## ਕੌਣ ਹਾਂ ਮੈਂ ?

ਆਮ ਆਦਮੀ ਦੀ ਡਾਇਰੀ ਦੀ ਸ਼ੁਰੂਆਤ ਉਹਦੀ ਜੇਬ ਤੋਂ ਹੀ ਹੁੰਦੀ ਹੈ। ਬੱਚਿਆਂ ਦੀ ਭੁੱਖ ਤੋਂ ਲੈ ਕੇ ਜੇ ਕਦੀ ਕਫ਼ਨ ਤੱਕ ਦੀ ਜ਼ਰੂਰਤ ਵੀ ਆਣ ਪਵੇ ਤਾਂ ਜੇਬ ਵਿੱਚ ਹੱਥ ਪਾਣ ਤੋਂ ਗੁਰੇਜ਼ ਕਰਦਾ ਹੈ। ਕੱਚੇ ਕੋਠੇ ਕਦੋਂ ਚੋ ਪੈਣ ਕੁੱਝ ਪਤਾ ਨੀ। ਕੁਦਰਤ ਤਾਂ ਕੁਦਰਤ ਉੱਚੇ ਚੁਬਾਰੇ ਵਾਲੇ ਵੀ ਧੱਕਾ ਕਰ ਜਾਂਦੇ ਨੇ । ਡਾਇਰੀ ਦੇ ਹਰ ਪੰਨੇ ਤੇ ਇੱਕ ਹੀ ਸਵਾਲ ਅਖੀਰ ਕੌਣ ਹਾਂ ਮੈਂ ? ਇੱਕ ਮਜਬੂਰ ?

ਮਜਬੂਰੀ ਇੰਨੀ ਕਿ ਜੇ ਕਦੀ ਦਿਹਾੜੀ ਨਾ ਮਿਲੇ ਤਾਂ ਘਰ - ਘਰ ਝੋਲ਼ੀ ਅਡਣੀ ਪੈ ਜਾਂਦੀ ਹੈ। ਨਿਰਾਸ਼ ਹੋ ਕਈ ਵਾਰ ਉਥੋਂ ਵੀ ਖਾਲੀ ਹੀ ਮੁੜਨਾ ਪੈਂਦਾ ਹੈ। ਘਰ ਵਿੱਚੋਂ ਬਾਸੀ ਰੋਟੀਆਂ ਹਰ ਸ਼ਾਮ ਬਾਹਰ ਸੁੱਟ ਦਿੱਤੀਆਂ ਜਾਂਦੀਆਂ ਨੇ। ਪਰ ਜੇ ਕਦੀ ਕੋਈ ਮਜਬੂਰ ਘਰ ਵੱਲ ਆਉਂਦਾ ਨਿਗ੍ਹਾ ਪੈ ਜਾਵੇ , ਅਸੀਂ ਬੂਹੇ ਢੋ ਲੈਂਦੇ ਹਾਂ। ਅਖੇ ਕਿੱਤੇ ਸਾਡੇ ਘਰੋਂ ਹੀ ਨਾ ਮੰਗਣ ਆ ਜੇ । ਉਹ ਆਮ ਇਨਸਾਨ ਬੇਚਾਰਾ ਪਹਿਲਾਂ ਹੀ ਮਰ - ਮਰ ਮੰਗਣ ਜਾਂਦਾ ਹੈ । ਅੱਗੋਂ ਬੂਹਾ ਭੇੜਦਿਆਂ ਦੇਖ, ਅਗਲੇ ਬੂਹੇ ਵੱਲ ਕਦਮ ਪੁੱਟਣ ਦੀ ਓਹਦੀ ਹਿੰਮਤ ਨਹੀਂ ਹੁੰਦੀ। ਫਿਰ ਆਪਣੇ ਆਪ ਤੋਂ ਉਹੀ ਸਵਾਲ , ਕੌਣ ਹਾਂ ਮੈਂ? ਇੱਕ ਮਜਬੂਰ ? ਅੱਜ ਬੜਾ ਖ਼ੁਸ਼ , ਫਲਾਣੇ ਘਰੋਂ ਦੋ ਫ਼ੁਲਕੇ ਮਿਲ ਹੀ ਗਏ । ਘਰ ਆ ਕੇ ਖਾਣ ਹੀ ਲੱਗਿਆ ਸੀ ਕਿ ਕੁੱਝ ਪੰਛੀ ਭੁੱਖੇ ਚਹਿਕਦੇ ਨਿਗ੍ਹਾ ਪੈ ਗਏ। ਓਹ ਬੁਰਕੀਆਂ ਵੀ ਸੰਘ ਹੇਠਾਂ ਨਾ ਉੱਤਰੀਆਂ । ਪੰਛੀਆਂ ਨੂੰ ਪਾ, ਆਪ ਸੋਚਿਆ ਚੱਲੋ ਪਾਣੀ ਪੀ ਕੇ ਹੀ ਸੌਂ ਜਾਨਾ ਅੱਜ। ਘੜੇ ਤੋਂ ਚੱਪਣੀ ਚੁੱਕੀ ਫਿਰ ਸਾਹਮਣੇ ਨਮੋਸ਼ੀ ਆਣ ਖਲੋਈ। ਸਬਰ ਕਰ ਢਿੱਡ ਨੂੰ ਪਰਨਾ ਲਪੇਟ ਸੌਂ ਗਿਆ 'ਤੇ ਸੌਣ ਤੋਂ ਪਹਿਲੋਂ ਫਿਰ ਉਹੀ ਸਵਾਲ ਕੌਣ ਹਾਂ ਮੈਂ ? ਇੱਕ ਮਜਬੂਰ ? ਹੁਣ ਤਾਂ ਭੁੱਖ ਵੀ ਸ਼ਰਮਿੰਦੀ ਹੋ ਕੇ ਪੁੱਛ ਨਾ ਸਕਦੀ ਕਿ ਭੁੱਖ ਲੱਗੀ ਆ ?

ਘਰ ਵਿੱਚ ਬੱਚੇ ਘਰਵਾਲੀ ਜੇ ਕਦੀ ਇਕੱਠੇ ਬਿਮਾਰ ਹੋ ਜਾਣ, ਉਸ ਮਜਬੂਰ ਨੂੰ ਫ਼ਿਕਰ ਸਤਾਉਣ ਲਗਦਾ ਹੈ ਕਿ ਇਲਾਜ ਕਿਹਦਾ ਪਹਿਲੋਂ ਕਰਵਾਵਾਂ ? ਹੌਕਾ ਲੈਂਦਾ ਹੋਇਆ ਹਾਲਾਤ ਤੇ ਕਿਸਮਤ ਨੂੰ ਕੋਸਦਾ, ਜੇਬ ਵਿੱਚ ਹੱਥ ਮਾਰਦਾ ਹੋਇਆ ਡਾਇਰੀ ਦੇ ਅਗਲੇ ਪੰਨੇ ਤੇ ਫਿਰ ਇਕ ਹੀ ਸਵਾਲ ਅਖ਼ੀਰ ਕੌਣ ਹਾਂ ਮੈਂ ? ਇੱਕ ਮਜਬੂਰ ?

ਉਹ ਕੋਲ਼ ਕੁੱਝ ਨਾ ਹੁੰਦੇ ਹੋਏ ਵੀ ਭੁੱਖੇ ਪੰਛੀਆਂ ਦਾ ਢਿੱਡ ਭਰ ਦਿੰਦਾ ਹੈ। ਅਸੀਂ ਚੁਬਾਰਿਆਂ ਵਾਲ਼ੇ, ਆਪ ਤਾਂ ਕਦੀ ਕਿਸੇ ਗਰੀਬ ਮੂੰਹ ਬੁਰਕੀ ਨੀ ਪਾਉਂਦੇ। ਉਸ ਬੇਬਸ ਨੂੰ ਮੰਗਤਾ ਬੁਲਾਉਣਗੇ ਤੇ ਕਦੀ ਨੰਗ ਵੀ ਕਹਿ ਠੇਡੇ ਮਾਰਨਗੇ । ਹਰ ਆਏ ਦਿਨ ਇਨ੍ਹਾਂ ਲੀਡਰਾਂ ਦੀਆਂ ਗ਼ੁਲਾਮੀਆਂ ਕਰਦੇ ਹਾਂ, ਬੜੇ ਫਾਰਮ ਭਰਦੇ ਹਾਂ, ਕੋਈ ਜਗ੍ਹਾ ਨਹੀਂ ਛੱਡਾਂਗੇ ਜਿਥੋਂ ਮੰਗਦੇ ਨਾ ਹੋਈਏ, ਅਖੇ ਅਸੀਂ ਤਾਂ ਹਾਂ ਚੁਬਾਰਿਆਂ ਵਾਲ਼ੇ । ਜੇਬ ਭਰ - ਭਰ ਫੱਟਣ ਤੱਕ ਆ ਗਈ, ਅਜੇ ਵੀ ਮੌਲਾ ਅੱਗੇ ਝੋਲ਼ੀ ਅੱਡੀ ਖੜੇ ਹਾਂ । ਕੌਣ ਹੈ ਉਹ ਗਰੀਬ ਜਿਹਨੂੰ ਮੰਗਤਾ ਤੇ ਨੰਗ ਕਹਿੰਦੇ ਨੇ ਲੋਕ ਤੇ ਕੌਣ ਹਾਂ ਆਪਾਂ ਜਿਹੜੇ ਸਭ ਹੁੰਦੇ ਹੋਏ ਵੀ ਮੰਗਤੇ ਬਣੇ ਰਹਿੰਦੇ ਹਾਂ। ਉਸ ਗਰੀਬ ਆਮ ਆਦਮੀ ਦੀ ਡਾਇਰੀ ਵਿਚ ਤੇ ਅਜੇ ਵੀ ਉਹੀ ਸਵਾਲ , ਕੌਣ ਹਾਂ ਮੈਂ ? ਇੱਕ ਮਜਬੂਰ ? ਜਾਂ ਇਕ ਮੰਗਤਾ ?ਅੱਜ ਇਹ ਆਮ ਇਨਸਾਨ ਮੌਲਾ ਅੱਗੇ ਗੋਹਾਰ ਲਾਉਂਦਾ ਹੋਇਆ, ਘਰ ਖਾਣ ਨੂੰ ਦਾਣਾ ਨੀ ਤੇ ਨਾ ਤਨ ਢੱਕਣ ਲਈ ਲੀੜੇ । ਗਰਮੀ ਵਿੱਚ ਧੁੱਪ ਚਮੜੀ ਫੂਕ ਦਿੰਦੀ ਏ। ਸਰਦੀ ਵਿੱਚ ਗਰਮੈਸ਼ ਨੀ ਮਿਲਦੀ । ਕੰਮ ਕਰ ਕੇ ਵੀ ਮਿਹਨਤਾਨਾ ਨੀ ਮਿਲਦਾ । ਕਦੀ ਆਈਂ ਮੇਰੀ ਛਪਰੀ ਵਿੱਚ, ਜੱਚਾ - ਬੱਚਾ ਵਿਲਕਦੇ ਦੇਖੀਂ, ਧੀ ਦੇ ਸਿਰ ਨੂੰ ਸੁਭਰ ਨੀ ਜੁੜਦਾ । ਹਾਂ, ਬੂਹਾ ਹੈ ਹੀ ਨਹੀਂ, ਮੈਂ ਘਰ ਸਭ ਲਈ ਖੁੱਲ੍ਹਾ ਹੀ ਰੱਖਦਾ ਹਾਂ। ਖਾਣ ਨੂੰ ਜੋ ਖਾਣਾ ਹੋਇਆ ਦਸ ਦਵੀਂ, ਮੇਰੇ ਘਰ ਤਾਂ ਆਟਾ ਹੀ ਮਿਲਣਾ ਤੇ ਖਾਣ ਵੇਲੇ ਮਿੱਟੀ ਦਾ ਸਵਾਦ ਵੀ ਜਰੂਰ ਆਊ। ਕੱਲ੍ਹ ਤਾਂ ਹਨੇਰੀ ਨੇ ਛਪਰੀ ਵੀ ਢਾਹ ਦਿੱਤੀ, ਮਸੀਂ ਦੋ ਕਾਨੇ ਖੜ੍ਹੇ ਕਰ ਕੇ ਦੋਬਾਰਾ ਕੱਜੀ ਏ । ਇਸ ਲਈ ਉੱਠਣ ਬੈਠਣ ਵਿੱਚ ਥੋੜ੍ਹੀ ਤਕਲੀਫ਼ ਜਰੂਰ ਹੋਊ। ਹੇ ਰਹਿਬਰ! ਸ਼ਰਮਿੰਦਾ ਮੈਂ ਨਹੀਂ ਸ਼ਰਮਿੰਦਾ ਤਾਂ ਤੂੰ ਹੋ ਰਿਹਾ ਹੂਨੈ । ਜੋ ਇਨਸਾਨ ਇਨਸਾਨੀਅਤ ਲਈ ਬਣਾਏ, ਉਨ੍ਹਾਂ ਵਿਚੋਂ ਤੇ ਇਨਸਾਨੀਅਤ ਹੀ ਮੁੱਕਣ ਲੱਗ ਗਈ , ਹੁਣ ਇਨ੍ਹਾਂ ਇਨਸਾਨਾਂ ਦਾ ਕੀ ਕਰੇਂਗਾ ? ਮੇਰੇ ਜਿਹੇ ਨੂੰ ਜਨਮ ਤਾਂ ਦੇ ਦਿੱਤਾ, ਇੱਕ ਸਵਾਲ ਦਾ ਜਵਾਬ ਵੀ ਦੇ ਦਵੀਂ, ਆਖ਼ਿਰ ਕੌਣ ਹਾਂ ਮੈਂ ?

# ਮੇਰੀ ਕਲਮ

## ਕੋਹਾਂ ਤੀਕ ਹਨ੍ਹੇਰਾ
ਡਾ. ਅਮਰਜੀਤ ਕੌਂਕੇ



ਮੈਂ ਜਿਸ ਰੌਸ਼ਨੀ ’ਚ ਬੈਠਾ ਹਾਂ
ਮੈਨੂੰ ਇਹ ਰੌਸ਼ਨੀ
ਮੇਰੀ ਨਹੀਂ ਲੱਗਦੀ
ਇਸ ਮਸਨੂਈ ਜਿਹੇ ਚਾਨਣ ਦੀ
ਕੋਈ ਵੀ ਕਿਰਨ
ਪਤਾ ਨਹੀਂ ਕਿਉਂ
ਮੇਰੀ ਰੂਹ ’ਚ
ਨਹੀਂ ਜਗਦੀ

ਜਗਮਗ ਕਰਦਾ
ਅੱਖਾਂ ਚੰਧਿਆਉਂਦਾ ਇਹ ਜੋ ਚਾਨਣ ਚੁਫ਼ੇਰਾ ਹੈ
ਅੰਦਰ ਝਾਕ ਕੇ ਵੇਖਾਂ
ਤਾਂ ਕੋਹਾਂ ਤੀਕ ਨ੍ਹੇਰਾ ਹੈ
ਕਦੇ ਜਦ ਸੋਚਦਾ ਹਾਂ ਬੈਠ ਕੇ
ਤਾਂ ਮਹਿਸੂਸ ਇਉਂ ਹੁੰਦਾ
ਕਿ ਅਸਲ ਵਿੱਚ
ਧੁਰ ਅੰਦਰ ਤੱਕ ਪੱਸਰਿਆ
ਹਨ੍ਹੇਰਾ ਹੀ ਮੇਰਾ ਹੈ

ਮੇਰੇ ਅੰਦਰ
ਹਨ੍ਹੇਰੇ ਵਿੱਚ
ਮੈਨੂੰ ਸੁਣਦਾ
ਅਕਸਰ ਹੁੰਦਾ ਵਿਰਲਾਪ ਜਿਹਾ
ਮੇਰੇ ਸੁਪਨਿਆਂ ਨੂੰ ਲਿਪਟਿਆ
ਜਿਹੜਾ ਸੰਤਾਪ ਜਿਹਾ
ਇਹ ਚਾਨਣ ਨੂੰ ਬਣਾ ਦਿੰਦਾ
ਮੇਰੇ ਲਈ ਇੱਕ ਪਾਪ ਜਿਹਾ

ਇਹ ਜਗਮਗਾਉਂਦੀ ਰੌਸ਼ਨੀ
ਇਹ ਜੋ ਚਾਨਣ ਚੁਫੇਰਾ ਹੈ
ਅੰਦਰ ਝਾਕ ਕੇ ਦੇਖਾਂ
ਤਾਂ ਕੋਹਾਂ ਤੀਕ ’ਨ੍ਹੇਰਾ ਹੈ...।

## ਇੱਕ ਮੇਰੀ ਅਧਖੜ ਜਿਹੀ ਆਵਾਜ਼ ਹੈ
ਸੁਰਜੀਤ ਪਾਤਰ

ਇੱਕ ਮੇਰੀ ਅਧਖੜ ਜਿਹੀ ਆਵਾਜ਼ ਹੈ
ਦੂਸਰੇ ਹੈ ਨਜ਼ਮ ਸੋ ਨਾਰਾਜ਼ ਹੈ
ਇਹ ਹੈ ਮੇਰੀ ਨਜ਼ਮ ਦੀ ਨਰਾਜ਼ਗੀ
ਪਿੰਜਰਾ ਹਾਂ ਮੈਂ ਤੇ ਉਹ ਪਰਵਾਜ਼ ਹੈ
ਕੁਛ ਨਾ ਕਹਿ ਖਾਮੋਸ਼ ਰਹਿ ਓ ਸ਼ਾਇਰਾ
ਸਭ ਨੂੰ ਤੇਰੇ ਕਹਿਣ ’ਤੇ ਇਤਰਾਜ਼ ਹੈ
ਸੁਣ ਤੇਰੀ ਆਵਾਜ਼ ਉਹ ਆ ਜਾਣਗੇ
ਹੱਥ ਜਿਨਾਂ ਦੇ ਸੀਨੇ-ਵਿੰਨਵਾਂ ਸਾਜ਼ ਹੈ
ਗੀਤ ਤੇਰੇ ਮੁਖਬਰੀ ਕਰ ਦੇਣਗੇ
ਤੇਰੀ ਹਿਕ ਵਿੱਚ ਰੌਸ਼ਨੀ ਦਾ ਰਾਜ਼ ਹੈ
ਜੋ ਜਗੇ ਉਸ ਦਾ ਨਿਸ਼ਾਨਾ ਬੰਨ੍ਹਦਾ
ਰਾਤ ਦਾ ਹਾਕਮ ਨਿਸ਼ਾਨੇਬਾਜ਼ ਹੈ
ਉਹ ਕਿ ਜਿਸ ਦੀ ਜਾਨ ਹੀ ਨ੍ਹੇਰੇ ’ਚ ਹੈ
ਉਸ ਨੂੰ ਸਾਡੇ ਜਗਣ ਤੇ ਇਤਰਾਜ਼ ਹੈ
ਤਗਮਿਆਂ ਦੀ ਥਾਂ ’ਤੇ ਹਿਕ ਵਿੱਚ ਗੋਲੀਆਂ
ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ
ਇਹ ਨਹੀਂ ਆਕਾਸ਼ਵਾਣੀ ਦੋਸਤੋ
ਇਹ ਤਾਂ ਧੁਖਦੀ ਧਰਤ ਦੀ ਆਵਾਜ਼ ਹੈ

## ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ
ਆਗ਼ਾ ਨਿਸਾਰ

ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ ।
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ ।

ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਸਲਾ ਹੋਵੇ ਨਾ ਜੇ ਇਨਸਾਨ ਵਿੱਚ ।

ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ ।

ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ ।

ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ ।

ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ ।

ਜਦ ਕਸ਼ਿਸ਼ ‘ਆਗ਼ਾ’ ਵਿਖਾਈ ਕੁਫ਼ਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ ।

## ਇੱਕ ਗੀਤ
ਅੰਮ੍ਰਿਤਾ ਪ੍ਰੀਤਮ



ਮੀਹਾਂ ਦੀ ਭਿੱਜੀ ਰਾਤ ਵੇ !
ਧੁੱਪਾਂ ਦੇ ਲੂਸੇ ਦਿਨਾਂ ਨੂੰ ਲੱਗੀ
ਮੀਹਾਂ ਦੀ ਭਿੱਜੀ ਰਾਤ ਵੇ !
ਸ਼ਾਹ ਹਨੇਰਿਆਂ ਅੱਗੇ ਹੋ ਗਏ
ਪਹੁ ਫੁਟਾਲੇ ਮਾਤ ਵੇ !
ਹੋਸ਼ ਗੁਆਚੇ ਹੋਏ ਨਾ ਲੱਭਣ
ਤੇ ਸੌਣ ਵਲ੍ਹੇਟਿਆਂ ਅੰਗਾਂ ਨੂੰ
ਅੱਜ ਜਾਗਣ ਦੀ ਨਾ ਗਿਆਤ ਵੇ !
ਉੱਚੇ ਅਰਸ਼ਾਂ ਦੇ ਕੰਨ ਤਰਸਣ
ਨੀਵੀਂ ਜਹੀ ਧਰਤੀ ਦੀ ਕੋਈ
ਸੁਣਨ ਲਈ ਅੱਜ ਬਾਤ ਵੇ !
ਚੰਦ੍ਰ ਲੋਕ ਵਿੱਚ ਜਹੇ ਬੇਹੋਸ਼ੇ
ਸੂਰਜ ਲੋਕ ਦੀ ਜਾਕੇ ਚੰਨਾ !
ਕੌਣ ਪੁਛੇ ਹੁਣ ਵਾਤ ਵੇ !
ਅਸੀ ਨਾਂ ਦੇਵ ਲੋਕ ਦੇ ਯਾਚਕ
ਅਸੀ ਤਾਂ ਰਜ ਰਜ ਕੇ ਵਰੋਸਾਏ
ਮਾਤ ਲੋਕ ਦੀ ਵਾਤ ਵੇ !
ਮੀਹਾਂ ਦੀ ਭਿੱਜੀ ਰਾਤ ਵੇ !

## ਇੱਕ ਦਿਨ
ਅਮਨਦੀਪ ਕੌਰ ਜੋਗਾ



ਤੂੰ ਬੀਜ ਕੋਈ ਸੋਖ਼ ਰੰਗ ਮੁਹੱਬਤਾਂ ਦਾ
ਮੈਂ ਬਣ ਕਰੂੰਬਲ ਉਗਮ ਆਵਾਂਗੀ ਇੱਕ ਦਿਨ
ਤੂੰ ਖੇਡ ਕੋਈ ਬਾਜੀ ਸੁੱਟ ਕੋਈ ਪੱਤਾ
ਮੈਂ ਆਪਣੀ ਵਾਰੀ ਪੁੱਗ ਆਵਾਂਗੀ ਇੱਕ ਦਿਨ
ਤੂੰ ਲਾ ਕੋਈ ਸੇਕ ਭਾਂਬੜ ਬਣਾ ਦੇ
ਮੈਂ ਬਣ ਚਿੰਗਾਰੀ ਸੁਲਗ ਆਵਾਂਗੀ ਇੱਕ ਦਿਨ
ਤੂੰ ਥਾਂ ਭਾਵੇਂ ਬੰਜਰਾਂ ’ਚ ਹੀ ਦੇਦੇ
ਮੈਂ ਉੱਥੇ ਵੀ ਉਗਮ ਆਵਾਂਗੀ ਇੱਕ ਦਿਨ
ਤੂੰ ਮੇਰੇ ਤਸੱਵਰ ’ਤੇ ਲੀਕ ਤਾਂ ਵਾਹ
ਮੈਂ ਬੇਰੰਗਿਆਂ ਨੂੰ ਰੰਗ ਆਵਾਂਗੀ ਇੱਕ ਦਿਨ।

## ਇਸ਼ਕ ਦੇ ਪੱਤਣਾਂ ’ਤੇ ਮੇਲੇ ਜੁੜ ਗਏ
ਸੁਖਵਿੰਦਰ ਅੰਮ੍ਰਿਤ

ਇਸ਼ਕ ਦੇ ਪੱਤਣਾਂ ’ਤੇ ਮੇਲੇ ਜੁੜ ਗਏ
ਇਲਮ ਦੇ ਸਾਰੇ ਕਿਨਾਰੇ ਖੁਰ ਗਏ
ਖ਼ਾਕ ਮੇਰੀ ’ਚੋਂ ਮੁਹੱਬਤ ਖਿੜ ਪਈ
ਮੁੱਲ ਤੇਰੇ ਪਾਣੀਆਂ ਦੇ ਮੁੜ ਗਏ
ਉੱਚੀ ਹੋਈ ਲਾਟ ਜਦ ਵੀ ਇਸ਼ਕ ਦੀ
ਰੰਗ ਰਸਮਾਂ ਵਾਲਿਆਂ ਦੇ ਉੜ ਗਏ
ਸੁਹਣੀਆਂ ਹਿੱਕਾਂ ’ਤੇ ਓਹੀ ਸੋਭਦੇ
ਸੂਈ ਦੇ ਨੱਕੇ ’ਚ ਜਿਹੜੇ ਪੁਰ ਗਏ
ਗੀਤ ਦੀ ਟਾਹਣੀ ਤੋਂ ਨਾਤਾ ਤੋੜ ਕੇ
ਦੋ ਗੁਲਾਬੀ ਫੁੱਲ ਝਨਾਂ ਵਿੱਚ ਰੁੜ੍ਹ ਗਏ
ਬਾਲ਼ ਕੇ ਅਪਣੀ ਅਕੀਦਤ ਦੇ ਚਿਰਾਗ
ਤੇਰੀ ਦੁਨੀਆਂ ’ਚੋਂ ਮੁਸਾਫ਼ਰ ਮੁੜ ਗਏ
ਸਜ ਗਈ ਹੈ ਫੇਰ ਮਹਿਫਿਲ ਸ਼ਾਮ ਦੀ
ਚੰਨ ਦੀ ਸੁਹਬਤ ’ਚ ਤਾਰੇ ਜੁੜ ਗਏ

## ਤੁਰਦੇ ਤੁਰਦੇ ਸ਼ਾਮ ਢਲ ਗਈ
ਉੱਤਮਵੀਰ ਸਿੰਘ ਦਾਊਂ



ਤੁਰਦੇ ਤੁਰਦੇ ਸ਼ਾਮ ਢਲ ਗਈ ਮੈਂ ਸਾਂ ਕੱਲਮ ’ਕੱਲਾ
ਜਦ ਮੁੜ ਪਿੱਛੇ ਪੈੜਾਂ ਤੱਕੀਆਂ ਮੈਂ ਸਾਂ ਦਿਲ ਸੀ ਝੱਲਾ

ਤੁਰਨਾ ਮੇਰਾ ਫ਼ੱਕਰਾਂ ਵਾਂਗੂ ਪੈਰਾਂ ਦੇ ਵਿੱਚ ਚੱਕਰ
ਰਾਹ ਚਲਦੇ ਮਿਲ ਗਏ ਮੈਨੂੰ ਸੋਚ ਮੇਰੀ ਦੇ ਫ਼ੱਕਰ
ਤੋਰ ਮੇਰੀ ਪ੍ਰਛਾਵਾਂ ਤੱਕੇ ਪਰ ਲੱਭੇ ਨਾ ਸਿਰਨਾਵਾਂ
ਫ਼ੱਕਰਾਂ ਪੁੱਛਿਆ ਮੈਨੂੰ ਝੱਲਿਆ ਕਿੱਧਰ ਨੂੰ ਤੁਰ ਚੱਲਾ
ਤੁਰਦੇ ਤੁਰਦੇ ਸ਼ਾਮ ਢਲ ਗਈ............

ਦੇਖੀ ਰਾਤ ਪਹਾੜੀ ਚੋਟੀ ਡਿੱਠੀ ਤਾਰਿਆਂ ਵਾਂਗੂ ਜਗਦੀ
ਹੋਈ ਸਵੇਰ ਮੇਰੀ ਅੱਖ ਖੁੱਲ੍ਹੀ ਵਸਦੀ ਸੀ ਇਕ ਬਸਤੀ
ਰੁਮਕੀ ਹਵਾ ਕੰਨਾਂ ਦੇ ਕੋਲੋਂ ਧੁਨ ਐਸੀ ਫੇਰ ਛਾਈ
ਬੱਦਲਾਂ ਓਹਲੇ ਕਿਸੇ ਪਰੀ ਦਾ ਉੱਡਦਾ ਦਿਸਿਆ ਪੱਲਾ
ਤੁਰਦੇ ਤੁਰਦੇ ਸ਼ਾਮ ਢਲ ਗਈ............

ਨਾਦ ਅੰਬਰੀਂ ਗੂੰਜਿਆ ਜਦ ਸੁਣੀਆਂ ਸੀ ਖੜਤਾਲਾਂ
ਚੁੱਕ ਡੰਗੋਰੀ ਮੈਂ ਤੁਰਿਆ ਸੀ ਕਰਨ ਲਈ ਪੜਤਾਲਾਂ
ਚਿੱਟੀ ਬਰਫ਼ ਮਰਮਰੀ ਮੂਰਤ ਕਿਸ ਨੇ ਕਿਵੇਂ ਬਣਾਈ
ਲੱਭਣ ਤੁਰਿਆ ਕਾਦਰ ਨੂੰ ਸੀ ਸੋਚ ਮੇਰੀ ਦਾ ਹੱਲਾ
ਤੁਰਦੇ ਤੁਰਦੇ ਸ਼ਾਮ ਢਲ ਗਈ............

ਬਿਰਹੋਂ ਰੁੱਤ ਹੰਢਾਈ ਪਿੰਡੇ ਇਹ ਰੁੱਤ ਕੈਸੀ ਆਈ
ਅਰਮਾਨਾਂ ਦੀ ਪੌਣ ਚੱਕੀ ਨੇ ਕੇਹੀ ਸ਼ਤਰੰਜ ਵਿਛਾਈ
ਉੱਤਮ ਸੁਣ ਖੜਾਕ ਉੱਡ ਗਏ ਟਾਹਣੀ ਉੱਤੋਂ ਪਰਿੰਦੇ
ਹਰਾ ਭਰਾ ਰੁੱਖ ਖ਼ਾਕ ਹੋ ਗਿਆ ਰਿਹਾ ਨਾ ਉਸ ਦਾ ਥੱਲ੍ਹਾ
ਤੁਰਦੇ ਤੁਰਦੇ ਸ਼ਾਮ ਢਲ ਗਈ............

## ਆਪਣੇ ਹੱਕਾਂ ਲਈ ਲੜੀਏ
ਸਿਮਬਰਨ ਕੌਰ ਸਾਬਰੀ

ਆਪਣੇ ਹੱਕਾਂ ਲਈ ਲੜੀਏ ਤਾਂ ਚੰਗਾ ਏ,
ਸਰਕਾਰ ਖ਼ਿਲਾਫ਼ ਅੜੀਏ ਤਾਂ ਚੰਗਾ ਏ।
ਹੋ ਇੱਕਜੁੱਟ ਸਾਹਮਣਾ ਕਰੀਏ ਤਾਂ ਚੰਗਾ ਏ,
ਦੇਸ਼ ਕੌਮ ਦੀ ਖਾਤਿਰ ਮਰੀਏ ਤਾਂ ਚੰਗਾ ਏ।
ਐਵੇਂ ਜ਼ਾਲਮਾਂ ਤੋਂ ਨਾ ਡਰੀਏ ਤਾਂ ਚੰਗਾ ਏ,
ਗੱਲ ਸਿੱਧੀ ਹੱਕ ਦੀ ਕਰੀਏ ਤਾਂ ਚੰਗਾ ਏ।
ਜਜ਼ਬੇ ਜੋਸ਼ ਹਿੱਕ ਤਾਣ ਖੜੀਏ ਤਾਂ ਚੰਗਾ ਏ,
ਸਾਜਿਸ਼ਾਂ ਨੰਗੀ ਅੱਖ ਨਾ ਪੜੀਏ ਤਾਂ ਚੰਗਾ ਏ।
ਨੁੱਕਰੇ ਲੱਗੇ ਰਹਿਣ ਨਾਲੋਂ,ਅੱਜ ਬੋਲੀਏ ਤਾਂ ਚੰਗਾ ਏ,
ਖੋਟੀਆਂ ਸਰਕਾਰਾਂ ਦੇ ਭੇਤ ਖੋਲੀਏ ਤਾਂ ਚੰਗਾ ਏ।



# ਔਰਤਾਂ ਲਈ ਰੋਲ ਮਾਡਲ ਸੀ ਪੰਜਾਬ ਦੀ ਕੋਇਲ

# ਸੁਰਿੰਦਰ ਕੌਰ





**ਕੁਲਦੀਪ ਸਿੰਘ ਸਾਹਿਲ**

ਪੰਜਾਬ ਦੀ ਕੋਇਲ ਕਹੀ ਜਾਣ ਵਾਲੀ ਅਤੇ ਪੰਜਾਬੀ ਗੀਤਾਂ ਦੀ ਸ਼ਹਿਜ਼ਾਦੀ ਸੁਰਿੰਦਰ ਕੌਰ ਨੂੰ ਔਰਤਾਂ ਲਈ ਰੋਲ ਮਾਡਲ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿਉਂਕਿ ਉਨ੍ਹਾਂ ਉਸ ਵਕਤ ਸਟੇਜਾਂ 'ਤੇ ਗਾਉਣਾ ਸ਼ੁਰੂ ਕੀਤਾ ਜਦੋਂ ਕਿਸੇ ਲੜਕੀ ਲਈ ਘਰੋਂ ਬਾਹਰ ਜਾਣਾ ਸਮਾਜ ਦੀਆਂ ਨਜ਼ਰਾਂ ਵਿੱਚ ਇੱਕ ਗੁਨਾਹ ਸੀ। ਠੀਕ ਉਸ ਸਮੇਂ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਨੇ ਇਸ ਤੋਂ ਬਗਾਵਤ ਕਰਦਿਆਂ ਗਾਇਕੀ ਖੇਤਰ ਨੂੰ ਅਪਣਾ ਕੇ ਔਰਤਾਂ ਨੂੰ ਅਜ਼ਾਦੀ ਪ੍ਰਤੀ ਜਾਗਰੂਕ ਕਰ ਕੇ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਹਮੇਸ਼ਾ ਪਰਿਵਾਰ ਵਿੱਚ ਬੈਠ ਕੇ ਸੁਣਨ ਵਾਲੇ ਸੱਭਿਆਚਾਰਕ ਗੀਤ ਹੀ ਗਾਏ। ਬੀਬੀ ਸੁਰਿੰਦਰ ਕੌਰ ਦੇ ਗੀਤਾਂ ਰਾਹੀਂ ਮਾਂ ਅਤੇ ਧੀ ਦਾ ਦਰਦ ਛਲਕਦਾ ਸੀ। ਉਨ੍ਹਾਂ ਨੇ ਪਹਿਲਾ ਗੀਤ ਵੀ ਮਾਂ ਅਤੇ ਧੀ ਲਈ ਰਿਕਾਰਡ ਕਰਵਾਇਆ।

ਸੁਰਿੰਦਰ ਕੌਰ ਦਾ ਜਨਮ ਲਾਹੌਰ ਵਿੱਚ 25 ਨਵੰਬਰ 1929 ਨੂੰ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੇ ਘਰ ਹੋਇਆ। ਉਸ ਦੀਆਂ ਚਾਰ ਭੈਣਾਂ, (ਪ੍ਰਕਾਸ਼ ਕੌਰ, ਮੁਹਿੰਦਰ ਕੌਰ, ਮਨਜੀਤ ਕੌਰ ਤੇ ਨਰਿੰਦਰ ਕੌਰ) ਅਤੇ ਪੰਜ ਭਰਾ ਸਨ। 12 ਸਾਲ ਦੀ ਉਮਰ ਵਿੱਚ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਨਾਲ ਹੀ ਮੁਸਲਿਮ ਉਸਤਾਦ ਇਨਾਇਤ ਹੁਸੈਨ ਅਤੇ ਹਿੰਦੂ ਉਸਤਾਦ ਪੰਡਿਤ ਮਨੀ ਪ੍ਰਸ਼ਾਦ ਤੋਂ ਸ਼ਾਸਤਰੀ ਸੰਗੀਤ ਦੀ ਸਿਖਿਆ ਹਾਸਲ ਕਰਨ ਲੱਗ ਪਈ ਸੀ, ਜਿਸ ਦੀ ਬਦੌਲਤ ਅਗਸਤ 1943 ਵਿੱਚ ਸੁਰਿੰਦਰ ਕੌਰ ਨੇ 13 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਲਾਹੌਰ ਰੇਡੀਓ 'ਤੇ ਗਾਇਆ। ਇਸੇ ਸਾਲ 31 ਅਗਸਤ ਨੂੰ ਐੱਚ.ਐੱਮ.ਵੀ. ਨੇ ਦੋਹਾਂ ਭੈਣਾਂ ਦੀ ਆਵਾਜ਼ ਵਿੱਚ ਪਹਿਲਾ ਗੀਤ 'ਮਾਵਾਂ ਤੇ ਧੀਆਂ ਰਲ ਬੈਠੀਆਂ' ਰਿਕਾਰਡ ਕੀਤਾ, ਜੋ ਬਹੁਤ ਸਲਾਹਿਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੇ ਸਦਾਬਹਾਰ ਗੀਤ ਪੰਜਾਬੀ ਸਰੋਤਿਆਂ ਦੇ ਰੂਬਰੂ ਕੀਤੇ, ਜਿਨ੍ਹਾਂ 'ਚੋਂ ਕੁਝ ਗੀਤ ਕਾਫ਼ੀ ਮਕਬੂਲ ਹੋਏ, ਜਿਵੇਂ 'ਚੰਨ ਕਿਥਾਂ ਗੁਜ਼ਾਰੀ ਆ ਰਾਤ ਵੇ', 'ਲੱਠੇ ਦੀ ਚਾਦਰ', 'ਸ਼ੌਂਕਣ ਮੇਲੇ ਦੀ', 'ਗੋਰੀ ਦੀਆਂ ਝਾਂਜਰਾਂ', 'ਸੜਕੇ-ਸੜਕੇ ਜਾਂਦੀਏ ਮੁਟਿਆਰੇ', 'ਮਾਵਾਂ ਤੇ ਧੀਆਂ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ', 'ਮਧਾਣੀਆਂ', 'ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕਜਲਾ ਵੇ ਅੱਖੀਆਂ ਤੂੰ ਵੱਸਦਾ', 'ਗਮਾਂ ਦੀ ਰਾਤ ਲੰਮੀ ਏ ਜਾਂ ਮੇਰੇ ਗੀਤ', 'ਸੂਹੇ ਵੇ ਚੀਰੇ ਵਾਲਿਆ'

ਦੇਸ਼ ਦੀ ਵੰਡ ਸਮੇਂ ਉਹ ਪਰਿਵਾਰ ਦੇ ਨਾਲ ਹੀ ਗਾਜ਼ੀਆਬਾਦ (ਦਿੱਲੀ) ਆ ਵੱਸੀ ਤੇ ਫੇਰ ਮੁੰਬਈ। ਉੱਥੇ ਉਨ੍ਹਾਂ 1948 ਵਿੱਚ ਪਿੱਠਵਰਤੀ ਗਾਇਕਾ ਵਜੋਂ ਫਿਲਮ 'ਸ਼ਹੀਦ' ਲਈ ਯਾਦਗਾਰੀ ਗੀਤ 'ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ' ਰਿਕਾਰਡ ਕਰਵਾਇਆ। ਸੰਨ 1952 'ਚ ਵਾਪਸ ਦਿੱਲੀ ਪਰਤੀ ਸੁਰਿੰਦਰ ਦਾ ਵਿਆਹ ਦਿੱਲੀ ਯੂਨੀਵਰਸਿਟੀ ਵਿੱਚ ਪੰਜਾਬੀ ਸਾਹਿਤ ਦੇ ਲੈਕਚਰਾਰ ਜੋਗਿੰਦਰ ਸਿੰਘ ਸੋਢੀ ਨਾਲ ਕਰ ਦਿੱਤਾ ਗਿਆ, ਜੋ ਉਸ ਦਾ ਵਿਸ਼ੇਸ਼ ਸਹਾਇਕ ਤੇ ਸਹਿਯੋਗੀ ਬਣਿਆ। ਆਪ ਦੇ ਘਰ ਤਿੰਨ ਲੜਕੀਆਂ ਨੇ ਜਨਮ ਲਿਆ, ਜਿਨ੍ਹਾਂ 'ਚੋਂ ਵੱਡੀ ਡੌਲੀ ਗੁਲੇਰੀਆ ਪੰਜਾਬੀ ਦੀ ਨਾਮਵਰ ਗਾਇਕਾ ਹੈ।

ਸੁਰਿੰਦਰ ਕੌਰ ਨੇ ਆਸਾ ਸਿੰਘ ਮਸਤਾਨਾ, ਕਰਨੈਲ ਗਿੱਲ, ਹਰਚਰਨ ਗਰੇਵਾਲ, ਰੰਗੀਲਾ ਜੱਟ ਅਤੇ ਦੀਦਾਰ ਸੰਧੂ ਨਾਲ ਦੋਗਾਣਿਆਂ ਸਮੇਤ 2000 ਤੋਂ ਵਧੇਰੇ ਗੀਤ ਰਿਕਾਰਡ ਕਰਵਾਏ ਅਤੇ ਕਈ ਮੁਲਕਾਂ ਦੇ ਸਫਲ ਟੂਰ ਲਾਉਣ ਵਾਲੀ ਸੁਰਿੰਦਰ ਦੇ ਗੀਤਾਂ ਦੀ ਲੈਅ ਉਦਾਸ ਗੀਤਾਂ 'ਚ ਬਦਲ ਗਈ, ਜਦੋਂ 1975 'ਚ ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ।

ਉਹ ਕਸੀਸ ਵੱਟ ਇਨ੍ਹਾਂ ਹਾਲਾਤ ਵਿੱਚ ਆਪਣੀ ਬੇਟੀ ਰੁਪਿੰਦਰ ਕੌਰ (ਡੌਲੀ ਗੁਲੇਰੀਆ) ਅਤੇ ਦੋਹਤੀ ਸੁਨੈਨਾ ਨਾਲ ਮਿਲ ਕੇ ਗਾਉਂਦੀ ਰਹੀ। ਪੰਜਾਬ ਦੀ ਕੋਇਲ, ਸੰਗੀਤ ਨਾਟਕ ਅਕੈਡਮੀ ਐਵਾਰਡ (1984), ਮਿਲੇਨੀਅਮ ਪੰਜਾਬੀ ਸਿੰਗਰ ਐਵਾਰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾਕਟਰੇਟ ਦੀ ਡਿਗਰੀ (2002), ਇੰਡੀਅਨ ਨੈਸ਼ਨਲ ਅਕੈਡਮੀ ਸੰਗੀਤ ਡਾਂਸ ਅਤੇ ਥੀਏਟਰ ਵਰਗੇ ਐਵਾਰਡ-ਸਨਮਾਨ ਹਾਸਲ ਕਰਨ ਵਾਲੀ ਸੁਰਿੰਦਰ ਕੌਰ ਆਪਣੀ ਮਿੱਟੀ ਦੇ ਮੋਹ ਦੀ ਮਾਰੀ 2004 ਵਿਚ ਪੰਚਕੂਲਾ ਆ ਵਸੀ। ਉਸ ਨੇ ਜ਼ੀਰਕਪੁਰ ਵਿਖੇ ਵੀ ਘਰ ਬਣਾਇਆ ਪਰ 22 ਦਸੰਬਰ 2005 ਨੂੰ ਉਹ ਹਾਰਟ ਅਟੈਕ ਦਾ ਸ਼ਿਕਾਰ ਹੋ ਗਈ ਅਤੇ ਪੰਚਕੂਲਾ ਦੇ ਜਨਰਲ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ। ਠੀਕ ਹੋਣ ਉਪਰੰਤ ਦਿੱਲੀ ਵਿਖੇ ਜਨਵਰੀ 2006 ਵਿੱਚ ਉਹ ਪਦਮਸ਼੍ਰੀ ਐਵਾਰਡ ਹਾਸਲ ਕਰਨ ਲਈ ਵੀ ਪਹੁੰਚੀ। ਸਿਹਤ ਦੀ ਖ਼ਰਾਬੀ ਸਦਕਾ 2006 ਵਿੱਚ ਉਨ੍ਹਾਂ ਨੂੰ ਇਲਾਜ ਲਈ ਅਮਰੀਕਾ ਵਿਖੇ ਰਹਿੰਦੀਆਂ ਆਪਣੀਆਂ ਧੀਆਂ ਕੋਲ ਜਾਣਾ ਪਿਆ। ਜਿੱਥੇ ਉਸ ਨੂੰ ਨਿਊਜਰਸੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਪਰ ਹਸਪਤਾਲ 'ਚ ਪੰਜਾਬ ਦੀ ਇਸ ਮਹਾਨ ਗਾਇਕਾ ਨੇ 14 ਜੂਨ 2006 ਨੂੰ ਆਖ਼ਰੀ ਸਾਹ ਲਿਆ। ਅੱਜ ਉਹ ਜਿਸਮਾਨੀ ਤੌਰ 'ਤੇ ਤਾਂ ਭਾਵੇਂ ਸਾਡੇ ਵਿਚ ਨਹੀਂ ਹਨ ਪਰ ਉਨ੍ਹਾਂ ਦੀ ਮਿੱਠੀ ਗਾਇਕੀ ਹਮੇਸ਼ਾ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਦੀ ਰਹੇਗੀ। ਉਨ੍ਹਾਂ ਦੇ ਗਾਏ ਸਦਾਬਹਾਰ ਗੀਤ ਹਮੇਸ਼ਾ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਵਾਉਂਦੇ ਰਹਿਣਗੇ।

# 'ਐਨੀਮਲ' ਲਈ ਮੋਟੀ ਫ਼ੀਸ ਵਸੂਲੀ ਰਣਬੀਰ ਅਤੇ ਬੌਬੀ ਨੇ



ਮੌਜੂਦਾ ਸਮੇਂ ਵਿੱਚ, ਜੇਕਰ ਕਿਸੇ ਫ਼ਿਲਮ ਨੂੰ ਲੈ ਕੇ ਫ਼ੈਨਜ਼ ਵਿੱਚ ਕ੍ਰੇਜ਼ ਹੈ ਤਾਂ ਉਹ ਫ਼ਿਲਮ ਹੈ ਰਣਬੀਰ ਕਪੂਰ ਸਟਾਰਰ ਐਨੀਮਲ। ਐਨੀਮਲ 'ਚ ਰਣਬੀਰ ਨੂੰ ਐਂਟੀ-ਹੀਰੋ ਦੇ ਕਿਰਦਾਰ 'ਚ ਦੇਖ ਕੇ ਪ੍ਰਸ਼ੰਸਕ ਦੀਵਾਨੇ ਹੋ ਰਹੇ ਹਨ।

ਇੰਨਾ ਹੀ ਨਹੀਂ ਇਹ ਫ਼ਿਲਮ ਇਸ ਸਮੇਂ ਆਪਣੇ ਧਮਾਕੇਦਾਰ ਬਾਕਸ ਆਫ਼ਿਸ ਕੁਲੈਕਸ਼ਨ ਕਾਰਨ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਅਜਿਹੇ 'ਚ ਇਸ ਆਰਟੀਕਲ 'ਚ ਅਸੀਂ ਤੁਹਾਨੂੰ ਇਸ ਗੱਲ ਦੀ ਜਾਣਕਾਰੀ ਦੇਣ ਜਾ ਰਹੇ ਹਾਂ ਕਿ ਫ਼ਿਲਮ ਦੀ ਸਟਾਰ ਕਾਸਟ ਨੇ ਐਨੀਮਲ ਲਈ ਕਿੰਨੀ ਫ਼ੀਸ ਲਈ ਹੈ।

ਨਿਰਦੇਸ਼ਕ ਸੰਦੀਪ ਰੈੱਡੀ ਵਾਂਗਾ ਦੀ ਐਨੀਮਲ ਇਸ ਸਮੇਂ ਲਗਾਤਾਰ ਸੁਰਖੀਆਂ ਬਟੋਰ ਰਹੀ ਹੈ। ਇੱਕ ਵਰਗ ਇਸ ਫ਼ਿਲਮ ਦੀ ਕਾਫ਼ੀ ਤਾਰੀਫ਼ ਕਰ ਰਿਹਾ ਹੈ। ਜਦਕਿ ਕੁਝ ਲੋਕ ਇਸ ਫ਼ਿਲਮ ਦੀ ਆਲੋਚਨਾ ਕਰ ਰਹੇ ਹਨ। ਇਸ ਸਭ ਦੇ ਬਾਵਜੂਦ ਐਨੀਮਲ ਹਰ ਰੋਜ਼ ਵਧੀਆ ਕੁਲੈਕਸ਼ਨ ਕਰ ਰਿਹਾ ਹੈ।

ਇਸ ਫ਼ਿਲਮ ਨਾਲ ਜੁੜੀ ਹਰ ਅਪਡੇਟ ਜਾਣਨ ਲਈ ਫ਼ੈਨਜ਼ ਕਾਫ਼ੀ ਉਤਸ਼ਾਹਿਤ ਨਜ਼ਰ ਆ ਰਹੇ ਹਨ। ਅਜਿਹੇ 'ਚ ਇਸ ਫ਼ਿਲਮ ਦੀ ਸਟਾਰ ਕਾਸਟ ਦੀ ਫ਼ੀਸ ਨੂੰ ਲੈ ਕੇ ਵੱਡਾ ਅਪਡੇਟ ਸਾਹਮਣੇ ਆਇਆ ਹੈ। ਦਰਅਸਲ, ਮਿਸ ਮਾਲਿਨੀ ਦੀ ਰਿਪੋਰਟ ਮੁਤਾਬਕ ਰਣਬੀਰ ਕਪੂਰ ਨੇ ਐਨੀਮਲ ਲਈ ਕਰੀਬ 30-40 ਕਰੋੜ ਰੁਪਏ ਦੀ ਵੱਡੀ ਰਕਮ ਲਈ ਹੈ। ਹਾਲਾਂਕਿ ਇਸ ਮਾਮਲੇ ਦੀ ਅਜੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋ ਸਕੀ ਹੈ। ਰਣਬੀਰ ਤੋਂ ਇਲਾਵਾ ਐਨੀਮਲ ਦੇ ਖਲਨਾਇਕ ਬੌਬੀ ਦਿਓਲ ਨੇ 4-5 ਕਰੋੜ ਰੁਪਏ, ਰਸ਼ਮਿਕਾ ਨੇ 4 ਕਰੋੜ ਅਤੇ ਅਨਿਲ ਕਪੂਰ ਨੇ 2 ਕਰੋੜ ਰੁਪਏ ਆਪਣੇ ਕਿਰਦਾਰ ਦੇ ਹਿਸਾਬ ਨਾਲ ਚਾਰਜ ਕੀਤੇ ਹਨ। ਇਸ ਤੋਂ ਇਲਾਵਾ ਜੇਕਰ ਐਨੀਮਲ ਦੇ ਬਾਕਸ ਆਫ਼ਿਸ ਪ੍ਰਦਰਸ਼ਨ 'ਤੇ ਨਜ਼ਰ ਮਾਰੀਏ ਤਾਂ ਰਿਲੀਜ਼ ਦੇ 5 ਦਿਨਾਂ ਦੇ ਅੰਦਰ ਹੀ ਇਸ ਫ਼ਿਲਮ ਨੇ ਕਮਾਲ ਕਰ ਦਿੱਤਾ ਹੈ। ਬਾਲੀਵੁੱਡ ਹੰਗਾਮਾ ਦੀ ਰਿਪੋਰਟ ਮੁਤਾਬਕ 5 ਦਿਨਾਂ ਬਾਅਦ ਰਣਬੀਰ ਕਪੂਰ ਦੀ ਫ਼ਿਲਮ ਦੀ ਕੁੱਲ ਕਮਾਈ 284 ਕਰੋੜ ਰੁਪਏ ਤੱਕ ਪਹੁੰਚ ਗਈ ਸੀ।

## ਬਰਤਾਨੀਆ ਵਿੱਚ ਤੂੰਬੀ ਤੇ ਢੋਲ 'ਤੇ ਵਿਦੇਸ਼ੀ ਨਚਾਉਣ ਵਾਲਾ ਗਾਇਕ

# ਮਲਕੀਤ ਸਿੰਘ



## ਮੈਨੂੰ ਵਿਦਿਆਰਥੀਆਂ ਨੇ ਗਾਇਕ ਬਣਾਇਆ: ਮਲਕੀਤ ਸਿੰਘ

1980ਵਿਆਂ ਵਿੱਚ 'ਗੁੜ ਨਾਲੋਂ ਇਸ਼ਕ ਮਿੱਠਾ' ਵਰਗੇ ਗੀਤਾਂ ਨਾਲ ਆਪਣਾ ਸਫ਼ਰ ਸ਼ੁਰੂ ਕਰਨ ਵਾਲੇ ਗੋਲਡਨ ਸਟਾਰ ਵਜੋਂ ਜਾਣੇ ਜਾਂਦੇ ਪੰਜਾਬੀ ਗਾਇਕ ਮਲਕੀਤ ਸਿੰਘ ਨੇ ਕਈ ਹਿੱਟ ਗਾਣੇ ਦਿੱਤੇ ਹਨ ਤੇ ਅੱਜ ਵੀ ਉਹ ਆਪਣੇ ਗੀਤਾਂ ਰਾਹੀਂ ਪੰਜਾਬੀ ਇੰਡਸਟਰੀ ਵਿੱਚ ਕਾਇਮ ਹਨ। ਸਾਲ 1962 ਵਿੱਚ ਪੰਜਾਬ ਦੇ ਹੁਸੈਨਪੁਰ ਵਿੱਚ ਜਨਮੇ ਮਲਕੀਤ ਸਿੰਘ ਸਾਲ 1984 ਵਿੱਚ ਬ੍ਰਿਟੇਨ ਦੇ ਬਰਮਿੰਘਮ ਵਿੱਚ ਆ ਕੇ ਵਸ ਗਏ ਸਨ। ਮਲਕੀਤ ਸਿੰਘ ਨੂੰ ਬ੍ਰਿਟੇਨ ਦੀ ਮਹਾਰਾਣੀ ਵੱਲੋਂ 2008 ਵਿੱਚ ਐੱਮ.ਬੀ.ਈ. ਦਾ ਖ਼ਿਤਾਬ ਵੀ ਮਿਲ ਚੁੱਕਿਆ ਹੈ। ਇਸ ਤੋਂ ਇਲਾਵਾ ਸਾਲ 2012 ਵਿੱਚ ਮਲਕੀਤ ਸਿੰਘ ਨੂੰ 'ਬਰਮਿੰਘਮਜ਼ ਬ੍ਰੌਡ ਸਟਰੀਟ ਵਾਕ ਆਫ਼ ਸਟਾਰਜ਼ ਨਾਲ ਵੀ ਸਨਮਾਨਿਆ ਗਿਆ ਸੀ।

ਮਲਕੀਤ ਸਿੰਘ ਨੂੰ ਜਦੋਂ ਉਨ੍ਹਾਂ ਦੇ ਕਾਲਜ ਦੇ ਦਿਨਾਂ ਦੀ ਗਾਇਕੀ ਬਾਰੇ ਪੁੱਛਿਆ ਤਾਂ ਉਹ ਕਹਿੰਦੇ, " ਮੈਨੂੰ ਸਟੂਡੈਂਟਾਂ ਨੇ ਗਾਇਕ ਬਣਾਇਆ। ਅੱਜ ਵੀ ਵਿਦੇਸ਼ਾਂ ਵਿੱਚ ਮੈਂ ਸ਼ੋਅਜ਼ ਕਰਨ ਲਈ ਜਾਂਦਾ ਹਾਂ ਤਾਂ ਖਾਲਸਾ ਕਾਲਜ, ਜਲੰਧਰ ਦੇ ਮੇਰੇ ਸਾਥੀ ਮੈਨੂੰ ਆਪਣੇ ਪਰਿਵਾਰਾਂ ਨਾਲ ਮਿਲਦੇ ਹਨ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਮੈਂ ਤੁਹਾਡਾ ਕਰਜ਼ਦਾਰ ਹਾਂ। ਤੁਸੀਂ ਹੀ ਮੈਨੂੰ ਸਟਾਰ ਬਣਾਇਆ ਹੈ। ਜਦੋਂ ਮੈਂ ਯੂਨੀਵਰਸਿਟੀ ਵਿੱਚ ਗਾਉਂਦਾ ਹੁੰਦਾ ਸੀ, 'ਗੁੜ ਨਾਲੋਂ ਇਸ਼ਕ ਮਿੱਠਾ' ਤਾਂ ਕੁੜੀਆਂ ਅਤੇ ਮੁੰਡਿਆਂ ਨੇ ਕਹਿਣਾ 'ਓਹੋ, ਹਾਏ-ਹਾਏ'। ਇਸੇ ਕਾਰਨ ਉਹ ਗਾਣਾ ਮੇਰੇ ਰਿਕਾਰਡ ਕਰਨ ਤੋਂ ਪਹਿਲਾਂ ਹੀ ਪੰਜਾਬ ਵਿੱਚ ਹਿੱਟ ਸੀ। ਸਾਰੇ ਕਹਿੰਦੇ ਸੀ ਕਿ ਖਾਲਸਾ ਕਾਲਜ ਜਲੰਧਰ ਦੇ ਮੁੰਡੇ ਮਲਕੀਤ ਸਿੰਘ ਦਾ ਗਾਣਾ ਹੈ।

ਮਲਕੀਤ ਸਿੰਘ ਕਹਿੰਦੇ ਹਨ, "ਗਾਣਾ ਗਾਉਣਾ ਮੇਰਾ ਪਹਿਲਾਂ ਦਾ ਸ਼ੌਕ ਸੀ। ਫਿਰ ਮੈਂ ਬ੍ਰਿਟੇਨ ਆ ਗਿਆ। ਉੱਥੇ ਮੈਂ ਕਾਫ਼ੀ ਮਿਹਨਤ ਕੀਤੀ। ਮੇਰੇ ਦੋਸਤ ਮਿੱਤਰ ਮੈਨੂੰ ਕਹਿੰਦੇ ਤੁਸੀਂ ਪੰਜਾਬ ਵਿੱਚ ਤਾਂ ਕਾਫ਼ੀ ਚੰਗਾ ਗਾਉਂਦੇ ਸੀ, ਇੱਥੇ ਵੀ ਕੁਝ ਰਿਕਾਰਡਿੰਗ ਕਰੋ। ਉਸ ਵੇਲੇ ਲੰਡਨ ਵਿੱਚ ਸਾਜ਼ ਵਜਾਉਣ ਵਾਲੇ ਨਹੀਂ ਹੁੰਦੇ ਸੀ। ਫਿਰ ਇੰਡੀਆ ਤੋਂ ਇੱਕ ਭੰਗੜੇ ਦੀ ਟੀਮ ਲੰਡਨ ਆਈ ਜਿਸ ਵਿੱਚ ਇੱਕ ਢੋਲ ਵਾਲਾ ਸੀ, ਇੱਕ ਹਾਰਮੋਨੀਅਮ ਵਾਲਾ ਸੀ। ਤੂੰਬੀ ਮੈਂ ਖ਼ੁਦ ਵਜਾ ਲੈਂਦਾ ਸੀ। ਗੁੜ ਨਾਲੋਂ ਇਸ਼ਕ ਮਿੱਠਾ ਮੈਂ ਬਰਮਿੰਘਮ ਵਿੱਚ ਰਿਕਾਰਡ ਕੀਤਾ। ਜਦੋਂ ਮੈਂ ਇਹ ਗੀਤ ਰਿਲੀਜ਼ ਕੀਤਾ ਤਾਂ ਲੋਕਾਂ ਨੇ ਬਹੁਤ ਪਸੰਦ ਕੀਤਾ। ਅਸੀਂ ਵੀ ਜੋਸ਼-ਜੋਸ਼ ਵਿੱਚ 11-12 ਮਿੰਟ ਦਾ ਗਾਣਾ ਰਿਲੀਜ਼ ਕਰ ਦਿੱਤਾ। ਲੋਕ ਨੱਚਣਾ ਚਾਹੁੰਦੇ ਸੀ। ਗੁੜ ਨਾਲੋਂ ਇਸ਼ਕ ਮਿੱਠਾ ਗਾਣਾ ਇੰਨਾ ਮਸ਼ਹੂਰ ਹੋਇਆ ਕਿ ਮੈਨੂੰ ਕੌਂਸਰਟ ਮਿਲਨੇ ਸ਼ੁਰੂ ਹੋ ਗਏ। ਫਿਰ ਮੈਂ ਇੱਕ ਗਾਇਕ ਬਣ ਗਿਆ ਤੇ ਮੇਰੀ ਪ੍ਰੋਫੈਸ਼ਨਲ ਲਾਈਫ਼ ਸ਼ੁਰੂ ਹੋ ਗਈ। ਫਿਰ ਤੂਤਕ-ਤੂਤਕ ਤੂਤੀਆਂ ਗਾਣਾ ਹਿੱਟ ਹੋ ਗਿਆ। ਬ੍ਰਿਟੇਨ ਵਿੱਚ ਆਪਣੇ ਕਰੀਅਰ ਬਾਰੇ ਮਲਕੀਤ ਸਿੰਘ ਕਹਿੰਦੇ ਹਨ, "ਤੂਤਕ-ਤੂਤਕ ਤੂਤੀਆਂ ਤੱਕ ਮੈਂ ਕੰਮ ਕਰਦਾ ਰਿਹਾ। ਉਸ ਵੇਲੇ ਬੀ.ਬੀ.ਸੀ ਹੀ ਮੁੱਖ ਤੌਰ ਉੱਤੇ ਹੁੰਦਾ ਸੀ। ਬੀ.ਬੀ.ਸੀ. ਉੱਤੇ ਸਾਡੇ ਗਾਣੇ ਲਗਦੇ ਸਨ। ਹੁਣ ਤਾਂ ਹੋਰ ਵੀ ਪੰਜਾਬੀ ਰੇਡੀਓ ਬ੍ਰਿਟੇਨ ਵਿੱਚ ਆ ਗਏ ਹਨ। ਅਸੀਂ ਬੀ.ਬੀ.ਸੀ. ਨਾਲ ਕਈ ਪ੍ਰੋਗਰਾਮ ਕੀਤੇ ਸਨ ਜਿਨ੍ਹਾਂ ਵਿੱਚ ਕਈ ਚੈਰਿਟੀ ਪ੍ਰੋਗਰਾਮ ਵੀ ਸਨ। ਪਹਿਲਾਂ ਸਾਡਾ ਗਾਣਾ ਕੇਵਲ ਢੋਲ ਤੇ ਤੂੰਬੀ ਦੇ ਨਾਲ ਥੋੜ੍ਹੇ ਮਿਊਜ਼ਿਕ ਨਾਲ ਹੀ ਰਿਕਾਰਡ ਹੋਇਆ ਸੀ। ਜਦੋਂ ਉਸ ਵੇਲੇ ਕਈ ਨੌਜਵਾਨਾਂ ਨੇ ਗਾਣਾ ਬੀ.ਬੀ.ਸੀ. ਉੱਤੇ ਸੁਣਿਆ ਤਾਂ ਉਹ ਕਹਿੰਦੇ ਕਿ ਸਾਡਾ ਮਿਊਜ਼ਿਕ ਗੋਰਿਆਂ ਵਰਗਾ ਸਾਊਂਡ ਕਿਉਂ ਨਹੀਂ ਕਰਦਾ। ਇਹ ਤਾਂ ਥੋੜ੍ਹਾ ਦਮਦਾਰ ਹੋਣਾ ਚਾਹੀਦਾ ਹੈ। ਫਿਰ ਅਸੀਂ ਦੂਜੀ ਐਲਬਮ ਵਿੱਚ ਡਰੱਮ ਬੇਸ ਗਿਟਾਰ ਤੇ ਹੋਰ ਸਾਜਾਂ ਦੀ ਵਰਤੋਂ ਕੀਤੀ। ਇਨ੍ਹਾਂ ਸਾਜਾਂ ਦੀ ਵਰਤੋਂ ਕਰਨ ਵਾਲੇ ਅਸੀਂ ਪਹਿਲੇ ਸੀ। ਇਸ ਮਗਰੋਂ ਅਸੀਂ ਲੋਕ ਗੀਤਾਂ ਤੇ ਅੰਗਰੇਜ਼ੀ ਮਿਊਜ਼ਿਕ ਨੂੰ ਮਿਕਸ ਕਰਦੇ ਰਹੇ ਜੋ ਲੋਕਾਂ ਨੂੰ ਪਸੰਦ ਆਇਆ। ਅਸੀਂ ਬੋਲ ਉਹੀ ਰੱਖੇ ਤੇ ਪਹਿਰਾਵਾ ਵੀ ਨਹੀਂ ਬਦਲਿਆ

**(ਬਾਕੀ ਸਫ਼ਾ 31 'ਤੇ)**



# ਹਾਕੀ ਦਾ ਜਾਦੂਗਰ
# ਮੇਜਰ ਧਿਆਨ ਚੰਦ







ਹਾਕੀ ਦੇ ਮੈਦਾਨ ’ਚ ਗੇਂਦ ਧਿਆਨ ਚੰਦ ਦੀ ਹਾਕੀ ਨੂੰ ਇੰਝ ਚਿੰਬੜਦੀ ਕਿ ਲੋਕਾਂ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਵੀ ਯਕੀਨ ਕਰਨਾ ਔਖਾ ਲਗਦਾ ਸੀ। ਅਜਿਹੇ ਹੀ ਇੱਕ ਮੈਚ ਦੌਰਾਨ ਹਾਲੈਂਡ ’ਚ ਇੱਕ ਵਾਰੀ ਉਸ ਦੀ ਹਾਕੀ ਤੋੜ ਕੇ ਵੇਖਿਆ ਗਿਆ ਕਿ ਕਿਤੇ ਉਸ ਨੇ ਇਸ ’ਚ ਕੋਈ ਅਜਿਹੀ ਚੁੰਬਕ ਤਾਂ ਨਹੀਂ ਫ਼ਿਟ ਕੀਤੀ ਹੋਈ, ਜੋ ਗੇਂਦ ਨੂੰ ਛੱਡਦੀ ਨਹੀਂ। ਅਜਿਹੇ ਇਕ ਮੌਕੇ ਜਾਪਾਨ ’ਚ ਲੋਕਾਂ ਨੇ ਕਿਹਾ ਕਿ ਉਸ ਨੇ ਆਪਣੀ ਹਾਕੀ ਨਾਲ ਗੂੰਦ ਲਾਈ ਹੋਈ ਹੈ।

29 ਅਗਸਤ 1905 ਨੂੰ ਅਲਾਹਾਬਾਦ ਵਿਖੇ ਪੈਦਾ ਹੋਏ ਧਿਆਨ ਚੰਦ ਦੇ ਜਨਮ ਦਿਨ ਨੂੰ ਭਾਰਤ ਸਰਕਾਰ ਨੇ ਰਾਸ਼ਟਰੀ ਖੇਡ ਦਿਵਸ ਐਲਾਨ ਕੀਤਾ ਹੈ। ਦੁਨੀਆਂ ਦੇ ਖੇਡ ਜਗਤ ’ਚ ਧਿਆਨ ਚੰਦ ਦਾ ਉਹ ਸਥਾਨ ਹੈ, ਜੋ ਅਸਮਾਨ ਵਿੱਚ ਚੰਨ੍ਹ ਦਾ। ਆਪਣੇ ਖੇਡ ਕੈਰੀਅਰ ’ਚ ਧਿਆਨ ਚੰਦ ਨੇ ਅਸੀਮ ਉਚਾਈਆਂ ਨੂੰ ਛੂਹਿਆ, ਪਰ ਕਦੇ ਆਪਣੇ ਪੈਰ ਜ਼ਮੀਨ ਤੋਂ ਨਹੀਂ ਉੱਠਣ ਦਿੱਤੇ। 3-3 ਓਲੰਪਿਕ ਖੇਡਾਂ ’ਚ ਸੋਨ ਤਗਮੇ ਜਿੱਤਣ ਦੇ ਨਾਲ ਉਹ ਗੋਲਾਂ ਦੀ ਮਸ਼ੀਨ ਵਜੋਂ ਵੀ ਜਾਣੇ ਜਾਂਦੇ ਹਨ। ਧਿਆਨ ਚੰਦ ਨੂੰ ਹੁਣ ਤੱਕ ਦਾ ਮਹਾਨਤਮ ਹਾਕੀ ਖਿਡਾਰੀ ਮੰਨਿਆ ਜਾਂਦਾ ਹੈ।

ਅਸਲ ਵਿੱਚ ਉਸ ਦਾ ਨਾਮ ਧਿਆਨ ਸਿੰਘ ਸੀ, ਪਰ ਅੱਧੀ-ਅੱਧੀ ਰਾਤ ਚੰਨ ਦੀ ਚਾਨਣੀ ਵਿੱਚ ਲਗਾਤਾਰ ਅਭਿਆਸ ਕਰਨ ਨਾਲ ਉਸ ਦੇ ਨਾਮ ਨਾਲ ‘ਚੰਦ’ ਜੁੜ ਗਿਆ ਤੇ ਫ਼ੇਰ ਉਸ ਦਾ ਨਾਮ ਧਿਆਨ ਚੰਦ ਹੀ ਪੱਕ ਗਿਆ। ਉਸ ਦਾ ਭਰਾ ਰੂਪ ਸਿੰਘ ਵੀ ਓਲੰਪੀਅਨ ਹਾਕੀ ਖਿਡਾਰੀ ਸੀ।

ਆਪਣਾ ਅੰਤਰਰਾਸ਼ਟਰੀ ਖੇਡ ਸਫ਼ਰ ਉਸ ਨੇ ਨਿਊਜ਼ੀਲੈਂਡ ਜਾਣ ਵਾਲੀ ਇੰਡੀਅਨ ਆਰਮੀ ਟੀਮ ਨਾਲ ਸ਼ੁਰੂ ਕੀਤਾ। ਇਸ ਦੌਰੇ ਦੌਰਾਨ ਉਸ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਵਾਪਸ ਆਉਂਦਿਆਂ ਹੀ ਉਸ ਨੂੰ ਤਰੱਕੀ ਦੇ ਕੇ ਲਾਂਸ ਨਾਇਕ ਬਣਾ ਦਿੱਤਾ ਗਿਆ। ਫ਼ਿਰ 1928 ਦੀਆਂ ਐਮਸਟਰਡਮ ਓਲੰਪਿਕ ਵੇਲੇ ਧਿਆਨ ਚੰਦ ਇਸ ਟੂਰਨਾਮੈਂਟ ਦਾ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਬਣਿਆ, ਕੁੱਲ 5 ਮੈਚਾਂ ’ਚ 14 ਗੋਲ। ਇੱਕ ਅਖ਼ਬਾਰ ਨੇ ਭਾਰਤੀ ਹਾਕੀ ਲਈ ਲਿਖਿਆ, ‘ਇਹ ਹਾਕੀ ਦੀ ਖੇਡ ਨਹੀਂ, ਬਲਕਿ ਜਾਦੂ ਹੈ ਤੇ ਧਿਆਨ ਚੰਦ ਹਾਕੀ ਦਾ ਜਾਦੂਗਰ ਹੈ।’ ਬਸ ਇੱਥੋਂ ਧਿਆਨ ਚੰਦ ਨੂੰ ਹਾਕੀ ਦਾ ਜਾਦੂਗਰ ਦੀ ਉਪਾਧੀ ਮਿਲੀ। ਵਤਨ ਵਾਪਸੀ ’ਤੇ ਹਜ਼ਾਰਾਂ ਲੋਕ ਟੀਮ ਦੇ ਸਵਾਗਤ ਲਈ ਪਹੁੰਚੇ, ਜਦ ਕਿ ਕੁਝ ਦਿਨ ਪਹਿਲਾਂ ਟੀਮ ਨੂੰ ਚੜ੍ਹਾਉਣ ਕੇਵਲ ਗਿਣਤੀ ਦੇ 3-4 ਲੋਕ ਹੀ ਆਏ ਸਨ।

ਸਾਲ 1932 ਦੀ ਓਲੰਪਿਕ ਟੀਮ ਲਈ ਧਿਆਨ ਚੰਦ ਨੂੰ ਬਿਨਾਂ ਕਿਸੇ ਚੋਣ ਪ੍ਰੀਕਿਰਿਆ ਦੇ ਚੁਣ ਲਿਆ ਗਿਆ, ਬਾਕੀ ਟੀਮ ਨੂੰ ਓਲੰਪਿਕ ਦਲ ’ਚ ਸ਼ਾਮਲ ਹੋਣ ਲਈ ਯੋਗਤਾ ਸਿੱਧ ਕਰਨੀ ਪਈ। ਲਾਲ ਸ਼ਾਹ ਬੋਖਾਰੀ ਦੀ ਅਗਵਾਈ ਵਾਲੀ ਇਸ ਟੀਮ ਨੇ ਓਲੰਪਿਕ ਖੇਡਾਂ ਦੌਰਾਨ ਜਾਪਾਨ ਨੂੰ 11-1 ਨਾਲ, ਅਮਰੀਕਾ ਨੂੰ 24-1 ਨਾਲ ਹਰਾਇਆ। ਕੁੱਲ 35 ’ਚੋਂ 25 ਗੋਲ ਧਿਆਨ ਚੰਦ ਤੇ ਉਸ ਦੇ ਭਰਾ ਰੂਪ ਸਿੰਘ (ਜੋ ਭਾਰਤੀ ਦਲ ’ਚ ਸ਼ਾਮਲ ਸੀ) ਦੇ ਸਨ, ਜਿਸ ਨਾਲ ਉਨ੍ਹਾਂ ਨੂੰ ‘ਹਾਕੀ ਜੋੜੇ’ ਦਾ ਨਾਮ ਮਿਲਿਆ। ਲਾਸ ਏਂਜਲਸ ਅਖ਼ਬਾਰ ਨੇ ਲਿਖਿਆ ‘ਇੰਡੀਆ ਦੀ ਟੀਮ’ ਪੂਰਬ ਤੋਂ ਉੱਠੇ ਇੱਕ ਵਾਅ-ਵਰੋਲੇ ਵਾਂਗ ਆਈ ਤੇ ਓਲੰਪਿਕ ਸਟੇਡੀਅਮ ਅੰਦਰ ਆਪਣੇ ਪੈਰਾਂ ਥੱਲੇ ਅਜਿਹਾ ਤੂਫ਼ਾਨ ਲਿਆਂਦਾ, ਜਿਸ ਨੇ ਅਮਰੀਕਾ ਦੀ ਨੁਮਾਇੰਦਗੀ ਕਰਨ ਵਾਲੇ 11 ਖਿਡਾਰੀਆਂ ਨੂੰ ਧੱਕ ਕੇ ਰੱਖ ਦਿੱਤਾ।

1934 ਵਿੱਚ ਭਾਰਤੀ ਟੀਮ ਨੇ ਧਿਆਨ ਚੰਦ ਦੀ ਅਗਵਾਈ ’ਚ ਕੁੱਲ 48 ਮੈਚ ਨਿਊਜ਼ੀਲੈਂਡ, ਇੰਡੀਆ, ਸ੍ਰੀਲੰਕਾ ਅਤੇ ਆਸਟਰੇਲੀਆ ’ਚ ਖੇਡੇ ਅਤੇ ਸਾਰੇ ਦੇ ਸਾਰੇ ਜਿੱਤੇ। ਧਿਆਨ ਚੰਦ ਨੇ 48 ’ਚੋਂ 43 ਮੈਚ ਖੇਡ ਕੇ 201 ਗੋਲ ਕੀਤੇ। ਫ਼ੇਰ 1936 ਓਲੰਪਿਕ ਲਈ ਉਹ ਬਿਨਾਂ ਕਿਸੇ ਪ੍ਰੀਕਿਰਿਆ ਦੇ ਚੁਣ ਲਿਆ ਗਿਆ। ਓਲੰਪਿਕ ਸ਼ੁਰੂ ਹੋਣ ਤੋਂ ਪਹਿਲਾਂ 17 ਜੁਲਾਈ ਨੂੰ ਟੀਮ ਨੇ ਇਕ ਅਭਿਆਸ ਮੈਚ ਜਰਮਨੀ ਨਾਲ ਖੇਡਿਆ ਤਾਂ 4-1 ਨਾਲ ਹਾਰ ਗਈ। ਇਸ ਨਾਲ ਭਾਰਤੀ ਦਲ ਨੇ ਟੀਮ ’ਚ ਕੁਝ ਤਬਦੀਲੀ ਕੀਤੀ। ਓਲੰਪਿਕ ਦੌਰਾਨ ਆਪਣੇ ਪਹਿਲੇ ਮੈਚ ’ਚ ਹੰਗਰੀ ਨੂੰ 4-0 ਨਾਲ, ਅਮਰੀਕਾ ਨੂੰ 7-0 ਨਾਲ ਅਤੇ ਜਾਪਾਨ ਨੂੰ 9-0 ਨਾਲ ਹਰਾਇਆ। ਫ਼ੇਰ ਸੈਮੀਫ਼ਾਈਨਲ ’ਚ ਫ਼ਰਾਂਸ ਨੂੰ 10-0 ਨਾਲ ਹਰਾ ਕੇ ਭਾਰਤੀ ਟੀਮ ਫ਼ਾਈਨਲ ’ਚ ਪਹੁੰਚ ਗਈ। ਹੁਣ ਭਾਰਤ ਤੇ ਜਰਮਨੀ 15 ਅਗਸਤ ਨੂੰ ਹੋਣ ਵਾਲੇ ਸਖਤ ਫ਼ਾਈਨਲ ਮੁਕਾਬਲੇ ਲਈ ਆਹਮੋ-ਸਾਹਮਣੇ ਸਨ। ਫ਼ਾਈਨਲ ਮੁਕਾਬਲਾ ਦੇਖਣ ਲਈ ਕੋਈ ਡੇਢ ਲੱਖ ਤੋਂ ਵੱਧ ਲੋਕ ਜਮ੍ਹਾਂ ਸਨ। ਕੁਝ ਦਿਨ ਪਹਿਲਾਂ ਜਰਮਨੀ ਹੱਥੋਂ ਪ੍ਰੈਕਟਿਸ ਮੈਚ ਵਿੱਚ ਹਾਰ ਤੋਂ ਭਾਰਤੀ ਦਲ ਕੁਝ ਚਿੰਤਤ ਸੀ। ਜਰਮਨੀ ਨੇ ਭਾਰਤੀ ਟੀਮ ਨੂੰ ਪਹਿਲੇ ਅੱਧ ਤੱਕ 1 ਗੋਲ ਤੱਕ ਸੀਮਿਤ ਰੱਖਿਆ। ਅੱਧ ਸਮੇਂ ਤੋਂ ਬਾਅਦ ਭਾਰਤੀ ਦਲ ਨੇ ਪੂਰੀ ਤਰ੍ਹਾਂ ਹਮਲਾਵਰ ਰੁਖ ਅਖਤਿਆਰ ਕਰ ਲਿਆ, ਜਿਸ ਦਾ ਨਤੀਜਾ ਨਿਕਲਿਆ ਭਾਰਤੀ ਦਲ ਦੀ ਜਿੱਤ। ਫ਼ਾਈਨਲ ਸਕੋਰ ਭਾਰਤ 8, ਜਰਮਨੀ 1, ਜਿਸ ’ਚ ਧਿਆਨ ਚੰਦ ਦੇ 3 ਗੋਲ ਸ਼ਾਮਲ ਹਨ। ਪੂਰੇ ਓਲੰਪਿਕ ਦੌਰਾਨ ਇਹੀ ਇਕੋ-ਇਕ ਗੋਲ ਭਾਰਤ ਦੇ ਖ਼ਿਲਾਫ਼ ਹੋਇਆ, ਜਦ ਕਿ ਭਾਰਤੀ ਦਲ ਨੇ 38 ਵਾਰ ਵਿਰੋਧੀਆਂ ਦੇ ਫ਼ੱਟੇ ਨੂੰ ਖੜਕਾਇਆ। ਨੰਗੇ ਪੈਰ ਖੇਡ ਰਹੇ ਧਿਆਨ ਚੰਦ ਦੀ ਖੇਡ ਤੋਂ ਪ੍ਰਭਾਵਿਤ ਹੋ ਕੇ ਨਾਜ਼ੀ ਹਾਕਮ ਹਿਟਲਰ ਨੇ ਉਸ ਨੂੰ ਜਰਮਨੀ ’ਚ ਰਹਿ ਜਾਣ ਤੇ ਆਪਣੀ ਫ਼ੌਜ ’ਚ ਕਰਨਲ ਦੇ ਅਹੁਦੇ ਦੀ ਪੇਸ਼ਕਸ਼ ਵੀ ਕੀਤੀ, ਪਰ ਧਿਆਨ ਚੰਦ ਨੇ ਭਾਰਤੀ ਬਣੇ ਰਹਿਣਾ ਹੀ ਚੁਣਿਆ। ਕੁੱਲ 3 ਓਲੰਪਿਕ ਖੇਡ ਕੇ ਧਿਆਨ ਚੰਦ ਨੇ 12 ਮੈਚਾਂ ਦੌਰਾਨ 33 ਗੋਲ ਦਾਗ਼ੇ।

ਆਸਟਰੇਲੀਆ ਦੇ ਵਿਆਨਾ ਖੇਡ ਕਲੱਬ ’ਚ ਧਿਆਨ ਚੰਦ ਦਾ ਚਾਰ ਹਾਕੀਆਂ ਫ਼ੜੀ ਚਾਰ ਹੱਥਾਂ ਵਾਲਾ ਬੁੱਤ ਸਥਾਪਤ ਹੈ। 1951 ਨੂੰ ਧਿਆਨ ਚੰਦ ਫ਼ੌਜ ’ਚੋਂ ਮੇਜਰ ਵਜੋਂ ਰਿਟਾਇਰ ਹੋਣ ਤੋਂ ਬਾਅਦ ਮਾਊਂਟ ਆਬੂ, ਰਾਜਸਥਾਨ ਵਿਖੇ ਇੱਕ ਕੋਚਿੰਗ ਕੈਂਪ ’ਚ ਸਿਖਲਾਈ ਦੇਂਦਾ ਰਿਹਾ। ਨੇਤਾਜੀ ਸੁਭਾਸ਼ ਰਾਸ਼ਟਰੀ ਖੇਡ ਸੰਸਥਾ ਪਟਿਆਲਾ ’ਚ ਵੀ ਭਾਰਤੀ ਹਾਕੀ ਦੇ ਮੁੱਖ ਕੋਚ ਵਜੋਂ ਕਾਫ਼ੀ ਸਾਲ ਕੰਮ ਕੀਤਾ।

ਆਪਣੀ ਜ਼ਿੰਦਗੀ ਦੇ ਆਖਰੀ ਸਾਲ ਉਸ ਨੇ ਆਪਣੇ ਘਰ ਝਾਂਸੀ ਵਿਖੇ ਬਿਤਾਏ। 3 ਦਸੰਬਰ 1979 ਨੂੰ ਧਿਆਨ ਚੰਦ ਦਿੱਲੀ ਦੇ ਸਰਬ ਭਾਰਤੀ ਡਾਕਟਰੀ ਵਿਗਿਆਨ ਸੰਸਥਾ ਵਿਖੇ ਰੱਬ ਨੂੰ ਪਿਆਰਾ ਹੋ ਗਿਆ। ਝਾਂਸੀ ਦੇ ਵਾਰ ਹੀਰੋ ਮੈਦਾਨ ’ਚ ਉਸ ਦਾ ਅੰਤਿਮ ਸੰਸਕਾਰ ਪੂਰੇ ਸੈਨਿਕ ਸਨਮਾਨਾਂ ਨਾਲ ਕੀਤਾ ਗਿਆ। 1980 ’ਚ ਭਾਰਤੀ ਡਾਕ ਵਿਭਾਗ ਨੇ ਧਿਆਨ ਚੰਦ ਦੀ ਯਾਦ ’ਚ ਡਾਕ ਟਿਕਟ ਜਾਰੀ ਕੀਤੀ। ਭਾਰਤ ਸਰਕਾਰ ਵੱਲੋਂ 1956 ’ਚ ਉਸ ਨੂੰ ਪਦਮ ਭੂਸ਼ਣ ਨਾਲ ਨਿਵਾਜਿਆ ਗਿਆ।

# ਓਲੰਪਿਕ ’ਚ ਦਿਖਾਈ ਦੇਵੇਗਾ ਏਸ਼ੀਆਈ ਖੇਡਾਂ ਦਾ ਜਾਦੂ?

**ਮਨੋਜ ਚਤੁਰਵੇਦੀ**



ਚੀਨ ’ਚ ਹੋਈਆਂ ਏਸ਼ੀਆਈ ਖੇਡਾਂ ’ਚ ਭਾਰਤ ਦੇ ਸ਼ਾਨਦਾਰ ਪ੍ਰਦਰਸ਼ਨ ਕਾਰਨ ਦੇਸ਼ ’ਚ ਖੁਸ਼ੀ ਦਾ ਮਾਹੌਲ ਹੈ। ਭਾਰਤ ਨੇ ਏਸ਼ਿਆਈ ਖੇਡਾਂ ਵਿੱਚ ਪਹਿਲੀ ਵਾਰ ਸੌ ਤਮਗ਼ਿਆਂ ਦਾ ਅੰਕੜਾ ਪਾਰ ਕੀਤਾ ਹੈ। ਇਨ੍ਹਾਂ ਵਿੱਚ 28 ਸੋਨ, 38 ਚਾਂਦੀ ਅਤੇ 41 ਕਾਂਸੀ ਦੇ ਤਗਮੇ ਸ਼ਾਮਲ ਹਨ। ਪੰਜ ਸਾਲ ਪਹਿਲਾਂ ਜਕਾਰਤਾ ਵਿੱਚ ਭਾਰਤ ਨੇ 16 ਸੋਨੇ ਸਮੇਤ 70 ਤਗਮੇ ਜਿੱਤੇ ਸਨ। ਇਸ ਵਾਰ ਭਾਰਤ ਦੇ 37 ਮੈਡਲ ਵਧ ਗਏ ਹਨ। ਹੁਣ ਨਜ਼ਰ ਅਗਲੇ ਸਾਲ ਪੈਰਿਸ ’ਚ ਹੋਣ ਵਾਲੇ ਉਲੰਪਿਕ ’ਤੇ ਹੈ। ਹਾਲਾਂਕਿ ਏਸ਼ਿਆਈ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਓਲੰਪਿਕ ਵਿੱਚ ਚੰਗੇ ਪ੍ਰਦਰਸ਼ਨ ਦੀਆਂ ਉਮੀਦਾਂ ਦਾ ਆਧਾਰ ਨਹੀਂ ਬਣ ਸਕਦਾ, ਫਿਰ ਵੀ ਪੈਰਿਸ ਵਿੱਚ ਟੋਕੀਓ ਦੇ ਮੁਕਾਬਲੇ ਬਿਹਤਰ ਪ੍ਰਦਰਸ਼ਨ ਦੀ ਸੰਭਾਵਨਾ ਹੈ। ਕਈ ਖੇਡਾਂ ਉਲੰਪਿਕ ’ਚ ਨਹੀਂ ਹਨ, ਇਸ ਵਾਰ ਏਸ਼ੀਆਈ ਖੇਡਾਂ ’ਚ ਭਾਰਤ ਨੇ 28 ਸੋਨ ਤਗਮੇ ਜਿੱਤੇ ਹਨ, ਜਿਨ੍ਹਾਂ ’ਚੋਂ 16 ਖੇਡਾਂ ਨਾਲ ਸਬੰਧਤ ਹਨ, ਜੋ ਉਲੰਪਿਕ ’ਚ ਨਹੀਂ ਕਰਵਾਈਆਂ ਜਾਂਦੀਆਂ। ਉਲੰਪਿਕ ’ਚ ਹੋਣ ਵਾਲੇ 12 ਸੋਨ ਤਗਮੇ ਜਿੱਤਣ ਵਾਲੇ ਮੁਕਾਬਲਿਆਂ ’ਚੋਂ ਜ਼ਿਆਦਾਤਰ ਖਿਡਾਰੀ ਓਲੰਪਿਕ ’ਚ ਤਮਗਾ ਜਿੱਤਣ ਲਈ ਚੰਗਾ ਪ੍ਰਦਰਸ਼ਨ ਨਹੀਂ ਕਰਦੇ।

ਜੇਕਰ ਅਸੀਂ ਸ਼ੂਟਿੰਗ ਦੀ ਗੱਲ ਕਰੀਏ ਤਾਂ ਭਾਰਤ ਲਈ ਵਿਅਕਤੀਗਤ ਸ਼ੂਟਿੰਗ ਈਵੈਂਟਸ ਵਿੱਚ ਕੇਵਲ ਸਿਫਤ ਕੌਰ ਅਤੇ ਪਲਕ ਗੁਲੀਆ ਨੇ ਹੀ ਗੋਲਡ ਜਿੱਤਿਆ ਹੈ। ਇਨ੍ਹਾਂ ਦੋਵਾਂ ਨੂੰ ਪੈਰਿਸ ਓਲੰਪਿਕ ’ਚ ਤਗਮਾ ਜਿੱਤਣ ਦਾ ਦਾਅਵੇਦਾਰ ਮੰਨਿਆ ਜਾ ਸਕਦਾ ਹੈ।

ਉਲੰਪਿਕ ਖੇਡਾਂ ਵਿੱਚ ਰਿਕਰਵ ਵਰਗ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਵਿੱਚ ਭਾਰਤ ਦਾ ਪ੍ਰਦਰਸ਼ਨ ਬਹੁਤ ਕਮਜ਼ੋਰ ਰਿਹਾ। ਤੀਰਅੰਦਾਜ਼ੀ ਵਿੱਚ ਸਾਰੇ ਪੰਜ ਸੋਨ ਤਗਮੇ ਕੰਪਾਊਂਡ ਤੀਰਅੰਦਾਜ਼ੀ ਵਿੱਚ ਆਏ ਹਨ। ਇਹ ਓਲੰਪਿਕ ਵਿੱਚ ਆਯੋਜਿਤ ਨਹੀਂ ਕੀਤਾ ਜਾਂਦਾ ਹੈ। ਬਰਲਿਨ ਵਿਸ਼ਵ ਚੈਂਪੀਅਨਸ਼ਿਪ ਤੋਂ ਬਾਅਦ ਇਹ ਦੂਜਾ ਕੁਆਲੀਫਾਇੰਗ ਮੁਕਾਬਲਾ ਸੀ, ਪਰ ਭਾਰਤ ਦਾ ਕੋਈ ਵੀ ਤੀਰਅੰਦਾਜ਼ ਅਜੇ ਤੱਕ ਓਲੰਪਿਕ ਖੇਡਣ ਲਈ ਕੁਆਲੀਫਾਈ ਨਹੀਂ ਕਰ ਸਕਿਆ ਹੈ।

ਭਾਰਤ ਨੇ ਐਥਲੈਟਿਕਸ ਵਿੱਚ ਸਭ ਤੋਂ ਵੱਧ 29 ਤਗਮੇ ਇਕੱਠੇ ਕੀਤੇ ਹਨ। ਜੈਵਲਿਨ ਥ੍ਰੋਅਰ ਜੋੜੀ ਨੀਰਜ ਚੋਪੜਾ, ਕਿਸ਼ੋਰ ਜੇਨਾ ਤੋਂ ਇਲਾਵਾ ਮਹਿਲਾ ਜੈਵਲਿਨ ਥ੍ਰੋਅਰ ਅੰਨੂ ਰਾਣੀ ਅਤੇ ਲੰਬੀ ਛਾਲ ਮਾਰਨ ਵਾਲੀ ਮੁਰਲੀ ਸ਼੍ਰੀਸ਼ੰਕਰ ਨੂੰ ਉਲੰਪਿਕ ਵਿੱਚ ਤਗਮੇ ਦੇ ਦਾਅਵੇਦਾਰ ਵਜੋਂ ਦੇਖਿਆ ਜਾ ਰਿਹਾ ਹੈ।

ਕਿਸ਼ੋਰ ਜੇਨਾ ਦਾ ਪ੍ਰਦਰਸ਼ਨ ਉਸ ਦੇ ਪਿਛਲੇ ਸੋਨੇ ਦੇ ਪ੍ਰਦਰਸ਼ਨ ਨਾਲੋਂ ਸਿਰਫ 0.4 ਮੀਟਰ ਕਮਜ਼ੋਰ ਸੀ। ਇੱਕ ਸਾਲ ਪਹਿਲਾਂ ਤੱਕ ਜੇਨਾ 78.5 ਮੀਟਰ ਤੱਕ ਦਾ ਪ੍ਰਦਰਸ਼ਨ ਕਰ ਰਹੀ ਸੀ ਪਰ ਚੀਨ ਦੇ ਹਾਂਗਜ਼ੂ ਵਿੱਚ ਉਸ ਨੇ 87.54 ਮੀਟਰ ਥਰੋਅ ਨਾਲ ਚਾਂਦੀ ਦਾ ਤਗ਼ਮਾ ਜਿੱਤਿਆ। ਉਸ ਤੋਂ ਬਿਹਤਰ ਪ੍ਰਦਰਸ਼ਨ ਦੀ ਉਮੀਦ ਕੀਤੀ ਜਾ ਸਕਦੀ ਹੈ। ਬੈਡਮਿੰਟਨ ’ਚ ਸਾਤਵਿਕ ਸਾਈਰਾਜ-ਚਿਰਾਗ ਸ਼ੈੱਟੀ ਦੀ ਜੋੜੀ ਤੋਂ ਉਲੰਪਿਕ ’ਚ ਧਮਾਲ ਮਚਾਉਣ ਦੀ ਉਮੀਦ ਕੀਤੀ ਜਾ ਸਕਦੀ ਹੈ। ਸਾਤਵਿਕ ਸਾਈਰਾਜ ਅਤੇ ਚਿਰਾਗ ਸ਼ੈੱਟੀ ਦੀ ਜੋੜੀ ਹਾਂਗਜ਼ੂ ’ਚ ਪੁਰਸ਼ ਡਬਲਜ਼ ਦਾ ਸੋਨ ਤਮਗਾ ਜਿੱਤ ਕੇ ਵਿਸ਼ਵ ਰੈਂਕਿੰਗ ’ਚ ਪਹਿਲੇ ਨੰਬਰ ’ਤੇ ਪਹੁੰਚ ਗਈ ਹੈ।

ਮੁੱਕੇਬਾਜ਼ ਅਤੇ ਪਹਿਲਵਾਨ ਵੀ ਉਲੰਪਿਕ ਵਿੱਚ ਭਾਰਤ ਲਈ ਤਗਮੇ ਲਿਆਉਂਦੇ ਰਹੇ ਹਨ। ਪਰ ਇਸ ਵਾਰ ਇਨ੍ਹਾਂ ਦੋਵਾਂ ਏਸ਼ਿਆਈ ਖੇਡਾਂ ਵਿੱਚ ਭਾਰਤੀ ਪ੍ਰਦਰਸ਼ਨ ਉਮੀਦਾਂ ਤੋਂ ਘੱਟ ਰਿਹਾ ਹੈ। ਕੁਸ਼ਤੀ ਵਿੱਚ ਪਹਿਲਵਾਨਾਂ ਅਤੇ ਕੁਸ਼ਤੀ ਸੰਘ ਦੇ ਅਹੁਦੇਦਾਰਾਂ ਵਿਚਾਲੇ ਚੱਲੀ ਲੰਬੀ ਲੜਾਈ ਨੂੰ ਮਾੜੀ ਕਾਰਗੁਜ਼ਾਰੀ ਦਾ ਕਾਰਨ ਮੰਨਿਆ ਜਾ ਸਕਦਾ ਹੈ। ਮੁੱਕੇਬਾਜ਼ੀ ਵੀ ਵਿਵਾਦਾਂ ਵਿੱਚ ਰਹੀ ਹੈ। ਉਲੰਪਿਕ ਸ਼ੁਰੂ ਹੋਣ ’ਚ ਕਰੀਬ 10 ਮਹੀਨੇ ਬਾਕੀ ਹਨ। ਇਸ ਦੌਰਾਨ ਜੇਕਰ ਇਨ੍ਹਾਂ ਦੋਵਾਂ ਖੇਡਾਂ ਦੀਆਂ ਤਿਆਰੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਸਥਿਤੀ ਸੁਧਰ ਸਕਦੀ ਹੈ।

ਭਾਰਤ ਨੇ ਹਾਂਗਜ਼ੂ ਵਿੱਚ ਯੰਗ ਬ੍ਰਿਗੇਡ ਨੂੰ ਮੈਦਾਨ ਵਿੱਚ ਉਤਾਰਿਆ, ਜਿਸ ਵਿੱਚ ਇੱਕ ਚੰਗੀ ਗੱਲ ਇਹ ਸੀ ਕਿ ਭਾਰਤ ਦੇ ਨੌਜਵਾਨ ਨਿਸ਼ਾਨੇਬਾਜ਼ ਦਬਾਅ ਵਿੱਚ ਟੁੱਟਦੇ ਨਹੀਂ ਦਿਖਾਈ ਦਿੱਤੇ। ਇਹ ਅਤੀਤ ਵਿੱਚ ਭਾਰਤ ਦੀ ਵੱਡੀ ਕਮਜ਼ੋਰੀ ਰਹੀ ਹੈ। ਇਹ ਬਦਲਾਅ ਹਾਈ ਪਰਫਾਰਮੈਂਸ ਕੋਚ ਪਿਏਰੇ ਡੇਸ਼ਚੈਂਪਸ ਦੇ ਕਾਰਨ ਆਇਆ ਹੈ। ਦੇਸ਼ਚੈਂਪਸ ਨੇ ਰਾਜਧਾਨੀ ਦਿੱਲੀ ਵਿੱਚ ਤੁਗਲਕਾਬਾਦ ਸ਼ੂਟਿੰਗ ਰੇਂਜ ਵਿੱਚ ਇੱਕ ਵਾਰ ਰੂਮ ਸਥਾਪਤ ਕੀਤਾ ਹੈ। ਇਸ ਵਾਰ ਰੂਮ ਵਿੱਚ ਮਾਨੀਟਰਾਂ ਅਤੇ ਪ੍ਰੋਜੈਕਟਰਾਂ ਨਾਲ ਮੁਕਾਬਲੇ ਵਾਲੀ ਸ਼ੂਟਿੰਗ ਰੇਂਜ ਵਰਗਾ ਮਾਹੌਲ ਬਣਾਇਆ ਗਿਆ ਹੈ। ਖਿਡਾਰੀਆਂ ਦਾ ਵਿਸ਼ਲੇਸ਼ਣ ਕਰਨ ਲਈ, ਉੱਚ-ਤਕਨੀਕੀ ਯੰਤਰ ਉਨ੍ਹਾਂ ਦੇ ਸਰੀਰ ਨਾਲ ਜੁੜੇ ਹੋਏ ਹਨ ਤਾਂ ਜੋ ਇਹ ਦੇਖਣ ਲਈ ਕਿ ਉਨ੍ਹਾਂ ਦੀਆਂ ਮਾਸਪੇਸ਼ੀਆਂ ਕਿਵੇਂ ਕੰਮ ਕਰ ਰਹੀਆਂ ਹਨ, ਉਨ੍ਹਾਂ ਦੇ ਦਿਮਾਗ ਦੇ ਸੈੱਲ ਕਿਵੇਂ ਕੰਮ ਕਰ ਰਹੇ ਹਨ, ਉਨ੍ਹਾਂ ਦੀ ਨਬਜ਼ ਦੀ ਦਰ ਕੀ ਹੈ ਅਤੇ ਉਨ੍ਹਾਂ ਦਾ ਸਾਹ ਕਿਵੇਂ ਚੱਲ ਰਿਹਾ ਹੈ। ਇਸ ਦੌਰਾਨ ਖਿਡਾਰੀ ਦੇ ਨਾਲ ਕੋਚ, ਮਨੋਵਿਗਿਆਨੀ ਤੋਂ ਇਲਾਵਾ ਹੋਰ ਸਹਾਇਕ ਸਟਾਫ ਵੀ ਮੌਜੂਦ ਰਿਹਾ। ਇਹ ਖਿਡਾਰੀ ਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਆਪਣੇ ਆਪ ਨੂੰ ਸੰਤੁਲਿਤ ਕਿਵੇਂ ਰੱਖਣਾ ਹੈ। ਜੇਕਰ ਤਿਆਰੀਆਂ ਇਸੇ ਤਰ੍ਹਾਂ ਜਾਰੀ ਰਹੀਆਂ ਤਾਂ ਅਸੀਂ ਉਲੰਪਿਕ ਮੈਡਲਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਦੇਖ ਸਕਦੇ ਹਾਂ।

## ਸਿਆਣਿਆਂ ਦੇ

ਜਿਹੜਾ ਤੁਹਫ਼ਾ ਡੈਲਾ ਨੇ ਲਿਆਂਦਾ ਸੀ ਉਹ ਜਿਮ ਨੇ ਅਜੇ ਨਹੀਂ ਦੇਖਿਆ ਸੀ। ਖੁੱਲ੍ਹੀ ਹਥੇਲੀ ਉਪਰ ਚੇਨੀ ਰੱਖ ਕੇ ਡੈਲਾ ਨੇ ਜਿਮ ਨੂੰ ਦਿਖਾਈ ਤੇ ਬਹੁਤ ਉਤਸੁਕਤਾ ਨਾਲ ਜਿਮ ਵੱਲ ਦੇਖਣ ਲੱਗੀ। ਚੇਨੀ ਤਾਂ ਲਿਸ਼ਕਾਰੇ ਮਾਰ ਹੀ ਰਹੀ ਸੀ ਡੈਲਾ ਦੀਆਂ ਅੱਖਾਂ ਵਿੱਚ ਕਿਹੜਾ ਘੱਟ ਚਮਕ ਆਈ ? ਬਹੁਤ ਗਜ਼ਬ ਦੀ ਹੈ ਕਿ ਨਹੀਂ ਜਿਮ ?

ਇਹ ਖਰੀਦਣ ਲਈ ਮੈਂ ਸਾਰਾ ਸ਼ਹਿਰ ਫ਼ਰੋਲ ਮਾਰਿਆ। ਤੂੰ ਹੁਣ ਦਿਨ ਵਿੱਚ ਸੌ ਸੌ ਵਾਰ ਟਾਈਮ ਦੇਖਿਆ ਕਰੇਂਗਾ। ਲਿਆਉ, ਇਧਰ ਕਰੋ ਆਪਣੀ ਘੜੀ। ਦੇਖੀਏ ਕਿਵੇਂ ਲੱਗੇਗੀ ਉਸ ਨਾਲ ਇਹ।

ਡੈਲਾ ਦੀ ਗੱਲ ਮੰਨਣ ਦੀ ਥਾਂ ਜਿਮ ਸੋਫ਼ੇ ’ਤੇ ਲੁੜ੍ਹਕ ਗਿਆ। ਸਿਰ ਹੇਠਾਂ ਹੱਥ ਰੱਖ ਕੇ ਮੁਸਕਰਾਇਆ, ਡੈਲਾ ਥੋੜ੍ਹੀ ਦੇਰ ਲਈ ਆਪਾਂ ਕ੍ਰਿਸਮਸ ਦੇ ਤੋਹਫ਼ੇ ਇਕ ਪਾਸੇ ਰੱਖ ਦੇਈਏ। ਇਹ ਇਨੇ ਸੁਹਣੇ ਨੇ ਕਿ ਆਪਾਂ ਇਨ੍ਹਾਂ ਨੂੰ ਪਹਿਨਣ ਦੇ ਕਾਬਲ ਨਹੀਂ ਬਸ। ਤੇਰੇ ਵਾਸਤੇ ਕੰਘੀਆਂ ਕਲਿੱਪ ਖਰੀਦਣ ਵਾਸਤੇ ਮੈਂ ਉਹ ਘੜੀ ਵੇਚ ਆਇਆਂ। ਚਲੋ ਠੀਕ ਹੋਇਆ। ਹੁਣ ਇਉਂ ਕਰ, ਪਕੌੜੇ ਤਲ।

ਤੁਹਾਨੂੰ ਪਤਾ ਈ ਐ ਪਾਠਕੋ, ਇਹ ਮੈਜਈ ਬੜੇ ਦੂਰੰਦੇਸ਼ ਸਨ। ਯਕੀਨਨ ਦੂਰੰਦੇਸ਼। ਪੰਘੂੜੇ ਵਿੱਚ ਲੇਟੇ ਯਸੂ ਵਾਸਤੇ ਤੋਹਫ਼ੇ ਲੈ ਕੇ ਆਏ ਸਨ ਉਹ। ਉਨ੍ਹਾਂ ਦੇ ਤੋਹਫ਼ੇ ਕਿਹੜਾ ਘੱਟ ਕੀਮਤੀ ਸਨ ? ਪਰ ਇਕ ਫ਼ਰਕ ਹੈ। ਜੇ ਚਾਹੁੰਦੇ, ਮੈਜਈ ਆਪਣੇ ਤੋਹਫ਼ੇ ਬਦਲ ਸਕਦੇ ਸਨ, ਦੁਕਾਨਦਾਰ ਬਦਲ ਕੇ ਹੋਰ ਦੇ ਦਿੰਦਾ। ਇਥੇ ਮੈਂ ਆਪਣੇ ਟੁੱਟੇ-ਫੁਟੇ ਅੰਦਾਜ਼ ਵਿੱਚ ਨਿਕੇ ਫ਼ਲੈਟ ਵਿੱਚ ਰਹਿੰਦੇ ਦੋ ਮੂਰਖ ਬੱਚਿਆਂ ਦੀ ਕਹਾਣੀ ਸੁਣਾਈ ਹੈ ਜਿਨ੍ਹਾਂ ਨੇ ਆਪਣੇ ਸਭ ਤੋਂ ਕੀਮਤੀ ਖਜ਼ਾਨਿਆਂ ਦੀ ਰਾਖ ਬਣਾ ਦਿਤੀ। ਤਾਂ ਵੀ, ਇਸ ਕਲਯੁਗ ਵਿੱਚ ਅਕਲਵੰਦ ਲੋਕਾਂ ਲਈ ਮੇਰੇ ਇਹ ਦੋ ਸ਼ਬਦ ਸੁਣੋ, ਜਿੰਨੇ ਲੋਕ ਸੁਗਾਤਾਂ ਦਿੰਦੇ ਹਨ, ਉਨ੍ਹਾਂ ਵਿਚੋਂ ਇਹੋ ਦੋ ਸਭ ਤੋਂ ਵਧੀਕ ਅਕਲਮੰਦ ਹਨ। ਲੋਕ ਤੋਹਫ਼ੇ ਲੈਣਗੇ/ਦੇਣਗੇ ਪਰ ਸਾਰਿਆਂ ਵਿਚੋਂ ਵਧੀਕ ਸਿਆਣੇ ਡੈਲਾ ਤੇ ਜਿਮ ਹਨ। ਹਰ ਥਾਂ, ਉਹੀ ਸਿਆਣੇ ਸਾਬਤ ਹੋਣਗੇ।ਮੇਰੇ ਲਈ ਤਾਂ ਉਹੀ ਮੈਜਈ ਹਨ।

***

## ਮਲਕੀਤ ਸਿੰਘ

ਬਸ ਮਿਊਜ਼ਿਕ ਵਿੱਚ ਬਦਲਾਅ ਕੀਤਾ ਤਾਂ ਜੋ ਨੌਜਵਾਨਾਂ ਨੂੰ ਪਸੰਦ ਆ ਸਕੇ।

ਮਲਕੀਤ ਸਿੰਘ ਦੱਸਦੇ ਹਨ ਕਿ ਉਨ੍ਹਾਂ ਨੇ ਨਾਈਟ ਕਲੱਬਾਂ ਵਿੱਚ ਵੀ ਕਾਫ਼ੀ ਪੇਸ਼ਕਾਰੀਆਂ ਦਿੱਤੀਆਂ ਸਨ। ਇਥੇ ਕਦੇ ਕਿਸੇ ਭਾਰਤੀ ਨੇ ਪੇਸ਼ਕਾਰੀ ਨਹੀਂ ਦਿੱਤੀ ਸੀ। ਰਾਤ 12-12 ਵਜੇ ਤੱਕ ਨਾਈਟ ਕਲੱਬਾਂ ਦੇ ਬਾਹਰ ਲੋਕਾਂ ਦੀਆਂ ਲਾਈਨਾਂ ਲੱਗੀਆਂ ਹੁੰਦੀਆਂ ਸਨ। ਮੈਂ ਕਈ ਵਾਰ ਸਵੇਰੇ ਤਿੰਨ-ਤਿੰਨ ਵਜੇ ਸਟੇਜ ਉੱਤੇ ਚੜ੍ਹਦਾ ਹੁੰਦਾ ਸੀ। ਅਸੀਂ ਅੰਗਰੇਜ਼ਾਂ ਨੂੰ ਦੱਸ ਦਿੱਤਾ ਸੀ ਕਿ ਸੋਲਡ ਆਊਟ ਸ਼ੋਅ ਦੇ ਲਈ ਪੰਜਾਬੀ ਮਿਊਜ਼ਿਕ ਬੇਹੱਦ ਜ਼ਰੂਰੀ ਹੈ। ਅਸੀਂ ਨਾਈਟ ਕਲੱਬਾਂ ਵਿੱਚੋਂ ਲੋਕਾਂ ਨੂੰ ਬਾਹਰ ਕੱਢ ਕੇ ਉਨ੍ਹਾਂ ਨੂੰ ਪੰਜਾਬੀ ਮਿਊਜ਼ਿਕ ਨਾਲ ਜੋੜਿਆ। ਅਸੀਂ ਦੱਸਿਆ ਕਿ ਅੰਗਰੇਜ਼ੀ ਰੈਪਿੰਗ ਤੋਂ ਪਰੇ ਹੋ ਕੇ ਵੀ ਤੁਸੀਂ ਪੰਜਾਬੀ ਗੀਤਾਂ ਉੱਤੇ ਨੱਚ ਸਕਦੇ ਹੋ।

ਮਲਕੀਤ ਸਿੰਘ ਮੰਨਦੇ ਹਨ ਕਿ ਚੰਗੇ ਗਾਣੇ ਦਾ ਕੋਈ ਯੁੱਗ ਨਹੀਂ ਹੁੰਦਾ ਹੈ। ਉਹ ਕਹਿੰਦੇ ਹਨ, “ਲੋਕ ਕਹਿੰਦੇ ਹਨ ਕਿ ਉਹ ਮਾਡਰਨਾਈਜ਼ ਹੋ ਗਏ ਹਨ ਪਰ ਮੈਨੂੰ ਲਗਦਾ ਹੈ ਕਿ ਕੁਝ ਵੀ ਮਾਡਰਨਾਈਜ਼ ਨਹੀਂ ਹੋਇਆ ਹੈ। ਲੋਕ ਮੇਰੇ ਉਹੀ ਗੀਤ ਪਸੰਦ ਕਰਦੇ ਹਨ ਜੋ ਉਹ 40 ਸਾਲ ਪਹਿਲਾਂ ਸੁਣਨਾ ਚਾਹੁੰਦੇ ਸਨ।”

ਮੈਂ ਜਾਗੋ ਆਈ ਗਾਇਆ, ਮਾਮਾ ਬੜਾ ਗ੍ਰੇਟ ਗਾਇਆ ਉਹ ਲੋਕਾਂ ਨੂੰ ਕਾਫ਼ੀ ਪਸੰਦ ਆਇਆ। ਕਈ ਗੀਤ ਮੈਂ ਵੱਖ-ਵੱਖ ਮਿਊਜ਼ਿਕ ਡਾਇਰੈਕਟਰਾਂ ਨਾਲ ਮਾਰਡਨ ਮਿਊਜ਼ਿਕ ਉੱਤੇ ਗਾਏ ਪਰ ਉਹ ਲੋਕਾਂ ਨੂੰ ਪਸੰਦ ਨਹੀਂ ਆਏ।

ਮਲਕੀਤ ਸਿੰਘ ਕਹਿੰਦੇ ਹਨ ਕਿ ਜਿਵੇਂ ਲੋਕ ਅੱਜ ਵੀ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਖਾਣਾ ਪਸੰਦ ਕਰਦੇ ਹਨ ਉਵੇਂ ਹੀ ਮਿਊਜ਼ਿਕ ਨੂੰ ਜ਼ਿਆਦਾ ਮਾਡਰਨ ਕਰਨ ਦੀ ਲੋੜ ਨਹੀਂ ਹੈ। ਚੰਗਾ ਸੰਗੀਤ ਲੋਕ ਹਮੇਸ਼ਾ ਹੀ ਸੁਣਨਾ ਪਸੰਦ ਕਰਦੇ ਹਨ। ਜਦੋਂ ਗਾਣੇ ਦੇ ਬੋਲ ਲੋਕਾਂ ਨੂੰ ਸਮਝ ਆਉਣਗੇ ਤਾਂ ਹੀ ਗਾਣਾ ਚੱਲਦਾ ਹੈ। ਮਲਕੀਤ ਸਿੰਘ ਕਹਿੰਦੇ, “ਗੀਤ ਉਹੀ ਹੈ ਜੋ ਤੁਹਾਡੇ ਮਾਪਿਆਂ ਨੂੰ ਵੀ ਪਸੰਦ ਹੋਵੇ, ਤੁਹਾਨੂੰ ਵੀ ਪਸੰਦ ਹੋਵੇ ਤੇ ਤੁਹਾਡੇ ਬੱਚਿਆਂ ਨੂੰ ਵੀ ਪਸੰਦ ਹੋਵੇ। ਜਦੋਂ ਮੈਂ ਗੀਤ ਗਾਉਂਦਾ ਹਾਂ ਤੇ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਮੇਰਾ ਗੀਤ ਬੱਚੇ ਨੂੰ ਵੀ ਪਸੰਦ ਆਏ ਤੇ ਉਸ ਦੀ ਸਮਝ ਵਿੱਚ ਆਵੇ। ਮੈਂ ਕਈ ਤਜਰਬੇ ਵੀ ਕੀਤੇ ਹਨ। ਮੈ ਨਾਈਟ ਕਲੱਬਾਂ ਵਾਲੇ ਗਾਣੇ ਵੀ ਗਾਏ, ਮਾਵਾਂ ਠੰਢੀਆਂ ਛਾਂਵਾਂ ਵਰਗੇ ਗੀਤ ਵੀ ਗਾਏ।

ਮਲਕੀਤ ਸਿੰਘ ਨੇ ਦੱਸਿਆ ਕਿ ਉਹ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਬੰਧੀ ਵੀ ਇੱਕ ਗੀਤ ਲੈ ਕੇ ਆਉਣ ਦੀ ਤਿਆਰੀ ਵਿੱਚ ਹਨ। ਉਹ ਕਹਿੰਦੇ, “ਮੈਨੂੰ ਸ੍ਰੀ ਦਰਬਾਰ ਸਾਹਿਬ ਵਰਗਾ ਸਕੂਨ ਕਿਤੇ ਹੋਰ ਨਹੀਂ ਮਿਲਦਾ। ਦਰਬਾਰ ਸਾਹਿਬ ਆ ਕੇ ਮੈਂ ਬਹੁਤ ਭਾਵੁਕ ਹੋ ਜਾਂਦਾ ਹੈ।” ਮੈਂ ਇੱਕ ਗੀਤ ਲਿਖਣਾ ਚਾਹੁੰਦਾ ਹੈ। ਮੈਂ ਵਿਦੇਸ਼ੀਆਂ ਨੂੰ ਵੀ ਦਰਬਾਰ ਸਾਹਿਬ ਬਾਰੇ ਦੱਸਦਾ ਹਾਂ ਤੇ ਸਾਨੂੰ ਪਰਮੋਟ ਵੀ ਕਰਨਾ ਚਾਹੀਦਾ ਹੈ।

***

## ਭਾਰਤ-ਮੱਧ ਪੂਰਬ-ਯੂਰਪ

ਇਸ ਪ੍ਰਾਜੈਕਟ ਨੂੰ ਸਾਲ 2049 ਤੱਕ ਪੂਰਾ ਕਰਨ ਦਾ ਟੀਚਾ ਹੈ। ਹਾਲਾਂਕਿ, ਅਜਿਹੇ ਸੰਕੇਤ ਮਿਲ ਰਹੇ ਹਨ ਕਿ ਚੀਨ ਆਪਣੀ ਅਸਥਿਰ ਅਰਥਵਿਵਸਥਾ ਦੇ ਕਾਰਨ ਪ੍ਰਾਜੈਕਟ ’ਤੇ ਕੰਮ ਕਰਨ ਦੀ ਰਫ਼ਤਾਰ ਹੌਲੀ ਕਰ ਰਿਹਾ ਹੈ। ਇਸ ਤੋਂ ਇਲਾਵਾ, ਕੁਝ ਮੈਂਬਰ ਦੇਸ਼ਾਂ ਨੇ ਚੀਨ ’ਤੇ ਸਥਾਨਕ ਲੋੜਾਂ ਵੱਲ ਧਿਆਨ ਦਿੱਤੇ ਬਿਨਾਂ ਰਣਨੀਤਕ ਪ੍ਰਭਾਵ ਹਾਸਲ ਕਰਨ ਦੇ ਨਾਲ-ਨਾਲ ਵਾਤਾਵਰਨ ’ਤੇ ਮਾੜਾ ਪ੍ਰਭਾਵ ਪਾਉਣ ਵਾਲੇ ਪ੍ਰਾਜੈਕਟ ਲਾਗੂ ਕਰਨ ਦਾ ਦੋਸ਼ ਲਗਾਇਆ ਹੈ। ਇਟਲੀ ਨੇ ਤਾਂ ਇਸ ਬੀ.ਆਰ.ਆਈ. ਪ੍ਰਾਜੈਕਟ ਤੋਂ ਬਾਹਰ ਨਿਕਲਣ ਦਾ ਸੰਕੇਤ ਵੀ ਦੇ ਦਿੱਤਾ ਹੈ। ਜਦੋਂ ਕਿ ਮਈ 2023 ਦੌਰਾਨ ਜਾਪਾਨ ’ਚ ਜੀ-7 ਨੇਤਾਵਾਂ ਦੀ ਹੋਈ ਮੀਟਿੰਗ ਦੌਰਾਨ ਦੁਨੀਆ ਦੇ ਸਭ ਤੋਂ ਅਮੀਰ ਸੱਤ ਦੇਸ਼ਾਂ ਨੇ ਮੁਕਾਬਲਾ ਕਰਨ ਲਈ 2027 ਤੱਕ ਸਮੂਹਿਕ ਤੌਰ ’ਤੇ 600 ਬਿਲੀਅਨ ਅਮਰੀਕੀ ਡਾਲਰ ਜੁਟਾਉਣ ਦਾ ਵਾਅਦਾ ਕੀਤਾ ਹੈ।

ਪ੍ਰੰਤੂ ਜੀ-20 ਸਿਖਰ ਸੰਮੇਲਨ ਦੌਰਾਨ ਤੁਰਕੀ ਵਰਗੇ ਕੁਝ ਮਹੱਤਵਪੂਰਨ ਦੇਸ਼ਾਂ ਦੁਆਰਾ ਇਸ ਆਰਥਿਕ ਕੋਰੀਡੋਰ ਪ੍ਰਾਜੈਕਟ ਦੀ ਕੁਝ ਸਿਆਸੀ ਕਾਰਨਾਂ ਅਤੇ ਪ੍ਰਾਜੈਕਟ ’ਚ ਇਜ਼ਰਾਇਲ ਨੂੰ ਸ਼ਾਮਿਲ ਕਰਨ ਕਰਕੇ ਵਿਰੋਧਤਾ ਕੀਤੀ ਜਾ ਰਹੀ ਸੀ। ਤੁਰਕੀ ਵੱਖਰੇ ਤੌਰ ’ਤੇ 1200 ਕਿੱਲੋਮੀਟਰ ਲੰਬੇ ਤੁਰਕੀ-ਇਰਾਕ-ਏਸ਼ੀਆ ਸੜਕ-ਰੇਲ-ਸ਼ਿਪਿੰਗ ਵਿਕਾਸ ਪ੍ਰਾਜੈਕਟ ਨੂੰ ਸ਼ੁਰੂ ਕਰਨਾ ਚਾਹੁੰਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਚਰਚਾ ਕੀਤੀ ਹੈ ਕਿ ਬੀਤੀ 7 ਅਕਤੂਬਰ ਤੋਂ ਇਜ਼ਰਾਇਲ-ਹਮਾਸ ਦਰਮਿਆਨ ਯੁੱਧ ਸ਼ੁਰੂ ਹੋ ਜਾਣ ਕਾਰਨ ਇਸ ਪ੍ਰਾਜੈਕਟ ਦੀ ਸਮਾਂ-ਸੀਮਾ ਅਤੇ ਸ਼ੁਰੂਆਤ ’ਚ ਵਿਘਨ ਪੈਣਾ ਵੀ ਲਾਜ਼ਮੀ ਹੈ। ਜੰਗ ਦੇ ਖ਼ਤਮ ਹੋਣ ਤੋਂ ਬਾਅਦ ਹੀ ਇਸ ਸੰਬੰਧੀ ਕੋਈ ਅਗਲੀ ਸਰਗਰਮੀ ਆਰੰਭ ਹੋ ਸਕਦੀ ਹੈ।

****

## ਮਨੁੱਖੀ ਅਧਿਕਾਰਾਂ ਦੇ ਮਸਲੇ

1993 ਵਿੱਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਭਾਵੇਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਹੋਂਦ ਵਿੱਚ ਆਇਆ ਸੀ ਪਰ ਇਸ ਵੇਲੇ ਕਾਨੂੰਨ ਨੂੰ ਸਹੀ ਅਰਥਾਂ ਵਿੱਚ ਸਮਾਨਤਾ ਦੇ ਆਧਾਰ ਉੱਤੇ ਲਾਗੂ ਕਰਨ ਦੀ ਜ਼ਰੂਰਤ ਹੈ। ਕੇਂਦਰ ਸਰਕਾਰ ਨੂੰ ਲਿੰਗ, ਜਾਤ ਬਰਾਦਰੀ, ਧਰਮ, ਨਸਲ, ਰੰਗ, ਸ਼੍ਰੇਣੀ ਆਦਿ ਤੋਂ ਉੱਪਰ ਉੱਠ ਕੇ ਨਿਰਪੱਖ ਰੂਪ ਵਿੱਚ ਲੋਕਤੰਤਰ ਪ੍ਰਣਾਲੀ ਦੀਆਂ ਧਾਰਾਵਾਂ ਤਹਿਤ ਸੁਚੱਜਾ ਤੇ ਸੂਝਬੂਝ ਵਾਲਾ ਸ਼ਾਸਨ ਯਕੀਨੀ ਬਣਾਉਣਾ ਪਵੇਗਾ। ਸਰਕਾਰ ਅਤੇ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਦੀ ਆਪਸੀ ਭਾਈਵਾਲੀ ਦਾ ਲੋਕਤੰਤਰ ਵਿੱਚ ਕੋਈ ਸਥਾਨ ਨਹੀਂ। ਇਸ ਦੇ ਨਾਲ ਹੀ ਆਪਣੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕ ਹੁੰਦਿਆਂ ਉਨ੍ਹਾਂ ਦੀ ਬਹਾਲੀ ਵਾਸਤੇ ਸਾਰਿਆਂ ਨੂੰ ਆਪ ਹੀ ਲਾਮਬੰਦ ਹੋ ਕੇ ਨਿੱਤ ਹੋ ਰਹੀਆਂ ਜ਼ਿਆਦਤੀਆਂ ਅਤੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਪਵੇਗੀ।

***

## ਔਰਤਾਂ ਵਿਰੁੱਧ ਜ਼ੁਰਮਾਂ

ਲਾਪਤਾ ਹੋਈਆਂ ਸਨ। ਇਸ ਸਮੇਂ ਦੌਰਾਨ ਮਹਾਰਾਸ਼ਟਰ ਵਿੱਚ 178400 ਔਰਤਾਂ ਅਤੇ 18 ਸਾਲ ਤੋਂ ਘੱਟ ਉਮਰ ਦੀਆਂ 13033 ਲੜਕੀਆਂ ਲਾਪਤਾ ਹੋਈਆਂ। ਜਦੋਂ ਕਿ ਮੱਧ ਪ੍ਰਧੇਸ਼ ਵਿੱਚ 160180 ਔਰਤਾਂ ਅਤੇ 18 ਸਾਲ ਤੋਂ ਘੱਟ ਉਮਰ ਦੀਆਂ 38234 ਲੜਕੀਆਂ ਲਾਪਤਾ ਹੋਈਆਂ। ਇਸੇ ਤਰ੍ਹਾਂ ਪੱਛਮੀ ਬੰਗਾਲ ਵਿੱਚ 156905 ਔਰਤਾਂ ਅਤੇ 18 ਸਾਲ ਤੋਂ ਘੱਟ ਉਮਰ ਦੀਆਂ 36606 ਲੜਕੀਆਂ ਇਸੇ ਸਮੇਂ ਦੌਰਾਨ ਲਾਪਤਾ ਹੋਈਆਂ। ਲਾਪਤਾ ਹੋਣ ਵਾਲੀਆਂ ਇਨ੍ਹਾਂ ਔਰਤਾਂ ’ਚ ਨਾਬਾਲਗ ਬੱਚੀਆਂ ਤੋਂ ਲੈ ਕੇ ਅਧੇੜ ਉਮਰ ਦੀਆਂ ਔਰਤਾਂ ਵੀ ਸ਼ਾਮਿਲ ਹਨ। ਇਨ੍ਹਾਂ ਤਿੰਨਾਂ ਸਾਲਾਂ ’ਚ ਪੰਜਾਬ ’ਚ 4772 ਨਾਬਾਲਗ ਬੱਚੀਆਂ ਅਤੇ 14138 ਬਾਲਗ ਔਰਤਾਂ ਲਾਪਤਾ ਹੋਈਆਂ। ਇਹ ਜਾਣਕਾਰੀ ਇੱਕ ਸਾਲ ਦੇ ਜਵਾਬ ਵਿੱਚ ਗ੍ਰਹਿ ਰਾਜ ਮੰਤਰੀ ਵੱਲੋਂ ਰਾਜ ਸਭਾ ਵਿੱਚ ਦਿੱਤੀ ਗਈ। ਔਰਤਾਂ ਦੇ ਲਾਪਤਾ ਹੋਣ ਪਿੱਛੇ ਗਰੀਬੀ, ਅਨਪੜ੍ਹਤਾ ਤੇ ਰੁਜ਼ਗਾਰ ਨਾ ਮਿਲਣਾ ਮੁੱਖ ਕਾਰਨ ਹੋ ਸਕਦੇ ਹਨ। ਬਹੁਤੇ ਸਾਰੇ ਦਲਾਲ ਗਰੀਬੀ ਦੀਆਂ ਸ਼ਿਕਾਰ ਔਰਤਾਂ ਤੇ ਲੜਕੀਆਂ ਨੂੰ ਰੁਜ਼ਗਾਰ ਦਾ ਝਾਸਾਂ ਦੇ ਕੇ ਲੈ ਜਾਂਦੇ ਹਨ, ਅੱਗੋਂ ਉਹਨਾਂ ਔਰਤਾਂ ਨੂੰ ਦੇਸ਼ ਵਿਚਲੇ ਦੇਹ ਵਪਾਰ ਦੇ ਅੱਡਿਆਂ ਦੇ ਹਵਾਲੇ ਕਰ ਦਿੰਦੇ ਹਨ। ਇਹ ਇੱਕ ਤਰ੍ਹਾਂ ਦਾ ਕਾਰੋਬਾਰ ਬਣ ਚੁੱਕਾ ਹੈ। ਜਿਸ ਨੇ ਸਮੁੱਚੇ ਦੇਸ਼ ਨੂੰ ਆਪਣੀ ਲਪੇਟ ’ਚ ਲਿਆ ਹੋਇਆਂ ਹੈ। ਇਸ ਨੂੰ ਰੋਕਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ।

ਔਰਤ ਅੱਜ ਆਰਥਿਕ ਤੌਰ ’ਤੇ ਆਜ਼ਾਦ ਹੋਣ ਜਾ ਰਹੀ ਹੈ। ਔਰਤ ਦੀ ਪ੍ਰਾਪਤੀ ਕਿਸੇ ਵੀ ਖੇਤਰ ਵਿੱਚ ਪੁਰਸ਼ਾਂ ਤੋਂ ਘੱਟ ਨਹੀਂ ਹੈ। ਔਰਤ ਵੱਡੇ ਤੋਂ ਵੱਡੇ ਫੈਸਲੇ ਆਪ ਲੈਣ ਦੇ ਸਮਰੱਥ ਹੋ ਗਈ ਹੈ। ਹੁਣ ਉਸ ਨੂੰ ਪਹਿਲਾਂ ਦੀ ਤਰ੍ਹਾਂ ਪੁਰਸ਼ ਦੇ ਮੋਢੇ ਦੀ ਲੋੜ ਨਹੀਂ ਰਹੀ। ਵਿਦੇਸ਼ ਜਾ ਕੇ ਵੱਸਣ ਦੀ ਸਹੂਲਤ ਨੇ ਔਰਤ ਦਾ ਆਪਣੀਆਂ ਸ਼ਰਤਾਂ ’ਤੇ ਜਿਊਣ ਦਾ ਰਸਤਾ ਖੋਲ੍ਹ ਦਿੱਤਾ ਹੈ। ਇਸ ਹਾਲਤ ’ਚ ਹੁਣ ਔਰਤ ਆਪਣੇ-ਆਪ ਨੂੰ ਪੁਰਸ਼ ਦੇ ਬਰਾਬਰ ਮੰਨਣ ਲੱਗੀ ਹੈ। ਔਰਤ ਨੂੰ ਔਰਤ ਦਾ ਸਾਥ ਇਕਮੁੱਠ ਹੋ ਕੇ ਦੇਣ ਦੀ ਲੋੜ ਹੈ। ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਸਮਾਜ ’ਚ ਔਰਤ ਦੇ ਮਾਣ ਸਨਮਾਨ ਨੂੰ ਬਣਾਈ ਰੱਖਣ ਲਈ ਇਮਾਨਦਾਰੀ ਨਾਲ ਕੰਮ ਕਰਦੇ ਹੋਏ ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ ਉਨ੍ਹਾਂ ਨੂੰ ਮਿਸਾਲੀ ਸਜ਼ਾ ਦਿਵਾਉਣ ਤਾਂ ਹੀ ਦੇਸ਼ ਅੰਦਰ ਪਨਪ ਰਹੇ ਸ਼ਰਾਰਤੀ ਅਨਸਰਾਂ ’ਤੇ ਕਾਬੂ ਪਾਇਆ ਜਾ ਸਕਦਾ ਹੈ। ਲੋਕਾਂ ਦਾ ਖਿਆਲ ਰੱਖਣਾ ਤੇ ਉਨ੍ਹਾਂ ਦੀ ਚਿੰਤਾ ਕਰਨੀ ਸਰਕਾਰ ਦਾ ਮੁੱਢਲਾ ਸਿਧਾਂਤ ਹੈ।

***

## ਐਗਜ਼ਿਟ ਪੋਲ ਦੀ ਭਰੋਸੇਯੋਗਤਾ ’ਤੇ

ਜਿੱਤ-ਹਾਰ ਦੀ ਭਵਿੱਖਬਾਣੀ ਉਹਨਾਂ ਅੰਕੜਿਆਂ ਦੇ ਗੁਣਾ ਅਤੇ ਭਾਗ ਦੇ ਆਧਾਰ ’ਤੇ ਕੀਤੀ ਜਾਂਦੀ ਹੈ। ਇਸ ਆਧਾਰ ’ਤੇ ਕਰਵਾਏ ਗਏ ਸਰਵੇਖਣ ਤੋਂ ਪ੍ਰਾਪਤ ਵਿਆਪਕ ਨਤੀਜਿਆਂ ਨੂੰ ‘ਐਗਜ਼ਿਟ ਪੋਲ’ ਕਿਹਾ ਜਾਂਦਾ ਹੈ ਕਿਉਂਕਿ ਇਸ ਕਿਸਮ ਦੇ ਸਰਵੇਖਣ ਵੋਟਰਾਂ ਦੀ ਇੱਕ ਨਿਸ਼ਚਿਤ ਗਿਣਤੀ ਤੱਕ ਸੀਮਿਤ ਹੁੰਦੇ ਹਨ, ਇਸ ਲਈ ਐਗਜ਼ਿਟ ਪੋਲ ਅਨੁਮਾਨ ਹਮੇਸ਼ਾ ਸਹੀ ਸਾਬਤ ਨਹੀਂ ਹੁੰਦੇ। ਐਗਜ਼ਿਟ ਪੋਲ ਅਸਲ ਵਿੱਚ ਵੋਟਰਾਂ ਦੇ ਝੁਕਾਅ ਤੋਂ ਇਲਾਵਾ ਕੁਝ ਵੀ ਨਹੀਂ ਹਨ, ਜਿਸ ਰਾਹੀਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਨਤੀਜਿਆਂ ਦਾ ਝੁਕਾਅ ਕਿਸ ਪਾਸੇ ਹੋ ਸਕਦਾ ਹੈ। ਐਗਜ਼ਿਟ ਪੋਲ ਦੇ ਦਾਅਵਿਆਂ ਨੂੰ ਬਹੁਤਾ ਵਿਗਿਆਨਕ ਆਧਾਰ ਨਹੀਂ ਮੰਨਿਆ ਜਾਂਦਾ ਕਿਉਂਕਿ ਇਹ ਕੁਝ ਹਜ਼ਾਰ ਲੋਕਾਂ ਨਾਲ ਗੱਲ ਕਰਕੇ ਹੀ ਤਿਆਰ ਕੀਤੇ ਜਾਂਦੇ ਹਨ। ਅਸਲ ਵਿੱਚ, ਇਹ ਸਿਰਫ਼ ਅਨੁਮਾਨਿਤ ਅੰਕੜੇ ਹਨ ਅਤੇ ਇਹ ਜ਼ਰੂਰੀ ਨਹੀਂ ਹੈ ਕਿ ਵੋਟਰ ਨੇ ਸਰਵੇਖਣਕਰਤਾਵਾਂ ਨੂੰ ਉਹੀ ਦੱਸਿਆ ਹੋਵੇ ਜੋ ਉਸਨੇ ਮਹਿਸੂਸ ਕੀਤਾ ਸੀ। ਇਹੀ ਕਾਰਨ ਹੈ ਕਿ ਐਗਜ਼ਿਟ ਪੋਲ ਦੀ ਭਰੋਸੇਯੋਗਤਾ ’ਤੇ ਅਕਸਰ ਸਵਾਲ ਉੱਠਦੇ ਰਹੇ ਹਨ।

***

## ਭਾਰਤ ਦੇ ਲੋਕਤੰਤਰ ਲਈ

ਹਾਲਾਂ ਕਿ, ਵੱਖ-ਵੱਖ ਰਾਜਨੀਤਿਕ ਪਾਰਟੀਆਂ, ਖਾਸ ਕਰਕੇ ਖੇਤਰੀ ਪਾਰਟੀਆਂ ਵਿਚਕਾਰ ਇੱਕੋ ਸਮੇਂ ਚੋਣਾਂ ਕਰਵਾਉਣ ’ਤੇ ਰਾਜਨੀਤਿਕ ਸਹਿਮਤੀ ਪ੍ਰਾਪਤ ਕਰਨਾ ਆਪਣੇ ਆਪ ਵਿੱਚ ਇੱਕ ਕਾਨੂੰਨੀ ਅਤੇ ਰਾਜਨੀਤਿਕ ਚੁਣੌਤੀ ਹੈ। ਇਸ ਲਈ ਦੇਸ਼ ਵਿੱਚ ਇੱਕੋ ਸਮੇਂ ਚੋਣਾਂ ਕਰਵਾਉਣ ਦੇ ਪ੍ਰਸਤਾਵ ’ਤੇ ਰਾਸ਼ਟਰੀ ਰਾਜਨੀਤਿਕ ਪਾਰਟੀਆਂ, ਭਾਰਤੀ ਚੋਣ ਕਮਿਸ਼ਨ, ਨੌਕਰਸ਼ਾਹਾਂ, ਸਿੱਖਿਆ ਸ਼ਾਸਤਰੀਆਂ ਅਤੇ ਮਾਹਿਰਾਂ ਸਮੇਤ ਹਿੱਸੇਦਾਰਾਂ ਦੇ ਵਿਚਾਰਾਂ ਨੂੰ ਇਕਸੁਰ ਕਰਨ ਦੀ ਲੋੜ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ ਹਰ ਸਮੇਂ ਚੋਣ ਚੱਕਰ ਵਿੱਚ ਘਿਰਿਆ ਨਜ਼ਰ ਆ ਰਿਹਾ ਹੈ।

***

## ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ

ਜਨਰਲ ਅਗਸਤੋ-ਪਿਨੋਸ਼ੇ ਨੂੰ ਗ੍ਰਿਫ਼ਤਾਰ ਕੀਤਾ, ਉਵੇਂ ਹੀ ਇਹਨਾਂ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ, ਪਰ ਅਫਸੋਸ ਕਿ ਮਾਨਵੀ ਹੱਕਾਂ ਦੇ ਅਪਰਾਧੀਆਂ ਨੂੰ ਭਾਰਤੀ ਕਾਨੂੰਨ ਨੇ ਸਜ਼ਾਵਾਂ ਨਾ ਦਿੱਤੀਆਂ, ਬਲਕਿ ਉਹ ਕੁਦਰਤੀ ਮੌਤ ਮਰੇ। ਸ਼ਰਮਨਾਕ ਗੱਲ ਇਹ ਹੈ ਕਿ ਪੰਜਾਬ ਤੇ ਭਾਰਤ ਦੇ ਹਾਕਮਾਂ ਸਮੇਤ ਖੱਬੇ ਪੱਖੀ ਪਾਰਟੀਆਂ ਨੇ ਵੀ ਬੁਚੜਾਂ ਦੀ ਮੌਤ ’ਤੇ ਕਸੀਦੇ ਪੜ੍ਹੇ ਤੇ ਮਨੁੱਖੀ ਹੱਕਾਂ ਦੇ ਸਿਧਾਂਤਾਂ ਨੂੰ ਕਲੰਕਤ ਕੀਤਾ।

ਅੱਜ ਦੀ ਤਾਜ਼ਾ ਸਥਿਤੀ ਦੀ ਗੱਲ ਕਰੀਏ ਤਾਂ ਪਾਣੀ ਸਿਰ ਤੋਂ ਲੰਘਿਆ ਜਾਪਦਾ ਹੈ। ਵਿਦੇਸ਼ਾਂ ਦੀ ਧਰਤੀ ’ਤੇ ਭਾਰਤੀ ਹੁਕਮਰਾਨਾਂ ਵੱਲੋਂ ਸਿੱਖਾਂ ’ਤੇ ਹੋ ਰਹੇ ਹਮਲਿਆਂ ਦੀ ਕਹਾਣੀ ਟਾਈਮ ਮੈਗਜ਼ੀਨ ਵਰਗੇ ਕੌਮਾਂਤਰੀ ਰਸਾਲੇ ਬਿਆਨ ਕਰ ਰਹੇ ਹਨ। ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਲਈ ਇੰਡੀਅਨ ਏਜੰਟਾਂ ਵੱਲੋਂ ਸਿਰਜੇ ਬਿਰਤਾਂਤ ਦੀ ਗੱਲ ਕਰੀਏ ਤਾਂ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿੱਚ ਭਾਰਤ ਦੀ ਸ਼ਰਮਨਾਕ ਭੂਮਿਕਾ ਨਜ਼ਰ ਆਉਂਦੀ ਹੈ। ਵੱਖਰੇ ਸਿਆਸੀ ਖਿਆਲਾਂ ਵਾਲੇ ਵਿਅਕਤੀਆਂ ਨੂੰ ਵਿਦੇਸ਼ਾਂ ਦੀ ਧਰਤੀ ’ਤੇ ਕਤਲ ਕਰਵਾਉਣਾ ਕਿਹੋ ਜਿਹੀ ਲੋਕ ਰਾਜ ਦੀ ਤਸਵੀਰ ਪੇਸ਼ ਕਰਦਾ ਹੈ, ਇਹ ਅੱਜ ਜੱਗ ਜ਼ਾਹਿਰ ਹੋ ਚੁੱਕਿਆ ਹੈ।ਸਿੱਖੀ ਵਿੱਚ ਨੌਵੇਂ ਗੁਰੂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਨੇ “ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ” ਦੇ ਅਨੁਸਾਰ ਨਾ ਡਰ ਦੇਣ ਤੇ ਨਾ ਡਰ ਸਹਿਣ ਦਾ ਸਿਧਾਂਤ ਦਿੱਤਾ ਹੈ। ਅੱਜ ਕੌਮਾਂਤਰੀ ਪੱਧਰ ’ਤੇ ਜੇਕਰ ਯੂ.ਐਨ.ਓ. ਲਈ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਢੁਕਵੀ ਮਿਸ਼ਨ ਸਟੇਟਮੈਂਟ ਹੋ ਸਕਦੀ ਹੈ, ਤਾਂ ਉਹ ਇਹੀ ਹੈ। ਇਸ ਸਿਧਾਂਤ ਦੀ ਦੇਣ ਗੁਰੂ ਸਾਹਿਬ ਨੇ ਸਾਢੇ ਚਾਰ ਸਦੀਆਂ ਪਹਿਲਾਂ ਦਿੱਤੀ। ਅੱਜ ਇਸ ਨੂੰ ਮੁਕੰਮਲ ਰੂਪ ਵਿੱਚ ਅਪਨਾਉਣ ਦੀ ਲੋੜ ਹੈ। ਅਜੋਕੇ ਸਮੇਂ ਪੂਰੇ ਸੰਸਾਰ ਵਿੱਚ ਮਨੁੱਖੀ ਹੱਕਾਂ ਦੀ ਜਾਗਰੂਕਤਾ, ਕ੍ਰਾਂਤੀਕਾਰੀ ਸ਼ਕਲ ਅਖਤਿਆਰ ਕਰ ਰਹੀ ਹੈ। ਪ੍ਰਸਿੱਧ ਚਿੰਤਕ ਰੂਸੋ ਦੇ ਵਿਚਾਰ ਅਨੁਸਾਰ ਮਨੁੱਖ ਨੂੰ, ਮੁੱਢਲੇ ਅਧਿਕਾਰਾਂ ਸਹਿਤ ਸੁਤੰਤਰ ਜਿਉਣ ਦਾ ਹੱਕ ਹਾਸਿਲ ਹੋਣਾ ਲਾਜ਼ਮੀ ਹੈ। ਮਨੁੱਖ ਨੂੰ ਮੂਲ ਅਧਿਕਾਰਾਂ ਤੋਂ ਸਖਣਾ ਰੱਖਣਾ ਬਗ਼ਾਵਤ ਨੂੰ ਜਨਮ ਦੇਣਾ ਹੈ ਤੇ ਅਜਿਹੀ ਸਥਿਤੀ ਵਿੱਚ ਅਧਿਕਾਰ ਮੰਗਣ ਦੀ ਥਾਂ, ਖੋਹਣ ਦੀ ਭਾਵਨਾ ਜਾਗ ਉਠਦੀ ਹੈ।

***

## ਸੰਤ ਸੀਚੇਵਾਲ ਨੇ ਵਾਹਗਾ ਬਾਰਡਰ ਖੋਲ੍ਹਣ

ਇਸ ਦਾ ਲਾਭ ਕਿਸਾਨਾਂ ਨੂੰ ਮਿਲ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਰੇਕ ਸਾਲ 23 ਫਸਲਾਂ ’ਤੇ ਐੱਮਐੱਸਪੀ ਐਲਾਨਦੀ ਹੈ ਪਰ ਕਣਕ ਤੇ ਝੋਨੇ ਨੂੰ ਛੱਡ ਕੇ ਕਿਸਾਨਾਂ ਦੀਆਂ ਬਾਕੀ ਫਸਲਾਂ ਐੱਮਐੱਸਪੀ ’ਤੇ ਨਹੀਂ ਖਰੀਦੀਆਂ ਜਾਂਦੀਆਂ। ਮੱਕੀ ਦਾ ਭਾਅ ਸਰਕਾਰ ਨੇ 1962 ਰੁਪਏ ਐਲਾਨਿਆ ਸੀ ਪਰ ਕਿਸਾਨਾਂ ਕੋਲੋਂ ਮੱਕੀ 800 ਤੋਂ ਲੈ ਕੇ 1200 ਰੁਪਏ ਕੁਇੰਟਲ ਤੱਕ ਹੀ ਖਰੀਦੀ ਜਾ ਰਹੀ ਸੀ। ਉਨ੍ਹਾਂ ਕੇਂਦਰ ਸਰਕਾਰ ਤੋਂ ਵਾਹਗਾ ਬਾਰਡਰ ਖੋਲ੍ਹਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਬਾਰਡਰ ਰਾਹੀਂ ਵਪਾਰ ਹੋਣ ਨਾਲ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਲਾਭ ਮਿਲੇਗਾ।

***

## ਮੋਦੀ ਸਰਕਾਰ ਭਗਵੇਂ ਏਜੰਡਿਆਂ

ਰਮਾਇਣ ਦੀ ਹੀ ਵਕਾਲਤ ਕਰਦੇ ਹਨ, ਜੋ ਉਨ੍ਹਾਂ ਦੀ ਸਨਾਤਨੀ ਵਿਚਾਰਧਾਰਾ ਨੂੰ ਮਜ਼ਬੂਤ ਕਰਦੀ ਹੈ।

ਹੁਣ ਇਹ ਵੀ ਹੁਕਮ ਜਾਰੀ ਹੋ ਗਿਆ ਹੈ ਕਿ ‘ਇੰਡੀਆ’ ਸ਼ਬਦ ਦੀ ਥਾਂ ਉਤੇ ਭਾਰਤ ਲਿਖਿਆ ਜਾਵੇ। ਇਸ ਲਈ ਇਹ ਕਿਹਾ ਜਾ ਰਿਹਾ ਹੈ ਕਿ ਇੰਡੀਆ ਨਾਂਅ ਅੰਗਰੇਜ਼ਾਂ ਨੇ ਦਿੱਤਾ ਸੀ, ਇਸ ਲਈ ਇਹ ਗੁਲਾਮੀ ਦਾ ਪ੍ਰਤੀਕ ਹੈ। ਹਾਲਾਂਕਿ ਸੱਚਾਈ ਇਹ ਹੈ ਕਿ ਅੰਗਰੇਜ਼ਾਂ ਤੋਂ ਪਹਿਲਾਂ ਵੀ ਭਾਰਤ ਨੂੰ ਇੰਡੀਆ ਨਾਲ ਮਿਲਦੇ-ਜੁਲਦੇ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਈਸਾ ਪੂਰਬ 303 ਵਿੱਚ ਮੈਗਜਥਨੀਜ਼ ਨੇ ਇਸ ਦੇਸ਼ ਨੂੰ ਇੰਡਿਕਾ ਕਿਹਾ ਸੀ।

ਸਿੱਖਿਆ ਖੇਤਰ ਨਾਲ ਜੁੜੀਆਂ ਯੂ. ਜੀ. ਸੀ. ਤੇ ਐੱਨ. ਸੀ. ਈ. ਆਰ. ਟੀ. ਦਾ ਇੱਕੋ ਏਜੰਡਾ ਹੈ ਹਿੰਦੂ ਰਾਸ਼ਟਰਵਾਦ। ਇਨ੍ਹਾਂ ਸੰਸਥਾਵਾਂ ਵਿੱਚ ਬੈਠੇ ਸੰਘੀ ਅਗਿਆਨੀਆਂ ਦਾ ਇੱਕੋ-ਇੱਕ ਕੰਮ ਸਮੁੱਚੇ ਇਤਿਹਾਸ ਨੂੰ ਬਦਲ ਕੇ ਅਜਿਹੇ ਗੈਰ-ਵਿਗਿਆਨਕ ਤੇ ਅੰਧ-ਵਿਸ਼ਵਾਸੀ ਸਮਾਜ ਦੀ ਸਿਰਜਣਾ ਹੈ, ਜਿਹੜਾ ਸੋਚਣ ਤੋਂ ਅਸਮਰੱਥ ਹੋ ਜਾਵੇ।

***

## ਕਾਂਗਰਸ ਸਿੱਧੂ ਮੂਸੇਵਾਲਾ ਦੇ ਪਿਤਾ ਨੂੰ

ਬਲਕੌਰ ਸਿੰਘ ਨੇ ਹਰ ਐਤਵਾਰ ਨੂੰ ਆਪਣੇ ਘਰ ਵਿੱਚ ਲੋਕਾਂ ਨੂੰ ਸੰਬੋਧਨ ਕਰਦੇ ਹਨ। ਇਸ ਦੌਰਾਨ ਉਹ ਆਪਣੇ ਪੁੱਤਰ ਦੇ ਲਈ ਇਨਸਾਫ਼ ਅਤੇ ਸੂਬੇ ਵਿੱਚ ਹੋਣ ਵਾਲੀਆਂ ਹੋਰ ਸਰਗਰਮੀਆਂ ‘ਤੇ ਆਪਣੀ ਰਾਇ ਵੀ ਖੁੱਲ ਕੇ ਰੱਖਦੇ ਹਨ। ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਵੀ ਕਾਂਗਰਸ ਪਾਰਟੀ ਤੋਂ ਸਰਪੰਚ ਚੋਣ ਲੜ ਚੁੱਕੀ ਹਨ ਅਤੇ ਉਨ੍ਹਾਂ ਨੇ ਜਿੱਤ ਵੀ ਹਾਸਲ ਕੀਤੀ ਸੀ। ਸਿੱਧੂ ਮੂਸੇਵਾਲਾ ਦੀ ਮੌਤ ਦਾ ਸੰਗਰੂਰ ਜ਼ਿਮਨੀ ਚੋਣ ਵਿੱਚ ਵੱਡਾ ਅਸਰ ਵੇਖਣ ਨੂੰ ਮਿਲਿਆ ਸੀ।

ਪਰ ਵੱਡਾ ਸਵਾਲ ਇਹ ਹੈ ਕਿ ਬਲਕੌਰ ਸਿੰਘ ਲੋਕਸਭਾ ਚੋਣਾਂ ਲਈ ਕਾਂਗਰਸ ਨੂੰ ਹੀ ਚੁਣਨਗੇ ਜਾਂ ਫਿਰ ਕਿਸੇ ਹੋਰ ਪਾਰਟੀ ਨੂੰ। ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿੱਚ ਵੀ ਬਲਕੌਰ ਸਿੰਘ ਨਜ਼ਰ ਆਏ ਸਨ। ਇਸ ਤੋਂ ਇਲਾਵਾ ਯੂਪੀ ਦੇ ਮੁੱਖ ਮੰਤਰੀ ਯੋਗੀ ਦੀ ਉਹ ਕਾਫੀ ਤਾਰੀਫ਼ ਕਰ ਚੁੱਕੇ ਹਨ ਜਿਸ ਤਰ੍ਹਾਂ ਗੈਂਗਸਟਰਾਂ ਖਿਲਾਫ਼ ਉਨ੍ਹਾਂ ਦੀ ਸਰਕਾਰ ਦਾ ਸਟੈਂਡ ਰਿਹਾ ਹੈ। ਜੇਕਰ ਮੂਸੇਵਾਲਾ ਦੇ ਪਿਤਾ ਚੋਣ ਮੈਦਾਨ ਵਿੱਚ ਉਤਰਦੇ ਹਨ ਤਾਂ ਪੰਜਾਬ ਦੀਆਂ 12 ਲੋਕਸਭਾ ਸੀਟਾਂ ਇੱਕ ਪਾਸੇ ਹੋਣਗੀਆਂ ਜਦਕਿ ਉਨ੍ਹਾਂ ਦਾ ਸੀਟ ਸਭ ਤੋਂ ਹਾਈ ਪ੍ਰੋਫਾਈਲ ਸੀਟ ਬਣ ਜਾਵੇਗੀ। ਲੋਕਸਭਾ ਚੋਣਾਂ ਨੂੰ ਹੁਣ ਸਿਰਫ਼ 4 ਮਹੀਨੇ ਹੀ ਬਚੇ ਹਨ। ਅਜਿਹੇ ਵਿੱਚ ਰਾਜਾ ਵੜਿੰਗ ਦਾ ਬਲਕੌਰ ਸਿੰਘ ਦੀ ਚੋਣ ਨੂੰ ਲੈਕੇ ਆਏ ਇਸ ਬਿਆਨ ਦੇ ਕਾਫੀ ਅਹਿਮ ਮਾਇਨੇ ਹਨ।

**

## ਨਾਵਲ ‘ਮੌਤ ਦਾ ਰੇਗਿਸਤਾਨ’ ਦੇ ਲਿਖਾਰੀ

ਉਹਨਾਂ ਕਿਹਾ ਕਿ ਭਾਈ ਸਾਹਿਬ ਦੇ 151ਵੇਂ ਜਨਮ ਦਿਨ ’ਤੇ ਭਾਈ ਚਰਨਜੀਤ ਸਿੰਘ ਸੁੱਜੋਂ ਦਾ ਸਨਮਾਨ ਹੋਣਾ ਚੰਗੀ ਗੱਲ ਹੈ।

ਇਸ ਗੈਰ-ਰਸਮੀ ਅਤੇ ਨਿੱਘੀ ਮਿਲਣੀ ਵਿੱਚ ਵਿਚਾਰ ਸਾਂਝੇ ਕਰਨ ਵਾਲਿਆਂ ਵਿੱਚ ਪੰਜਾਬੀ ਪੱਤਰਕਾਰ ਗੁਰਪ੍ਰੀਤ ਸਿੰਘ ਸਹੋਤਾ, ਪੰਜਾਬੀ ਲਿਖਾਰੀ ਕੁਲਵੀਰ ਸਿੰਘ ਸਹੋਤਾ ਡਾਨਸੀਵਾਲ, ਸਿੱਖੀ ਵਿਰਸੇ ਅਤੇ ਇਤਿਹਾਸ ਦੇ ਸਰੋਤਾਂ ਦੀ ਸੰਭਾਲ ਕਰਨ ਵਾਲੇ ਰਾਜ ਸਿੰਘ ਭੰਡਾਲ, ਮਨਪ੍ਰੀਤ ਸਿੰਘ, ਤਜਿੰਦਰ ਪਾਲ ਸਿੰਘ, ਗੁਰਮੁਖ ਸਿੰਘ, ਸਤਵੰਤ ਸਿੰਘ ਤਲਵੰਡੀ, ਗਗਨਦੀਪ ਸਿੰਘ, ਪਾਲਾ ਸਿੰਘ ਅਤੇ ਇੰਜੀਨੀਅਰ ਸਤਵੰਤ ਸਿੰਘ ਸ਼ਾਮਿਲ ਹੋਏ। ਇਸ ਮੌਕੇ ’ਤੇ ਸਾਂਝੇ ਰੂਪ ਵਿੱਚ ਰਾਜ ਸਿੰਘ ਭੰਡਾਲ ਅਤੇ ਸਮੂਹ ਸਿੰਘਾਂ ਨੇ ਭਾਈ ਚਰਨਜੀਤ ਸਿੰਘ ਸੁੱਜੋਂ ਨੂੰ ਸਨਮਾਨ ਚਿੰਨ ਦੇ ਕੇ ਸਤਿਕਾਰਿਆ ਅਤੇ ਨਿੱਘੀ ਵਿਦਾਇਗੀ ਦਿੱਤੀ। ਇਹ ਇਕੱਤਰਤਾ ਬਹੁਤ ਹੀ ਭਾਵਪੂਰਤ ਅਤੇ ਉਤਸ਼ਾਹਜਨਕ ਰਹੀ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com